ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 199| 29 October to 4 November, 2025 | Ph.: (510) 240-5949 | Email: asrtimes@gmail.com

# ਅਮਰੀਕਾ-ਕੈਨੇਡਾ ਤੋਂ ਭਾਰਤੀ ਵਿਦਿਆਰਥੀਆਂ ਦਾ ਹੋਇਆ ਮੋਹ ਭੰਗ

## ਜਰਮਨੀ-ਦੁਬਈ ਵੱਲ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਵਧਿਆ !

## 44 ਪ੍ਰਤੀਸ਼ਤ ਗਿਰਾਵਟ ਨਾਲ ਭਾਰਤੀ ਯੁਵਾ ਨੇ ਕੈਨੇਡਾ ਤੋਂ ਮੂੰਹ ਮੋੜਿਆ

## ਟਰੰਪ ਦੀ ਸਖ਼ਤੀ ਨੇ ਭਾਰਤੀਆਂ ਨੂੰ ਅਮਰੀਕਾ ਤੋਂ ਕੀਤਾ ਦੂਰ, ਆਇਰਲੈਂਡ-ਸਾਈਪ੍ਰਸ ਵੱਲ ਵਧਿਆ ਰੁਝਾਨ !





ਪਿਛਲੇ ਕੁਝ ਸਾਲਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ ਪੜ੍ਹਾਈ ਦਾ ਨਕਸ਼ਾ ਬਦਲ ਗਿਆ ਹੈ। ਪਹਿਲਾਂ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ ਵਿਦਿਆਰਥੀਆਂ ਦੀ ਪਹਿਲੀ ਪਸੰਦ ਸਨ, ਪਰ ਹੁਣ ਉੱਥੇ ਜਾਣ ਵਾਲਿਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆ ਗਈ ਹੈ। ਨਵੇਂ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ 44 ਫੀਸਦੀ ਅਤੇ ਕੈਨੇਡਾ ਵਿੱਚ 32 ਫੀਸਦੀ ਘੱਟ ਭਾਰਤੀ ਵਿਦਿਆਰਥੀ ਪਹੁੰਚੇ ਹਨ। ਇਸ ਦੀ ਬਜਾਏ ਜਰਮਨੀ, ਆਇਰਲੈਂਡ, ਦੁਬਈ, ਨਿਊਜ਼ੀਲੈਂਡ, ਸਾਈਪ੍ਰਸ ਅਤੇ ਯੂ.ਕੇ. ਵਰਗੇ ਦੇਸ਼ਾਂ ਵੱਲ ਵਿਦਿਆਰਥੀਆਂ ਦਾ ਰੁਝਾਣ ਵਧ ਰਿਹਾ ਹੈ। ਕਈ ਦੇਸ਼ ਇਸ ਮੌਕੇ ਦਾ ਫਾਇਦਾ ਉਠਾ ਰਹੇ ਹਨ ਅਤੇ ਆਪਣੇ ਵੀਜ਼ਾ ਨਿਯਮ ਢਿੱਲੇ ਕਰਕੇ ਭਾਰਤੀ ਯੁਵਾਵਾਂ ਨੂੰ ਬੁਲਾ ਰਹੇ ਹਨ। ਇਹ ਬਦਲਾਅ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਭਾਰਤੀ ਅਰਥਵਿਵਸਥਾ ਵਿੱਚ ਵੀ ਗਿਰਾਵਟ ਲਿਆ ਰਿਹਾ ਹੈ।


### ਵਿਦੇਸ਼ ਪੜ੍ਹਾਈ ਲਈ ਰੀਮਟੈਂਸ ਵਿੱਚ ਭਾਰੀ ਕਮੀ

ਹਾਲੀਆ ਰਿਪੋਰਟਾਂ ਅਨੁਸਾਰ, ਭਾਰਤੀ ਵਿਦਿਆਰਥੀ ਵਿਦੇਸ਼ ਪੜ੍ਹਾਈ ਲਈ ਭੇਜੇ ਜਾਣ ਵਾਲੇ ਪੈਸਿਆਂ ਵਿੱਚ ਪਿਛਲੇ ਪੰਜ ਸਾਲਾਂ ਦੀ ਸਭ ਤੋਂ ਵੱਡੀ ਗਿਰਾਵਟ ਆਈ ਹੈ। ਇਸ ਸਾਲ ਜੂਨ ਵਿੱਚ ਸਿਰਫ਼ 14 ਕਰੋੜ ਡਾਲਰ ਭੇਜੇ ਗਏ, ਜਦਕਿ ਸਤੰਬਰ 2021 ਵਿੱਚ ਇਹ ਅੰਕੜਾ 72 ਕਰੋੜ ਡਾਲਰ ਸੀ। ਇਹ ਗਿਰਾਵਟ ਅਮਰੀਕਾ ਅਤੇ ਕੈਨੇਡਾ ਵਿੱਚ ਸਭ ਤੋਂ ਵੱਧ ਦਿਖਾਈ ਦੇ ਰਹੀ ਹੈ। ਅਮਰੀਕਾ ਵਿੱਚ ਸਿੱਖਿਆ ਨਾਲ ਜੁੜੇ ਫੰਡ ਟਰਾਂਸਫਰ ਵਿੱਚ 30 ਫੀਸਦੀ ਦੀ ਕਮੀ ਆ ਗਈ ਹੈ। ਪਿਛਲੇ ਸਾਲ ਦੀ ਤੁਲਨਾ ਵਿੱਚ ਇਸ ਵਰ੍ਹੇ 44 ਫੀਸਦੀ ਘੱਟ ਭਾਰਤੀ ਵਿਦਿਆਰਥੀ ਅਮਰੀਕਾ ਗਏ ਹਨ, ਜੋ ਕੋਵਿਡ ਮਹਾਮਾਰੀ ਤੋਂ ਬਾਅਦ ਸਭ ਤੋਂ ਘੱਟ ਹੈ। ਇਸੇ ਤਰ੍ਹਾਂ, ਆਸਟ੍ਰੇਲੀਆ ਵਿੱਚ ਵੀ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ।

ਵਿਦੇਸ਼ੀ ਸਿੱਖਿਆ ਮਾਹਿਰਾਂ ਅਨੁਸਾਰ, ਇਹ ਗਿਰਾਵਟ ਵੀਜ਼ਾ ਨਿਯਮਾਂ ਦੀ ਸਖਤੀ, ਖਰਚੇ ਵਧਣ ਅਤੇ ਨੌਕਰੀਆਂ ਦੇ ਘੱਟ ਮੌਕਿਆਂ ਕਾਰਨ ਹੈ। ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਵਿੱਚ ਲੱਖਾਂ ਪਰਿਵਾਰ ਵਿਦੇਸ਼ ਪੜ੍ਹਾਈ ਨੂੰ ਨੌਕਰੀ ਅਤੇ ਵਸੇਬੇ ਦਾ ਰਾਹ ਮੰਨਦੇ ਸਨ, ਪਰ ਹੁਣ ਉਹ ਨਵੇਂ ਬਦਲ ਲੱਭ ਰਹੇ ਹਨ। ਬਰਨਾਲਾ ਦੇ ਸ਼ਿਵ ਸ਼ਕਤੀ ਟ੍ਰੇਡਮਾਰਟ ਵਰਗੀਆਂ ਕੰਪਨੀਆਂ, ਜੋ ਪਿਛਲੇ 15 ਸਾਲਾਂ ਤੋਂ ਵਿਦਿਆਰਥੀਆਂ ਨੂੰ ਵਿਦੇਸ਼ ਭੇਜ ਰਹੀਆਂ ਹਨ, ਦੇ ਨਿਰਦੇਸ਼ਕ ਅਰੁਣ ਕੁਮਾਰ ਕਹਿੰਦੇ ਹਨ, ‘ਪਹਿਲਾਂ ਅਮਰੀਕਾ-ਕੈਨੇਡਾ ਜਾਣ ਵਾਲੇ 80 ਫੀਸਦੀ ਵਿਦਿਆਰਥੀ ਸਨ, ਹੁਣ ਇਹ ਅੰਕੜਾ 20 ਫੀਸਦੀ ਤੱਕ ਘਟ ਗਿਆ ਹੈ। ਬਾਕੀ ਜਰਮਨੀ ਅਤੇ ਆਇਰਲੈਂਡ ਵੱਲ ਵਧ ਰਹੇ ਹਨ।’

### ਕੈਨੇਡਾ ਵਿੱਚ ਕਿਉਂ ਘਟੇ ਭਾਰਤੀ ਵਿਦਿਆਰਥੀ ?

ਕੈਨੇਡਾ, ਜੋ ਪਹਿਲਾਂ ਭਾਰਤੀ ਵਿਦਿਆਰਥੀਆਂ ਦੀ ਸਭ ਤੋਂ ਪਸੰਦੀਦਾ ਥਾਂ ਸੀ, ਹੁਣ ਪਹਿਲੀ ਪਸੰਦ ਨਹੀਂ ਰਿਹਾ। 2023 ਵਿੱਚ ਕੈਨੇਡਾ ਨੇ 2,78,045 ਸਟੱਡੀ ਪਰਮਿਟ ਜਾਰੀ ਕੀਤੇ ਸਨ, ਪਰ 2024 ਵਿੱਚ ਇਹ ਗਿਣਤੀ 1,88,465 ਰਹਿ ਗਈ – ਯਾਨੀ 32.3 ਫੀਸਦੀ ਘੱਟ। ਇਸ ਸਾਲ ਦੇ ਪਹਿਲਾਂ ਸੱਤ ਮਹੀਨਿਆਂ ਵਿੱਚ ਸਿਰਫ਼ 52765 ਪਰਮਿਟ ਜਾਰੀ ਹੋਏ, ਜੋ ਪਿਛਲੇ ਸਾਲ ਦੇ ਇਸੇ ਪੀਰੀਅਡ ਨਾਲੋਂ ਅੱਧੇ ਹਨ।



ਕੈਨੇਡਾ ਨੇ ਆਪਣੀ ਪਾਲਿਸੀ ਬਦਲ ਦਿੱਤੀ ਹੈ। ਪਹਿਲਾਂ ਗਿਣਤੀ ’ਤੇ ਜ਼ੋਰ ਸੀ, ਹੁਣ ਸਿਰਫ਼ ਯੋਗ ਅਤੇ ਕੁਸ਼ਲ ਵਿਦਿਆਰਥੀਆਂ ਨੂੰ ਬੁਲਾਇਆ ਜਾ ਰਿਹਾ ਹੈ। ਨਵੇਂ ਨਿਯਮਾਂ ਅਨੁਸਾਰ, ਵਿਦਿਆਰਥੀ ਦੀ ਪਿਛਲੀ ਪੜ੍ਹਾਈ ਕੈਰੀਅਰ ਨਾਲ ਜੁੜੀ ਹੋਣੀ ਚਾਹੀਦੀ ਹੈ। ਬੈਂਕ ਅਕਾਊਂਟ ਦੇ ਨਿਯਮ ਸਖ਼ਤ ਹੋ ਗਏ ਹਨ, ਅੰਗਰੇਜ਼ੀ ਪ੍ਰੋਫ਼ਿਸ਼ੀਐਂਸੀ ਟੈਸਟ ਵਿੱਚ ਵਧੀਆ ਅੰਕ ਜ਼ਰੂਰੀ ਹਨ ਅਤੇ ਖਰਚਾ ਦੁੱਗਣਾ ਹੋ ਗਿਆ ਹੈ। ਪਹਿਲਾਂ 10-12 ਲੱਖ ਰੁਪਏ ਵਿੱਚ ਪੜ੍ਹਾਈ ਹੋ ਜਾਂਦੀ ਸੀ, ਹੁਣ ਘੱਟੋ-ਘੱਟ 20-24 ਲੱਖ ਚਾਹੀਦੇ ਹਨ।

ਕੈਨੇਡਾ ਦੀ ਅਰਥਵਿਵਸਥਾ ਮੰਦੀ ਦਾ ਸ਼ਿਕਾਰ ਹੈ – ਅਪ੍ਰੈਲ 2025 ਵਿੱਚ ਮਹਿੰਗਾਈ 2.6 ਫੀਸਦੀ ਸੀ, ਜੋ 2026 ਵਿੱਚ 3.5ਫੀਸਦੀ ਤੱਕ ਪਹੁੰਚਣ ਸਕਦੀ ਹੈ। ਕੈਨੇਡਾ ਵਿੱਚ ਬੇਰੁਜ਼ਗਾਰੀ ਵਧੀ, ਨੌਕਰੀਆਂ ਘੱਟ ਹੋਈਆਂ ਹਨ ਅਤੇ ਪੋਸਟ-ਸਟੱਡੀ ਵੀਜ਼ਾ ਵੀ ਕੱਟੇ ਗਏ ਹਨ। ਪੰਜਾਬੀ ਪਰਿਵਾਰਾਂ ਵਿੱਚ ਪਹਿਲਾਂ ਕਿਹਾ ਜਾਂਦਾ ਸੀ, ‘ਬੱਚਾ ਪੜ੍ਹਨ ਜਾਵੇਗਾ ਤਾਂ ਦੋ ਪੈਸੇ ਵੀ ਕਮਾ ਲਵੇਗਾ,’ ਪਰ ਹੁਣ ਇਹ ਸੁਪਨਾ ਟੁੱਟ ਰਿਹਾ ਹੈ।

### ਅਮਰੀਕਾ ਵਿੱਚ ਟ੍ਰੰਪ ਦੀ ਪਾਲਿਸੀ ਨੇ ਵਧਾਈਆਂ ਮੁਸ਼ਕਲਾਂ

ਅਮਰੀਕਾ ਵਿੱਚ ਵੀ ਹਾਲਤ ਚੰਗੀ ਨਹੀਂ। ਇਸ ਸਾਲ ਅਗਸਤ ਵਿੱਚ 14,825 ਤੋਂ ਘਟਕੇ 41540 ਵੀਜ਼ਾ ਧਾਰਕ ਪਹੁੰਚੇ। ਡੋਨਾਲਡ ਟ੍ਰੰਪ ਦੀ ‘ਅਮਰੀਕਾ ਫਰਸਟ’ ਪਾਲਿਸੀ ਨੇ ਭਾਰਤੀਆਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਐੱਚ-ਵਨ ਬੀ ਵੀਜ਼ਾ ਫੀਸ ਵਧਾ ਦਿੱਤੀ ਗਈ, ਨੌਕਰੀਆਂ ਨੂੰ ਅਮਰੀਕੀ ਨਾਗਰਿਕਾਂ ਲਈ ਰਖਿਆ ਜਾ ਰਿਹਾ ਹੈ। ਸਟੈਨਫ਼ੋਰਡ ਵਰਗੀਆਂ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀ ਘੱਟ ਨਜ਼ਰ ਆ ਰਹੇ ਹਨ। ਨਸਲਵਾਦ ਅਤੇ ਅਪਰਾਧ ਵਧੇ ਹਨ – ਇਸ ਸਾਲ 104 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ, ਜਿਨ੍ਹਾਂ ਦੀਆਂ ਤਸਵੀਰਾਂ ਹੱਥਕੜੀਆਂ ਅਤੇ ਜ਼ੰਜ਼ੀਰਾਂ ਵਿੱਚ ਵਾਇਰਲ ਹੋਈਆਂ।

### ਨਵੇਂ ਠਿਕਾਣੇ: ਜਰਮਨੀ, ਆਇਰਲੈਂਡ ਅਤੇ ਦੁਬਈ ਵੱਲ ਰੁਝਾਣ

ਇਸ ਅਨਿਸ਼ਚਿਤਤਾ ਵਿੱਚ ਵਿਦਿਆਰਥੀ ਨਵੇਂ ਦੇਸ਼ਾਂ ਵੱਲ ਵਧ ਰਹੇ ਹਨ। ਰੁਪਏ ਦੀ ਕਮਜ਼ੋਰੀ ਨਾਲ ਖਰਚਾ 20 ਫੀਸਦੀ ਵਧ ਗਿਆ। ਯੂ. ਕੇ. ਨੇ ਡਿਪੈਂਡੈਂਟ ਵੀਜ਼ਾ ਰੋਕ ਦਿੱਤਾ ਹੈ, ਪਰ ਹੋਰ ਦੇਸ਼ ਫਾਇਦਾ ਉਠਾ ਰਹੇ ਹਨ।

**ਜਰਮਨੀ:** ਵਿਸ਼ਵ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਿੱਚ ਜ਼ਿਆਦਾਤਰ ਕਾਲਜਾਂ ਵਿੱਚ ਟਿਊਸ਼ਨ ਫੀਸ ਮੁਆਫ ਜਾਂ ਬਹੁਤ ਘੱਟ ਹੈ। ਕੁਸ਼ਲ ਮਜ਼ਦੂਰਾਂ ਦੀ ਕਮੀ ਕਾਰਨ ਪੜ੍ਹਾਈ ਬਾਅਦ ਨੌਕਰੀ ਮਿਲਣ ਦੇ ਚੰਗੇ ਮੌਕੇ ਹਨ। ਪੰਜ ਸਾਲ ਅਨੁਭਵ ਤੋਂ ਬਾਅਦ ਪੱਕੀ ਰੈਜ਼ੀਡੈਂਸੀ ਮਿਲ ਜਾਂਦੀ ਹੈ, ਜਿਸ ਨਾਲ ਸ਼ੈਂਗਨ ਖੇਤਰ ਵਿੱਚ ਕੰਮ ਦੇ ਰਾਹ ਖੁੱਲ੍ਹ ਜਾਂਦੇ ਹਨ। ਖਰਚਾ 8-10 ਲੱਖ ਰੁਪਏ ਹੈ।

ਆਇਰਲੈਂਡ ਵਿਚ ਵੀਜ਼ਾ ਪ੍ਰਕਿਰਿਆ ਸੌਖੀ ਹੈ, ਫੀਸ 10-12 ਲੱਖ ਅਤੇ ਪੋਸਟ-ਸਟੱਡੀ ਵਰਕ ਵੀਜ਼ਾ 2 ਸਾਲਾਂ ਲਈ ਹੈ। ਟੈਕ ਅਤੇ ਫਾਇਨੈਂਸ ਸੈਕਟਰ ਵਿੱਚ ਨੌਕਰੀਆਂ ਭਰਪੂਰ ਹਨ।

ਦੁਬਈ (ਯੂ.ਏ.ਈ.) ਵਿੱਚ ਫੀਸ 6-8 ਲੱਖ, ਵੀਜ਼ਾ ਤੇਜ਼ੀ ਨਾਲ ਮਿਲ ਜਾਂਦਾ ਹੈ। ਟੈਕਸ-ਫ੍ਰੀ ਆਮਦਨ ਅਤੇ ਗਲੋਬਲ ਹੱਬ ਹੋਣ ਕਾਰਨ ਨੌਕਰੀਆਂ ਮਿਲਣੀਆਂ ਆਸਾਨ ਹਨ। ਪੰਜਾਬੀ ਵਿਦਿਆਰਥੀਆਂ ਦਾ ਇਸ ਵੱਲ ਰੁਝਾਣ ਵਧ ਰਿਹਾ ਹੈ।

ਸਾਈਪ੍ਰਸ ਯੂਰਪ ਵਿੱਚ ਹੋਣ ਕਾਰਨ ਫੀਸ ਸਿਰਫ਼ 5-6 ਲੱਖ ਹੈ। ਪੜ੍ਹਾਈ ਬਾਅਦ ਪੂਰੇ ਯੂਰਪੀਅਨ ਯੂਨੀਅਨ ਵਿੱਚ ਨੌਕਰੀ ਮਿਲ ਜਾਂਦੀ ਹੈ। ਨਿਊਜ਼ੀਲੈਂਡ ਵੀ ਸੌਖੇ ਨਿਯਮਾਂ ਨਾਲ ਆਕਰਸ਼ਿਤ ਕਰ ਰਿਹਾ ਹੈ।

### ਮਾਹਿਰਾਂ ਦੀ ਸਲਾਹ: ਧੋਖੇ ਤੋਂ ਬਚੋ, ਰਿਸਰਚ ਕਰੋ

ਹਾਲਾਂਕਿ ਨਵੇਂ ਵਿਕਲਪ ਚੰਗੇ ਹਨ, ਪਰ ਯੂਰਪ ਵਿੱਚ ਧੋਖਾਧੜੀ ਦੇ ਮਾਮਲੇ ਵਧੇ ਹਨ। ਇਸ ਲਈ ਪੂਰੀ ਖੋਜ ਕਰੋ, ਨਕਲੀ ਏਜੰਟਾਂ ਤੋਂ ਬਚੋ। ਆਫ਼ਿਸ਼ਲ ਵੈੱਬਸਾਈਟਾਂ ਤੋਂ ਜਾਂਚੋ। ਜਰਮਨੀ ਵਿੱਚ ਇੰਜੀਨੀਅਰਿੰਗ ਅਤੇ ਆਈਟੀ ਕੋਰਸ ਪ੍ਰਸਿੱਧ ਹਨ, ਜਦਕਿ ਦੁਬਈ ਵਿੱਚ ਬਿਜ਼ਨਸ ਅਤੇ ਹਸਪਤਾਲਿਟੀ। ਅੰਤ ਵਿੱਚ, ਇਹ ਰੁਝਾਣ ਦੱਸਦਾ ਹੈ ਕਿ ਭਾਰਤੀ ਯੁਵਾ ਹੁਣ ਵਧੇਰੇ ਸਮਾਰਟ ਚੋਣ ਕਰ ਰਹੇ ਹਨ – ਘੱਟ ਖਰਚੇ, ਆਸਾਨ ਵੀਜ਼ਾ ਅਤੇ ਚੰਗੀਆਂ ਨੌਕਰੀਆਂ।

# ਸ਼ੈਂਗੇਨ ਵੀਜ਼ਾ: ਭਾਰਤੀ ਵਿਦਿਆਰਥੀਆਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਕਰਨਾ ਪੈ ਰਿਹਾ ਸਾਹਮਣਾ

## ਯੂਰਪ ’ਚ ਜਰਮਨੀ ਸਭ ਤੋਂ ਵਧੀਆ, ਪਰ ਵੀਜ਼ਾ ਖਾਰਜ ਦਰ ਵਧੇਰੇ

## ਵੀਜ਼ਾ ਬੇਨਤੀਆਂ ਖਾਰਜ: ਭਾਰਤੀਆਂ ਨੂੰ 136 ਕਰੋੜ ਰੁਪਏ ਦਾ ਨੁਕਸਾਨ

ਯੂਰਪ ਵਿੱਚ ਪੜ੍ਹਨ ਤੇ ਨੌਕਰੀ ਲਈ ਭਾਰਤੀ ਵਿਦਿਆਰਥੀਆਂ ਦੀ ਭੀੜ ਵਧ ਰਹੀ ਹੈ ਪਰ ਸ਼ੈਂਗੇਨ ਵੀਜ਼ਾ ਲੈਣ ਵਿੱਚ ਅਪਾਇੰਟਮੈਂਟ ਨਾ ਮਿਲਣ ਤੇ ਬੇਨਤੀਆਂ ਖਾਰਜ ਹੋਣ ਦੀ ਗਿਣਤੀ ਵੀ ਵਧ ਰਹੀ ਹੈ। 2024 ਵਿੱਚ ਭਾਰਤੀਆਂ ਨੂੰ ਵੀਜ਼ਾ ਖਾਰਜ ਹੋਣ ਕਰਕੇ 136 ਕਰੋੜ ਰੁਪਏ ਤੋਂ ਵੱਧ ਨੁਕਸਾਨ ਹੋਇਆ। ਭਾਰਤੀ ਵਿਦਿਆਰਥੀ ਯੂਰਪ ਜਾਣ ਲਈ ਬਹੁਤ ਉਤਸ਼ਾਹਿਤ ਨੇ ਪਰ ਵੀਜ਼ਾ ਪ੍ਰਕਿਰਿਆ ਵਿੱਚ ਬਹੁਤ ਮੁਸ਼ਕਿਲਾਂ ਆਉਂਦੀਆਂ ਨੇ। ਪਹਿਲੀ ਵੱਡੀ ਸਮੱਸਿਆ ਹੈ ਅਪਾਇੰਟਮੈਂਟ ਬੁੱਕ ਕਰਨੀ। ਜਰਮਨ ਕੌਂਸਲੇਟ ਤੇ ਵੀ.ਐਫ.ਐਸ. ਗਲੋਬਲ ਵੈੱਬਸਾਈਟ ਤੇ ਸਲਾਟ ਬਹੁਤ ਘੱਟ ਸਮੇਂ ਵਿੱਚ ਭਰ ਜਾਂਦੇ ਨੇ। ਵਿਦਿਆਰਥੀਆਂ ਨੂੰ ਰਾਤ ਨੂੰ ਜਾਗ ਕੇ ਵੈੱਬਸਾਈਟ ਚੈੱਕ ਕਰਨੀ ਪੈਂਦੀ ਹੈ ਪਰ ਫਿਰ ਵੀ ਨਹੀਂ ਮਿਲਦੇ। ਇੱਕ ਵਿਦਿਆਰਥੀ ਨੇ ਦੱਸਿਆ, ‘ਮੈਂ ਤਿੰਨ ਹਫ਼ਤੇ ਤੋਂ ਅਪਾਇੰਟਮੈਂਟ ਲਈ ਘੁੰਮ ਰਿਹਾ ਹਾਂ ਪਰ ਨਹੀਂ ਮਿਲ ਰਹੀ।’




ਦੂਜੀ ਮੁਸ਼ਕਿਲ ਹੈ ਦਸਤਾਵੇਜ਼ਾਂ ਦੀ ਪੂਰਤੀ। ਜਰਮਨੀ ਵਾਲੇ ਦਸਤਾਵੇਜ਼ਾਂ ਨੂੰ ਬਹੁਤ ਸਖ਼ਤੀ ਨਾਲ ਚੈੱਕ ਕਰਦੇ ਨੇ। ਜੇ ਫਾਰਮ ਵਿੱਚ ਗਲਤੀ ਹੋਵੇ ਜਾਂ ਕੋਈ ਕਾਗ਼ਜ਼ ਘੱਟ ਹੋਵੇ ਤਾਂ ਬੇਨਤੀ ਖਾਰਜ ਹੋ ਜਾਂਦੀ ਹੈ। ਇੱਕ ਅਧਿਕਾਰੀ ਨੇ ਕਿਹਾ, ‘ਹਰ ਵੀਜ਼ਾ ਲਈ ਵੱਖਰੀ ਚੈੱਕ ਲਿਸਟ ਹੈ। ਵਿਦਿਆਰਥੀ ਨੂੰ ਜਰਮਨ ਦੂਤਾਵਾਸ ਵੈੱਬਸਾਈਟ ਤੋਂ ਵੇਖ ਕੇ ਸਭ ਕੁਝ ਜਮ੍ਹਾਂ ਕਰਾਉਣਾ ਚਾਹੀਦਾ ਹੈ।’ ਭਾਰਤ ਵਿੱਚ 2024 ਵਿੱਚ 11 ਲੱਖ 8 ਹਜ਼ਾਰ ਬੇਨਤੀਆਂ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ 15 ਫ਼ੀਸਦੀ ਯਾਨੀ 1 ਲੱਖ 65 ਹਜ਼ਾਰ ਖਾਰਜ ਹੋ ਗਈਆਂ ਸਨ। ਵੀਜ਼ਾ ਫ਼ੀਸ 90 ਯੂਰੋ ਹੈ ਜੋ 9100 ਰੁਪਏ ਬਣਦੀ ਹੈ ਤੇ ਖਾਰਜ ਹੋਣ ’ਤੇ ਇੱਕ ਪੈਸਾ ਵੀ ਵਾਪਸ ਨਹੀਂ ਮਿਲਦਾ। ਤੀਜੀ ਸਮੱਸਿਆ ਹੈ ਸਮਾਂ। ਸੀ-ਟਾਈਪ ਵੀਜ਼ਾ ਲਈ 15 ਦਿਨ ਲੱਗਦੇ ਨੇ ਪਰ ਡੀ-ਟਾਈਪ ਵਿਦਿਆਰਥੀ ਵੀਜ਼ਾ ਲਈ 12 ਹਫ਼ਤੇ ਤੱਕ ਲੱਗ ਸਕਦੇ ਨੇ।

(ਬਾਕੀ ਸਫ਼ਾ 26 ’ਤੇ)

# ਕੀ ਬ੍ਰਿਟੇਨ ਹੁਣ 'ਗ੍ਰੇਟ' ਨਹੀਂ ਰਿਹਾ...?



## ਦੋ ਸਿੱਖ ਮਹਿਲਾਵਾਂ ਨਾਲ ਨਸਲੀ ਵਿਤਕਰੇ ਅਤੇ ਬਲਾਤਕਾਰ ਨੇ ਖੜੇ ਕੀਤੇ ਵੱਡੇ ਸਵਾਲ

### ਦੁਨੀਆਂ ਨੂੰ 'ਸ਼ਾਂਤੀ ਦਾ ਪਾਠ' ਪੜ੍ਹਾਉਣ ਵਾਲੇ ਬ੍ਰਿਟੇਨ ਨੂੰ ਮਹਿਲਾਵਾਂ ਦੀ ਸੁਰੱਖਿਆ ਲਈ ਯੋਗ ਉਪਰਾਲੇ ਕਰਨ ਦੀ ਲੋੜ

**ਬ੍ਰਿਟੇਨ ਦੇ ਜਨਗਣਨਾ ਅੰਕੜਿਆਂ ਅਨੁਸਾਰ ਬ੍ਰਿਟੇਨ ਵਿੱਚ 4 ਲੱਖ 30 ਹਜ਼ਾਰ ਤੋਂ ਵੱਧ ਸਿੱਖ ਰਹਿੰਦੇ ਹਨ। ਬ੍ਰਿਟੇਨ 'ਚ 2001 ਦੀ ਮਰਦਮਸ਼ੁਮਾਰੀ ਦੌਰਾਨ ਸਿੱਖ ਭਾਈਚਾਰੇ ਨੂੰ ਇੱਕ ਵੱਖਰੇ ਧਰਮ ਵਜੋਂ ਮਾਨਤਾ ਦਿੱਤੀ ਗਈ ਸੀ। ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਬ੍ਰਿਟੇਨ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ ਅਤੇ ਬ੍ਰਿਟੇਨ ਵਿੱਚ ਅਨੇਕਾਂ ਸਿੱਖ ਉੱਚ ਅਹੁਦਿਆਂ 'ਤੇ ਵੀ ਬਿਰਾਜਮਾਨ ਹਨ। ਬ੍ਰਿਟੇਨ ਨੂੰ ਵਿਕਸਤ ਮੁਲਕ ਹੋਣ ਦਾ ਮਾਣ ਪ੍ਰਾਪਤ ਹੈ, ਪਰ ਇਸ ਦੇ ਬਾਵਜੂਦ ਉਥੇ ਦੋ ਸਿੱਖ ਮਹਿਲਾਵਾਂ ਨਾਲ ਨਸਲੀ ਹਿੰਸਾ ਅਤੇ ਬਲਾਤਕਾਰ ਹੋਣ ਦੀਆਂ ਘਟਨਾਵਾਂ ਨੇ ਵੱਡੇ ਸਵਾਲ ਖੜੇ ਕਰ ਦਿੱਤੇ ਹਨ।**

ਜਗਮੋਹਨ ਸਿੰਘ 'ਲੱਕੀ'

ਬ੍ਰਿਟੇਨ ਵਿੱਚ ਇੱਕ ਸਿੱਖ ਮਹਿਲਾ ਨਾਲ ਜਬਰ ਜਨਾਹ ਦੇ ਇੱਕ ਮਹੀਨੇ ਬਾਅਦ ਇੱਕ ਹੋਰ ਸਿੱਖ ਮਹਿਲਾ ਨਾਲ ਨਸਲੀ ਆਧਾਰ 'ਤੇ ਬਲਾਤਕਾਰ ਕਰਨ ਦੀ ਘਟਨਾ ਸਾਹਮਣੇ ਆਈ ਹੈ। ਬ੍ਰਿਟਿਸ਼ ਪੁਲਿਸ ਦੀ ਰਿਪੋਰਟ ਅਨੁਸਾਰ ਉੱਤਰੀ ਇੰਗਲੈਂਡ ਵਿੱਚ ਭਾਰਤੀ (ਪੰਜਾਬੀ) ਮੂਲ ਦੀ ਇੱਕ ਔਰਤ ਨਾਲ ਜਬਰ ਜਨਾਹ ਕੀਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਬ੍ਰਿਟੇਨ ਰਹਿੰਦੇ ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਵਿੱਚ ਚਿੰਤਾ ਅਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਬਿਟ੍ਰੇਨ ਰਹਿੰਦੇ ਪੰਜਾਬੀ ਖਾਸ ਕਰਕੇ ਸਿੱਖ ਭਾਈਚਾਰੇ ਦੇ ਲੋਕ ਆਪਣੀਆਂ ਮਾਵਾਂ,ਧੀਆਂ, ਭੈਣਾਂ ਦੀ ਸੁਰੱਖਿਆ ਲਈ ਚਿੰਤਤ ਹੋ ਗਏ ਹਨ। ਇਸ ਤਾਜ਼ਾ ਘਟਨਾ ਤੋਂ ਕਰੀਬ ਇੱਕ ਮਹੀਨਾ ਪਹਿਲਾਂ ਬ੍ਰਿਟੇਨ ਦੇ ਓਲਡਬਰੀ ਸ਼ਹਿਰ 'ਚ ਇੱਕ 20 ਸਾਲਾ ਸਿੱਖ ਲੜਕੀ ਨਾਲ ਦੋ ਗੋਰਿਆਂ ਵੱਲੋਂ ਬਦਸਲੂਕੀ ਤੇ ਜਬਰ ਜਨਾਹ ਕਰਨ ਅਤੇ ਉਸ ਨੂੰ ਨਸਲੀ ਟਿੱਪਣੀਆਂ ਕਰਦਿਆਂ ਆਪਣੇ ਦੇਸ਼ ਵਾਪਸ ਜਾਣ ਦੀ ਧਮਕੀ ਦੇਣ ਦੀ ਖ਼ਬਰ ਨੇ ਪੂਰੀ ਦੁਨੀਆ ਵਿੱਚ ਰਹਿੰਦੇ ਸਿੱਖਾਂ ਦੇ ਹਿਰਦੇ ਵਲੂੰਧਰ ਦਿੱਤੇ ਸਨ, ਇਸ ਘਟਨਾ ਤੋਂ ਬਾਅਦ ਬ੍ਰਿਟੇਨ ਵਿੱਚ ਰਹਿੰਦੇ ਸਿੱਖਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਸੀ, ਜੋ ਕਿ ਹੁਣ ਤਾਜ਼ਾ ਘਟਨਾ ਤੋਂ ਬਾਅਦ ਹੋਰ ਵੀ ਵੱਧ ਗਈ ਹੈ।

ਬ੍ਰਿਟੇਨ ਆਪਣੇ ਆਪ ਨੂੰ ਦੁਨੀਆ ਦਾ 'ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ' ਕਹਾਉਂਦਾ ਹੈ ਅਤੇ ਇਹ ਮੁਲਕ ਆਪਣੇ ਆਪ ਨੂੰ 'ਗ੍ਰੇਟ' ਕਹਾਉਣ ਵਿੱਚ ਵੀ ਮਾਣ ਮਹਿਸੂਸ ਕਰਦਾ ਹੈ, ਪਰ ਇਸ ਮੁਲਕ ਵਿੱਚ ਸਿਰਫ਼ ਇੱਕ ਮਹੀਨੇ ਵਿੱਚ ਹੀ ਦੋ ਮਹਿਲਾਵਾਂ ਨਾਲ ਨਸਲੀ ਆਧਾਰ 'ਤੇ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਇਸ ਮੁਲਕ ਦੇ ਮੱਥੇ 'ਤੇ ਕਲੰਕ ਵਾਂਗ ਹਨ। ਇਹ ਘਟਨਾਵਾਂ ਬ੍ਰਿਟੇਨ ਦੀ ਸੁਰੱਖਿਆ ਪ੍ਰਣਾਲੀ ਉੱਪਰ ਵੀ ਸਵਾਲ ਉਠਾਉਂਦੀਆਂ ਹਨ ਕਿ ਬ੍ਰਿਟੇਨ ਦੀ ਸੁਰੱਖਿਆ ਪ੍ਰਣਾਲੀ ਏਨੀ ਲਚਰ ਹੋ ਚੁੱਕੀ ਹੈ ਕਿ ਇਹ ਮਹਿਲਾਵਾਂ ਦੀ ਵੀ ਸੁਰੱਖਿਆ ਨਹੀਂ ਕਰ ਸਕਦੀ।

ਇੱਕ ਮਹੀਨੇ ਅੰਦਰ ਇਹਨਾਂ ਦੋਵਾਂ ਮਹਿਲਾਵਾਂ ਨਾਲ ਵਾਪਰੀ ਬਦਸਲੂਕੀ, ਜਬਰ ਜਨਾਹ ਅਤੇ ਨਸਲੀ ਟਿੱਪਣੀਆਂ ਦੀਆਂ ਘਟਨਾਵਾਂ ਨੇ ਬ੍ਰਿਟੇਨ ਦੀ ਸੁਰੱਖਿਆ ਵਿਵਸਥਾ 'ਤੇ ਹੀ ਵੱਡੇ ਸਵਾਲ ਖੜੇ ਕਰ ਦਿੱਤੇ ਹਨ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਅੰਗਰੇਜ਼ਾਂ ਦਾ ਕਰੀਬ ਸਾਰੀ ਦੁਨੀਆ 'ਤੇ ਰਾਜ ਸੀ ਤੇ ਉਹਨਾਂ ਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ ਹੁੰਦਾ। ਇਸ ਤੋਂ ਇਲਾਵਾ ਅਕਸਰ ਬ੍ਰਿਟੇਨ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਰਾਖਾ ਅਤੇ ਵਿਕਸਤ ਮੁਲਕ ਕਹਿ ਕੇ ਆਪਣੀ ਪਿੱਠ ਖੁਦ ਹੀ ਥਾਪੜਦਾ ਰਹਿੰਦਾ ਹੈ ਪਰ ਸਿੱਖ ਅਤੇ ਪੰਜਾਬੀ ਮਹਿਲਾਵਾਂ ਨਾਲ ਵਾਪਰੀਆਂ ਦਰਦਨਾਕ ਘਟਨਾਵਾਂ ਨੇ 'ਗ੍ਰੇਟ ਬ੍ਰਿਟੇਨ' ਦੀ ਅਸਲੀਅਤ ਸਭ ਦੇ ਸਾਹਮਣੇ ਲਿਆ ਦਿੱਤੀ ਹੈ।

ਵਿਦੇਸ਼ਾਂ ਵਿੱਚ ਸਿੱਖਾਂ ਨਾਲ ਨਸਲੀ ਵਿਤਕਰੇ ਜਾਂ ਨਸਲੀ ਹਿੰਸਕ ਘਟਨਾਵਾਂ ਦੀ ਇਹ ਪਹਿਲੀ ਘਟਨਾ ਨਹੀਂ ਹੈ, ਸਗੋਂ ਇਸ ਤੋਂ ਪਹਿਲਾਂ ਵੀ ਵੱਖ ਵੱਖ ਮੁਲਕਾਂ 'ਚ ਸਿੱਖਾਂ ਨਾਲ ਨਸਲੀ ਵਿਤਕਰੇ ਅਤੇ ਨਸਲੀ ਹਿੰਸਾ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਅਜੇ ਕੁਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਦੋ ਸਿੱਖ ਵਿਅਕਤੀਆਂ ਦੀ ਗੋਰੇ ਲੋਕਾਂ ਵੱਲੋਂ ਕੁੱਟਮਾਰ ਕਰ ਦਿੱਤੀ ਗਈ ਸੀ ਅਤੇ ਉਹਨਾਂ ਦੀਆਂ ਦਸਤਾਰਾਂ ਉਤਾਰ ਦਿੱਤੀਆਂ ਗਈਆਂ ਸਨ। ਉਸ ਸਮੇਂ ਗੋਰੀਆਂ ਮਹਿਲਾਵਾਂ ਨੇ ਹੀ ਇਹਨਾਂ ਸਿੱਖ ਵਿਅਕਤੀਆਂ ਨੂੰ ਹਮਲਾਵਰਾਂ ਤੋਂ ਬਚਾਇਆ ਸੀ ਅਤੇ ਘਟਨਾ ਦੀ ਵੀਡੀਓ ਬਣਾ ਲਈ ਸੀ, ਜੋ ਕਿ ਪੂਰੀ ਦੁਨੀਆ 'ਚ ਵਾਇਰਲ ਹੋ ਗਈ ਸੀ।



ਸਿੱਖ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹਨ। ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਜਦੋਂ ਵੀ ਕੋਈ ਕੁਦਰਤੀ ਬਿਪਤਾ ਆਉਂਦੀ ਹੈ, ਜਾਂ ਮਨੁੱਖ ਵੱਲੋਂ ਸਹੇੜੀ ਕੋਈ ਜੰਗ ਲੱਗਦੀ ਹੈ ਤਾਂ ਉਥੇ ਸਿੱਖ ਪਹੁੰਚ ਕੇ ਖਾਣ ਪੀਣ ਦੇ ਸਮਾਨ ਅਤੇ ਜ਼ਰੂਰੀ ਦਵਾਈਆਂ ਅਤੇ ਕੱਪੜਿਆਂ ਦਾ ਲੰਗਰ ਲਗਾਉਂਦੇ ਹਨ। ਇਸ ਤੋਂ ਇਲਾਵਾ ਦੁਨੀਆ ਦੇ ਹਰ ਕੋਨੇ/ਨੁੱਕਰ ਵਿੱਚ ਆਈ ਕਿਸੇ ਵੀ ਬਿਪਤਾ ਸਮੇਂ ਸਿੱਖ ਆਪਣੇ ਖ਼ਜ਼ਾਨੇ ਖੋਲ੍ਹ ਦਿੰਦੇ ਹਨ ਅਤੇ ਪ੍ਰਭਾਵਿਤ ਥਾਂ 'ਤੇ ਜਾ ਕੇ ਗੁਰੂ ਕਾ ਲੰਗਰ ਲਗਾ ਦਿੰਦੇ ਹਨ। ਵੱਡੇ ਦੁੱਖ ਦੀ ਗੱਲ ਹੈ ਕਿ ਸਾਰੀ ਲੋਕਾਈ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨੂੰ ਵਿਸ਼ਵ ਦੇ ਵਿਕਸਤ ਮੁਲਕਾਂ ਵਿੱਚ ਵੀ ਨਸਲੀ ਵਿਤਕਰੇ ਅਤੇ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਜੋ ਕਿ ਇਹਨਾਂ ਵਿਕਸਤ ਮੁਲਕਾਂ ਦੇ ਮੱਥੇ 'ਤੇ ਕਲੰਕ ਹੈ।

ਬ੍ਰਿਟੇਨ ਨਾਲ ਸਿੱਖਾਂ ਦਾ ਗੂੜ੍ਹਾ ਨਾਤਾ ਹੈ। ਜਦੋਂ ਭਾਰਤ ਉੱਪਰ ਅੰਗਰੇਜ਼ਾਂ ਦਾ ਰਾਜ ਸੀ ਤਾਂ ਵੱਡੀ ਗਿਣਤੀ ਸਿੱਖ ਅੰਗ੍ਰੇਜ਼ੀ ਫ਼ੌਜ ਵਿੱਚ ਭਰਤੀ ਹੋਏ ਸਨ ਅਤੇ ਇਹਨਾਂ ਸਿੱਖਾਂ ਨੇ ਅੰਗ੍ਰੇਜ਼ੀ ਫ਼ੌਜ ਵੱਲੋਂ ਲੜਦਿਆਂ ਪਹਿਲੀ ਵਿਸ਼ਵ ਜੰਗ ਅਤੇ ਦੂਜੀ ਵਿਸ਼ਵ ਜੰਗ ਵਿੱਚ ਵੱਡਾ ਯੋਗਦਾਨ ਪਾਇਆ ਸੀ। ਇਹਨਾਂ ਵਿਸ਼ਵ ਜੰਗਾਂ ਵਿੱਚ ਸਿੱਖ ਫ਼ੌਜੀਆਂ ਵੱਲੋਂ ਕੀਤੇ ਗਏ ਬਹਾਦਰੀ ਦੇ ਕਾਰਨਾਮਿਆਂ ਦੀ ਗਾਥਾਵਾਂ ਅੱਜ ਵੀ ਬ੍ਰਿਟੇਨ ਅਤੇ ਹੋਰ ਮੁਲਕਾਂ ਵਿੱਚ ਸੁਣਾਈਆਂ ਜਾਂਦੀਆਂ ਹਨ। ਬ੍ਰਿਟੇਨ ਵਿੱਚ ਅਨੇਕਾਂ ਸਿੱਖ ਗੁਰਦੁਆਰੇ ਹਨ, ਜਿਨ੍ਹਾਂ ਦੇ ਦਰ ਹਮੇਸ਼ਾ ਲੋੜਵੰਦਾਂ ਦੀ ਸਹਾਇਤਾ ਲਈ ਖੁੱਲ੍ਹੇ ਰਹਿੰਦੇ ਹਨ। ਭਾਰਤ ਤੋਂ ਬ੍ਰਿਟੇਨ ਵਿੱਚ ਪੜ੍ਹਾਈ ਕਰਨ ਗਏ ਵੱਡੀ ਗਿਣਤੀ ਵਿਦਿਆਰਥੀ ਅਕਸਰ ਇਹਨਾਂ ਗੁਰਧਾਮਾਂ ਵਿੱਚ ਹੀ ਆਸਰਾ ਲੈਂਦੇ ਹਨ ਅਤੇ ਉਥੇ ਹੀ ਲੰਗਰ ਪਾਣੀ ਛਕਦੇ ਹਨ। ਬ੍ਰਿਟੇਨ ਸਥਿਤ ਗੁਰਧਾਮ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ ਅਤੇ ਮਨੁੱਖਤਾ ਦੀ ਭਲਾਈ ਲਈ ਹਮੇਸ਼ਾ ਸਰਗਰਮ ਭੂਮਿਕਾ ਨਿਭਾਉਂਦੇ ਹਨ। ਇਸ ਦੇ ਬਾਵਜੂਦ ਬ੍ਰਿਟੇਨ ਵਿੱਚ ਸਿੱਖ ਮਹਿਲਾ ਨਾਲ ਜਬਰ ਜਨਾਹ ਅਤੇ ਨਸਲੀ ਹਿੰਸਾ ਦੀ ਘਟਨਾ ਵਾਪਰ ਜਾਣਾ ਬ੍ਰਿਟੇਨ ਦੀ ਸੁਰੱਖਿਆ ਵਿਵਸਥਾ 'ਤੇ ਹੀ ਸਵਾਲ ਖੜੇ ਕਰਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਦੋਂ ਤੱਕ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਰਹਿਣਗੇ? ਕਦੋਂ ਤੱਕ ਵਿਦੇਸ਼ਾਂ ਵਿੱਚ ਸਿੱਖਾਂ ਖ਼ਿਲਾਫ਼ ਵਹਿਸ਼ੀ ਤੇ ਹਿੰਸਕ ਕਾਰੇ ਹੁੰਦੇ ਰਹਿਣਗੇ? ਕਦੋਂ ਵਿਦੇਸ਼ਾਂ ਵਿੱਚ ਸਿੱਖਾਂ ਦੀ ਸੁਰਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ? ਕਦੋਂ ਤੱਕ ਵਿਦੇਸ਼ਾਂ 'ਚ ਪੰਜਾਬੀਆਂ ਦੀਆਂ ਧੀਆਂ ਭੈਣਾਂ ਨਾਲ ਦਰਿੰਦਗੀ ਹੁੰਦੀ ਰਹੇਗੀ? ਇਹਨਾਂ ਸਵਾਲਾਂ ਦੇ ਜਵਾਬ ਵਿੱਚ ਇਹ ਗੱਲ ਕਹੀ ਜਾ ਸਕਦੀ ਹੈ, ਕਿ ਵਿਦੇਸ਼ਾਂ ਵਿੱਚ ਅਜੇ ਵੀ ਸਿੱਖ ਧਰਮ ਬਾਰੇ ਦੂਜੇ ਲੋਕਾਂ ਨੂੰ ਉੱਨੀ ਜਾਣਕਾਰੀ ਨਹੀਂ ਦਿੱਤੀ ਜਾ ਸਕੀ, ਜੋ ਕਿ ਦੇਣੀ ਜਰੂਰੀ ਸੀ। ਅੱਜ ਵੀ ਸਿੱਖਾਂ ਨੂੰ ਮੁਸਲਮਾਨ ਜਾਂ ਹੋਰ ਧਰਮ ਦੇ ਅਨੁਯਾਈ ਸਮਝ ਲਿਆ ਜਾਂਦਾ ਹੈ। ਅਸਲ ਵਿੱਚ ਸਿੱਖਾਂ ਦੀ ਪੱਗ ਕਾਰਨ ਉਹਨਾਂ ਨੂੰ ਤਾਲਿਬਾਨ ਜਾਂ ਉਸਾਮਾ ਬਿਨ ਲਾਦੇਨ ਦਾ ਸਾਥੀ ਸਮਝ ਲਿਆ ਜਾਂਦਾ ਹੈ।

ਦੁਨੀਆ ਦਾ ਸਭ ਤੋਂ ਆਧੁਨਿਕ ਧਰਮ ਹੋਣ ਦਾ ਮਾਣ ਵੀ ਸਿੱਖ ਧਰਮ ਨੂੰ ਜਾਂਦਾ ਹੈ। ਅਸਲ ਵਿੱਚ ਲੋੜ ਤਾਂ ਇਸ ਗੱਲ ਦੀ ਹੈ ਕਿ ਸਿੱਖ ਦੁਨੀਆ ਭਰ ਵਿੱਚ ਆਪਣੀ ਵੱਖਰੀ ਪਹਿਚਾਣ ਕਰਵਾਉਣ ਲਈ ਸੁਚੇਤ ਹੋਣ ਤੇ ਇਕੱਠੇ ਹੋ ਕੇ ਸਭ ਧਾਰਮਿਕ ਤੇ ਰਾਜਸੀ ਜਥੇਬੰਦੀਆਂ ਦੁਨੀਆ ਭਰ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਤਾਂ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਨਸਲੀ ਤੇ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਣ ਤੋਂ ਬੱਚ ਸਕਣ। ਦੂਜੇ ਮੁਲਕਾਂ ਨੂੰ ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲੇ ਮੁਲਕ ਬ੍ਰਿਟੇਨ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮੁਲਕ ਅੰਦਰ ਹੀ ਪਰਵਾਸੀ ਸਿੱਖਾਂ ਤੇ ਪੰਜਾਬੀਆਂ ਖਾਸ ਕਰਕੇ ਉਹਨਾਂ ਦੀਆਂ ਧੀਆਂ ਭੈਣਾਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਤਾਂ ਕਿ ਪੰਜਾਬੀ ਤੇ ਸਿੱਖ ਖਾਸ ਕਰਕੇ ਮਹਿਲਾਵਾਂ ਨਸਲੀ ਹਮਲਿਆਂ ਦੇ ਸ਼ਿਕਾਰ ਹੋਣ ਤੋਂ ਬੱਚ ਸਕਣ।

# ਨਸਲ ਦੇ ਆਧਾਰ 'ਤੇ ਜਬਰ-ਜਨਾਹ ਦੀ ਘਟਨਾ ਭਿਆਨਕ ਅਪਰਾਧ: ਗ੍ਰਹਿ ਮੰਤਰੀ ਸ਼ਬਾਨਾ

## ਬਰਤਾਨਵੀ ਸਿੱਖ ਸੰਸਦ ਮੈਂਬਰਾਂ ਵੱਲੋਂ ਘਟਨਾ ਦੀ ਨਿਖੇਧੀ

ਲੰਡਨ/ਵਾਲਸਾਲ/ਏ.ਟੀ. ਨਿਊਜ਼: ਵਾਲਸਾਲ ਦੇ ਸ਼ਾਂਤ ਅਤੇ ਹਰੇ-ਭਰੇ ਪਾਰਕ ਹਾਲ ਇਲਾਕੇ ਦੇ ਵਸਨੀਕ ਪਿਛਲੇ ਹਫ਼ਤੇ ਭਾਰਤੀ ਮੂਲ ਦੀ ਮੁਟਿਆਰ 'ਤੇ 'ਨਸਲੀ' ਹਮਲੇ ਦੌਰਾਨ ਜਬਰ-ਜਨਾਹ ਦੀ ਘਟਨਾ ਕਾਰਨ ਸਦਮੇ ਵਿੱਚ ਹਨ। ਲਗਪਗ 20 ਸਾਲ ਦੀ ਮੁਟਿਆਰ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਗ੍ਰਿਫ਼ਤਾਰ 32 ਸਾਲਾ ਸ਼ਖ਼ਸ ਇਸ ਸਮੇਂ ਪੁਲਿਸ ਹਿਰਾਸਤ ਵਿੱਚ ਹੈ ਅਤੇ ਵੈਸਟ ਮਿੱਡਲੈਂਡਜ਼ ਪੁਲਿਸ ਉਸ ਕੋਲੋਂ ਪੁੱਛਗਿੱਛ ਕਰ ਰਹੀ ਹੈ।



ਬਰਤਾਨੀਆ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿੱਚ ਕਿਹਾ, "ਵਾਲਸਾਲ ਵਿੱਚ ਵਾਪਰੀ ਨਸਲ ਦੇ ਆਧਾਰ 'ਤੇ ਜਬਰ-ਜਨਾਹ ਦੀ ਘਟਨਾ ਭਿਆਨਕ ਅਪਰਾਧ ਹੈ। ਮੇਰੀ ਹਮਦਰਦੀ ਪੀੜਤ ਅਤੇ ਉਸ ਦੇ ਪਰਿਵਾਰ ਨਾਲ ਹੈ। ਮੈਨੂੰ ਪਤਾ ਹੈ ਕਿ ਸਥਾਨਕ ਸਿੱਖ ਭਾਈਚਾਰੇ ਨੂੰ ਕਿੰਨਾ ਡਰ ਮਹਿਸੂਸ ਹੋ ਰਿਹਾ ਹੋਵੇਗਾ, ਮੈਂ ਪੁਲਿਸ ਅਤੇ ਸਥਾਨਕ ਆਗੂਆਂ ਤੋਂ ਇਹ ਭਰੋਸਾ ਲਿਆ ਹੈ ਕਿ ਉਹ ਇਸ ਅਪਰਾਧ ਤੋਂ ਪ੍ਰਭਾਵਿਤ ਹਰ ਕਿਸੇ ਦੀ ਮਦਦ ਲਈ ਸੰਭਵ ਯਤਨ ਕਰਨਗੇ। ਮੈਂ ਇਸ ਘਟਨਾ ਬਾਰੇ ਜਾਣਕਾਰੀ ਰੱਖਣ ਵਾਲਿਆਂ ਨੂੰ ਅਪੀਲ ਕਰਦੀ ਹਾਂ ਕਿ ਉਹ ਅੱਗੇ ਆਉਣ ਅਤੇ ਜਿੰਨੀ ਛੇਤੀ ਹੋ ਸਕੇ ਵੈਸਟ ਮਿਡਲੈਂਡਜ਼ ਪੁਲੀਸ ਨਾਲ ਸੰਪਰਕ ਕਰਨ।" ਵਾਲਸਾਲ ਦੇ ਸਥਾਨਕ ਕੌਂਸਲਰਾਂ ਨੇ ਬੀਤੇ ਦਿਨ ਪੁਲਿਸ ਨਾਲ ਮੀਟਿੰਗ ਕੀਤੀ ਜਿਸ ਵਿੱਚ ਜਾਂਚ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ ਗਈ। ਕੌਂਸਲਰ ਰਾਮ ਕੇ ਮਹਿਮੀ ਨੇ ਕਿਹਾ, "ਮੈਂ ਸਦਮੇ ਵਿੱਚ ਹਾਂ ਤੇ ਨਿਰਾਸ਼ ਹਾਂ ਕਿਉਂਕਿ ਜੋ ਕੁਝ ਇਸ ਮੁਟਿਆਰ ਨਾਲ ਹੋਇਆ, ਉਹ ਸਹਿਣ ਨਹੀਂ ਕੀਤਾ ਜਾ ਸਕਦਾ।" ਉਨ੍ਹਾਂ ਕਿਹਾ ਕਿ ਸਥਾਨਕ ਭਾਈਚਾਰਾ ਚਿੰਤਤ ਹੈ ਕਿਉਂਕਿ ਪੱਛਮੀ ਮਿੱਡਲੈਂਡਜ਼ ਵਿੱਚ ਇਹ ਦੂਜਾ 'ਨਸਲੀ' ਹਮਲਾ ਹੈ। ਭਾਰਤੀ ਮੂਲ ਦੇ ਕੌਂਸਲਰ ਰਾਮ ਕੇ ਮਹਿਮੀ, ਡਾਰਲਾਸਟਨ ਵਿੱਚ ਸਥਾਨਕ ਸ੍ਰੀ ਗੁਰੂ ਰਵਿਦਾਸ ਮੰਦਰ ਦੇ ਮੋਢੀ ਟਰੱਸਟੀ ਹੈ। ਲੇਬਰ ਪਾਰਟੀ ਦੀ ਬਰਤਾਨਵੀ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਅਤੇ ਤਨਮਨਜੀਤ ਸਿੰਘ ਢੇਸੀ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਪ੍ਰੀਤ ਕੌਰ ਗਿੱਲ ਨੇ ਕਿਹਾ, "ਸਾਡੇ ਖਿੱਤੇ ਵਿੱਚ ਔਰਤਾਂ ਖ਼ਿਲਾਫ਼ ਵਾਰ-ਵਾਰ ਹਿੰਸਾ ਹੋਣਾ ਬਹੁਤ ਹੀ ਚਿੰਤਾਜਨਕ ਹੈ।"

# ਯੂ.ਕੇ. ਵਿੱਚ ਪਰਵਾਸੀਆਂ ਲਈ ਸਖ਼ਤ ਅੰਗਰੇਜ਼ੀ ਨਿਯਮ 2026 ਤੋਂ ਹੋਣਗੇ ਲਾਗੂ

## ਪਰਵਾਸੀਆਂ ਦੀ ਗਿਣਤੀ ਘਟਾਉਣ ਲਈ ਸਖ਼ਤ ਹੋਏ ਨਿਯਮ

ਬ੍ਰਿਟੇਨ ਸਰਕਾਰ ਨੇ ਪਰਵਾਸ ਨੂੰ ਕੰਟਰੋਲ ਕਰਨ ਲਈ ਵੱਡੇ ਬਦਲਾਅ ਕੀਤੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਹੈ ਕਿ ਯੂ.ਕੇ. ਆਉਣ ਵਾਲੇ ਕੁਝ ਪਰਵਾਸੀਆਂ ਨੂੰ ਏ-ਲੈਵਲ ਪੱਧਰ ਤੱਕ ਅੰਗਰੇਜ਼ੀ ਬੋਲਣ ਦੀ ਲੋੜ ਪਵੇਗੀ। ਇਹ ਨਵੇਂ ਨਿਯਮ 8 ਜਨਵਰੀ 2026 ਤੋਂ ਲਾਗੂ ਹੋਣਗੇ। ਇਹ ਬਦਲਾਅ ਗ੍ਰੈਜੂਏਟਸ, ਸਕਿਲਡ ਵਰਕਰ ਵੀਜ਼ਾ ਅਤੇ ਸਕੇਲ-ਅੱਪ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਸਿੱਧਾ ਪ੍ਰਭਾਵਿਤ ਕਰਨਗੇ। ਸਰਕਾਰ ਦਾ ਕਹਿਣਾ ਹੈ ਕਿ ਇਹ ਯੂ.ਕੇ. ਵਿੱਚ ਪਰਵਾਸ ਦੇ ਪੱਧਰ ਨੂੰ ਘਟਾਉਣ ਦੀ ਵੱਡੀ ਯੋਜਨਾ ਦਾ ਹਿੱਸਾ ਹੈ, ਜਿਸ ਨੂੰ ਮਈ 2025 ਵਿੱਚ ਲਿਆਂਦੇ ਵ੍ਹਾਈਟ ਪੇਪਰ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਨਾਲ ਪ੍ਰਤੀ ਸਾਲ ਲਗਭਗ ਇੱਕ ਲੱਖ ਪਰਵਾਸੀਆਂ ਦੀ ਗਿਣਤੀ ਘਟ ਸਕਦੀ ਹੈ।

ਯੂ.ਕੇ. ਹੋਮ ਆਫਿਸ ਨੇ ਐਲਾਨ ਕੀਤਾ ਹੈ ਕਿ ਸਕਿਲਡ ਵਰਕਰ, ਸਕੇਲ-ਅੱਪ ਅਤੇ ਹਾਈ ਪੋਟੈਂਸ਼ੀਅਲ ਇੰਡੀਵਿਜ਼ੁਅਲ (ਐੱਚਪੀਆਈ) ਵੀਜ਼ੇ ਲਈ ਅਰਜ਼ੀ ਦੇਣ ਵਾਲੇ ਪਰਵਾਸੀਆਂ ਨੂੰ ਹੁਣ ਬੀ-2 ਪੱਧਰ ਤੱਕ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦਿਖਾਉਣੀ ਪਵੇਗੀ। ਇਹ ਮੌਜੂਦਾ ਬੀ-1 ਪੱਧਰ ਤੋਂ ਇੱਕ ਪੱਧਰ ਉੱਪਰ ਹੈ, ਜੋ ਕਿ ਜੀਸੀਐੱਸਈ (ਏ-ਲੈਵਲ ਤੋਂ ਹੇਠਾਂ) ਦੇ ਬਰਾਬਰ ਹੈ। ਬੀ-2 ਪੱਧਰ ਏ-ਲੈਵਲ ਨਾਲ ਜੁੜਿਆ ਹੋਇਆ ਹੈ ਅਤੇ ਇਸ ਵਿੱਚ ਬੋਲਚਾਲ, ਸੁਣਨ, ਪੜ੍ਹਨ ਤੇ ਲਿਖਣ ਸਭ ਕੁਝ ਜਾਂਚਿਆ ਜਾਂਦਾ ਹੈ।

ਹੋਮ ਆਫਿਸ ਵੱਲੋਂ ਮਨਜ਼ੂਰਸ਼ੁਦਾ ਅਧਿਕਾਰੀ ਖ਼ੁਦ ਬਿਨੈਕਾਰਾਂ ਦੀ ਟੈਸਟ ਲੈਣਗੇ। ਇਹ ਟੈਸਟ ਵੀਜ਼ਾ ਪ੍ਰਕਿਰਿਆ ਦਾ ਹਿੱਸਾ ਹੋਵੇਗਾ। (ਬਾਕੀ ਸਫ਼ਾ 26 'ਤੇ)

## ਕੈਨੇਡਾ ’ਚ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਸੰਕਟ

# 32 ਹਜ਼ਾਰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ

## ਹਾਊਸ ਕਮੇਟੀ ਵਿੱਚ ਗਰਮਾਈ ਬਹਿਸ: ਟੋਰੀਆਂ ਨੇ ਆਨੰਦਸੰਗਰੀ ’ਤੇ ਕੀਤੀ ਸਵਾਲਾਂ ਦੀ ਬੁਛਾੜ

## 7 ਹਜ਼ਾਰ ਭਾਰਤੀਆਂ ਨੂੰ ਦਿੱਲੀ ਜਹਾਜ਼ ਚੜ੍ਹਾਉਣ ਦੀ ਤਿਆਰੀ: ਨਕਲੀ ਡਾਕੂਮੈਂਟ ਕੇਸਾਂ ਵਿੱਚ ਵਾਧਾ






ਓਟਾਵਾ/ਏ.ਟੀ.ਨਿਊਜ਼: ਕੈਨੇਡਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਵੱਸ ਰਹੇ ਹਜ਼ਾਰਾਂ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ, ਪਰ ਸਰਹੱਦੀ ਸੇਵਾਵਾਂ ਵਾਲੀਆਂ ਏਜੰਸੀਆਂ ਇਨ੍ਹਾਂ ਨੂੰ ਲੱਭਣ ਵਿੱਚ ਅਜੇ ਤੱਕ ਨਾਕਾਮ ਰਹੀਆਂ ਹਨ। ਹਾਊਸ ਆਫ਼ ਕਾਮਨਜ਼ ਦੀ ਲੋਕ ਸੁਰੱਖਿਆ ਕਮੇਟੀ ਦੀ ਇੱਕ ਤਾਜ਼ਾ ਮੀਟਿੰਗ ਵਿੱਚ ਇਹ ਮੁੱਦਾ ਗਰਮਾਇਆ , ਜਿੱਥੇ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਨੇ ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ’ਤੇ ਸਖ਼ਤ ਸਵਾਲ ਉਠਾਏ। ਮੀਟਿੰਗ ਦੌਰਾਨ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੀ ਪ੍ਰੈਜ਼ੀਡੈਂਟ ਐਰਿਨ ਓ ਗੌਰਮਨ ਨੇ ਖੁੱਲ੍ਹ ਕੇ ਖੁਲਾਸਾ ਕੀਤਾ ਕਿ ਹੁਣ ਤੱਕ 32 ਹਜ਼ਾਰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ, ਪਰ ਇਹਨਾਂ ਵਿੱਚੋਂ ਬਹੁਤੇ ਫ਼ਰਾਰ ਹਨ ਅਤੇ ਉਨ੍ਹਾਂ ਦੀ ਪੈੜ ਨੱਪਣ ਵਿੱਚ ਅਜੇ ਕਾਮਯਾਬੀ ਨਹੀਂ ਮਿਲੀ। ਇਹ ਅੰਕੜਾ ਨਾ ਸਿਰਫ਼ ਚਿੰਤਾ ਵਧਾਉਣ ਵਾਲਾ ਹੈ, ਸਗੋਂ ਇਹ ਵੀ ਦਰਸਾਉਂਦਾ ਹੈ ਕਿ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਡੂੰਘੀਆਂ ਖਾਮੀਆਂ ਹਨ। ਇਸ ਤੋਂ ਇਲਾਵਾ, ਕੈਨੇਡਾ ਸਰਕਾਰ ਨੇ ਭਾਰਤ ਦੇ ਗੈਰਕਨੂੰਨੀ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦਿੱਲੀ ਭੇਜਣ ਲਈ ਜਹਾਜ਼ਾਂ ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ ਹੈ, ਜੋ ਇਸ ਸੰਕਟ ਨੂੰ ਹੋਰ ਗੰਭੀਰ ਬਣਾ ਰਹੀ ਹੈ।

ਕੰਜ਼ਰਵੇਟਿਵ ਪਾਰਟੀ ਆਫ਼ ਕੈਨੇਡਾ ਦੇ ਮੈਂਬਰ ਤੇ ਐਮ ਪੀ ਫ਼ਰੈਂਕ ਕੈਪੁਟੋ ਨੇ ਆਪਣੇ ਸਵਾਲਾਂ ਵਿੱਚ ਜ਼ੋਰ ਦਿੱਤਾ ਕਿ ਇਹ ਨਾ ਸਿਰਫ਼ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ, ਸਗੋਂ ਇਹ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਨਾਕਾਮੀ ਨੂੰ ਵੀ ਉਜਾਗਰ ਕਰਦਾ ਹੈ। ਉਨ੍ਹਾਂ ਨੇ ਪੁੱਛਿਆ ਕਿ ਜੇਕਰ ਇੰਨੇ ਵੱਡੀ ਗਿਣਤੀ ਵਿੱਚ ਲੋਕ ਫ਼ਰਾਰ ਹਨ ਤਾਂ ਕੀ ਇਹ ਭਵਿੱਖ ਵਿੱਚ ਅਪਰਾਧਾਂ ਨੂੰ ਵਧਾਉਣ ਵਾਲੇ ਨਹੀਂ ਬਣਨਗੇ ? ਇਸ ਬਹਿਸ ਨੇ ਮੀਟਿੰਗ ਨੂੰ ਗਰਮਾ ਦਿੱਤਾ ਅਤੇ ਕੰਜ਼ਰਵੇਟਿਵ ਮੈਂਬਰਾਂ ਨੇ ਗੈਰੀ ਆਨੰਦਸੰਗਰੀ ’ਤੇ ਸੁਆਲਾਂ ਦੀ ਬੁਛਾੜ ਕਰ ਦਿੱਤੀ। ਆਨੰਦਸੰਗਰੀ ਨੇ ਜਵਾਬ ਵਿੱਚ ਕਿਹਾ ਕਿ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਵਧੇਰੇ ਫੰਡਿੰਗ ਨਾਲ ਇਸ ਨੂੰ ਹੱਲ ਕੀਤਾ ਜਾਵੇਗਾ। ਇਹ ਮੀਟਿੰਗ ਨਾ ਸਿਰਫ਼ ਰਾਜਨੀਤਕ ਤੌਰ ’ਤੇ ਮਹੱਤਵਪੂਰਨ ਸੀ, ਸਗੋਂ ਇਸ ਨੇ ਪੂਰੇ ਦੇਸ਼ ਵਿੱਚ ਗ਼ੈਰ-ਕਾਨੂੰਨੀ ਪਰਵਾਸ ਨੂੰ ਲੈ ਕੇ ਚਰਚਾ ਨੂੰ ਹਵਾ ਦਿੱਤੀ। ਬਹੁਤ ਸਾਰੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਬਹਿਸ ਆਉਣ ਵਾਲੀਆਂ ਚੋਣਾਂ ਵਿੱਚ ਵੀ ਅਸਰ ਪਾਵੇਗੀ, ਕਿਉਂਕਿ ਇਮੀਗ੍ਰੇਸ਼ਨ ਇੱਕ ਵੱਡਾ ਚੋਣ ਵਿਸ਼ਾ ਬਣ ਚੁੱਕਾ ਹੈ।




ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਆਪਣੀ ਰਿਪੋਰਟ ਵਿੱਚ ਮੰਨਿਆ ਹੈ ਕਿ ਲਗਭਗ 32 ਹਜ਼ਾਰ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ, ਪਰ ਇਨ੍ਹਾਂ ਵਿੱਚੋਂ ਬਹੁਤੇ ਦੀ ਕੋਈ ਪੂਰੀ ਜਾਣਕਾਰੀ ਨਹੀਂ ਹੈ। ਇਹ ਅੰਕੜਾ ਪਿਛਲੇ ਕੁਝ ਸਾਲਾਂ ਦੇ ਡਾਟਾ ’ਤੇ ਅਧਾਰਿਤ ਹੈ, ਜਿੱਥੇ 2024 ਵਿੱਚ ਇੱਕੋ ਇੱਕ ਸਾਲ ਵਿੱਚ 16,470 ਡਿਪੋਰਟੇਸ਼ਨ ਹੋਏ, ਜੋ ਪਿਛਲੇ ਦਹਾਕੇ ਦੇ ਸਭ ਤੋਂ ਵੱਧ ਹਨ। ਪਰ ਇਸ ਦੇ ਬਾਵਜੂਦ, ਡਿਪੋਰਟੇਸ਼ਨ ਪਾਈਪਲਾਈਨ ਵਿੱਚ 4 ਲੱਖ 57 ਹਜ਼ਾਰ ਤੋਂ ਵੱਧ ਕੇਸ ਬਾਕੀ ਹਨ, ਜਿਨ੍ਹਾਂ ਵਿੱਚੋਂ 29 ਹਜ਼ਾਰ ਤੋਂ ਵੱਧ ਲੋਕ ਅਦਾਲਤੀ ਕਾਰਵਾਈ ਤੋਂ ਗਾਇਬ ਹੋ ਗਏ ਹਨ।ਐਰਿਨ ਓ ਗੌਰਮਨ ਨੇ ਕਮੇਟੀ ਨੂੰ ਦੱਸਿਆ ਕਿ ਇਹ ਫ਼ਰਾਰ ਪਰਵਾਸੀ ਭਗੌੜੇ ਹਨ—ਕੁਝ ਨੇ ਆਪਣੇ ਟਿਕਾਣੇ ਬਦਲ ਲਏ ਹਨ, ਕੁਝ ਨੇ ਨਵੇਂ ਡਾਕੂਮੈਂਟਸ ਬਣਾ ਲਏ ਹਨ ਅਤੇ ਕੁਝ ਸਿਰਫ਼ ਡਰ ਕਰਕੇ ਲੁਕ ਗਏ ਹਨ। ਇਸ ਨਾਲ ਨਾ ਸਿਰਫ਼ ਸੀ.ਬੀ.ਐੱਸ.ਏ. ਦੀ ਟੀਮ ’ਤੇ ਬੋਝ ਵਧ ਰਿਹਾ ਹੈ, ਸਗੋਂ ਇਹ ਰਾਸ਼ਟਰੀ ਸੁਰੱਖਿਆ ਲਈ ਵੀ ਖ਼ਤਰਾ ਬਣ ਰਿਹਾ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਅੰਕੜੇ ਆਉਂਦੇ ਰਹੇ ਹਨ—2020 ਵਿੱਚ ਆਡੀਟਰ ਜਨਰਲ ਨੇ ਰਿਪੋਰਟ ਕੀਤਾ ਸੀ ਕਿ 34 ਹਜ਼ਾਰ ਲੋਕਾਂ ਦੀ ਪੈੜ ਨਹੀਂ ਸੀ। ਹੁਣ 2025 ਵਿੱਚ ਇਹ ਸੰਕਟ ਹੋਰ ਵਧ ਗਿਆ ਹੈ, ਕਿਉਂਕਿ ਅੰਤਰਰਾਸ਼ਟਰੀ ਪਰਵਾਸ ਵਧ ਰਿਹਾ ਹੈ।

ਇਸ ਲਈ, ਸੀ.ਬੀ.ਐੱਸ.ਏ. ਨੂੰ ਹੁਣ ਵਧੇਰੇ ਰਿਸੋਰਸਾਂ ਦੀ ਲੋੜ ਹੈ। ਗੈਰੀ ਆਨੰਦਸੰਗਰੀ ਨੇ ਮੰਨਿਆ ਕਿ ਇਹ ਸਮੱਸਿਆ ਨੂੰ ਹੱਲ ਕਰਨ ਲਈ ਵਾਧੂ ਫੰਡਿੰਗ ਦੀ ਲੋੜ ਹੈ, ਪਰ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਬਹਾਨੇ ਹਨ।ਇਹ ਫ਼ਰਾਰ ਪਰਵਾਸੀ ਕਈ ਵਾਰ ਅਪਰਾਧਾਂ ਵਿੱਚ ਵੀ ਜੁੜੇ ਹੁੰਦੇ ਹਨ, ਜਿਵੇਂ ਕਿ ਡਰੱਗ ਟ੍ਰੈਫਿਕਿੰਗ ਜਾਂ ਗੈਂਗਸਟਰ ਨੈੱਟਵਰਕਾਂ ਵਿੱਚ।

**ਅਮਰੀਕਾ-ਕੈਨੇਡਾ ਬਾਰਡਰ ’ਤੇ ਨਾਜਾਇਜ਼ ਪਰਵਾਸ ਵਿੱਚ 99 ਫ਼ੀਸਦੀ ਕਮੀ**

ਗੈਰੀ ਆਨੰਦਸੰਗਰੀ ਨੇ ਮੀਟਿੰਗ ਵਿੱਚ ਇੱਕ ਸਕਾਰਾਤਮਕ ਪਹਿਲੂ ਵੀ ਚਰਚਾ ਵਿੱਚ ਲਿਆਂਦਾ। ਉਨ੍ਹਾਂ ਨੇ ਕਿਹਾ ਕਿ ਕੈਨੇਡਾ-ਅਮਰੀਕਾ ਬਾਰਡਰ ਰਾਹੀਂ ਹੋਣ ਵਾਲੇ ਨਾਜਾਇਜ਼ ਪਰਵਾਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ 99 ਫ਼ੀਸਦੀ ਕਮੀ ਆਈ ਹੈ। ਇਹ ਕਮੀ ਸੇਫ਼ ਥਰਡ ਕੰਟਰੀ ਐਗਰੀਮੈਂਟ ਦੇ ਨਵੇਂ ਪ੍ਰੋਟੋਕਾਲ ਕਰਕੇ ਹੈ, ਜੋ ਮਾਰਚ 2023 ਤੋਂ ਲਾਗੂ ਹੋਇਆ।ਇਸ ਐਗਰੀਮੈਂਟ ਨੇ ਰੌਕਸ਼ੈਮ ਰੋਡ ਵਰਗੇ ਅਨਿਯਮਿਤ ਰਸਤਿਆਂ ਨੂੰ ਬੰਦ ਕਰਨ ਵਿੱਚ ਮਦਦ ਕੀਤੀ ਹੈ, ਜਿੱਥੇ ਪਹਿਲਾਂ ਹਜ਼ਾਰਾਂ ਪੰਜਾਬੀ ਪਰਵਾਸੀ ਅਮਰੀਕਾ ਤੋਂ ਕੈਨੇਡਾ ਆ ਜਾਂਦੇ ਸੀ।ਇਸ ਸਫ਼ਲਤਾ ਨੂੰ ਲੈ ਕੇ ਆਨੰਦਸੰਗਰੀ ਨੇ ਕਿਹਾ ਕਿ ਇਹ ਸਰਕਾਰ ਦੇ ਯਤਨਾਂ ਦਾ ਨਤੀਜਾ ਹੈ, ਜਿੱਥੇ ਬਾਰਡਰ ਪੈਟਰੋਲਿੰਗ ਵਧਾਈ ਗਈ ਅਤੇ ਅੰਤਰਰਾਸ਼ਟਰੀ ਸਹਿਯੋਗ ਵਧਾਇਆ ਗਿਆ।ਪਰ ਵਿਰੋਧੀ ਧਿਰ ਨੇ ਇਸ ਨੂੰ ਅਧੂਰਾ ਜਵਾਬ ਕਿਹਾ, ਕਿਉਂਕਿ ਬਾਰਡਰ ’ਤੇ ਕਮੀ ਹੋਣ ਦੇ ਬਾਵਜੂਦ ਅੰਦਰੂਨੀ ਗੈਰ-ਕਾਨੂੰਨੀ ਵੱਸੋਂ ਵਧ ਰਹੀਆਂ ਹਨ।2023 ਵਿੱਚ 7,032 ਡਿਪੋਰਟੇਸ਼ਨ ਹੋਈਆਂ, ਜੋ ਪਿਛਲੇ ਦੋ ਸਾਲਾਂ ਤੋਂ ਦੁੱਗਣੀਆਂ ਹਨ, ਪਰ ਇਹ ਵੀ ਕਾਫ਼ੀ ਨਹੀਂ ਮੰਨੀਆਂ ਜਾ ਰਹੀਆਂ।ਆਨੰਦਸੰਗਰੀ ਨੇ ਜੁਆਬ ਦਿੱਤਾ ਕਿ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਲਈ ਸੀ.ਬੀ.ਐੱਸ.ਏ. ਨੂੰ 55 ਮਿਲੀਅਨ ਡਾਲਰ ਵਾਧੂ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। (ਬਾਕੀ ਸਫ਼ਾ 26 ’ਤੇ)

# ਕੈਨੇਡਾ ’ਚ ਭਾਰਤੀਆਂ ਨੂੰ ਜ਼ਬਰਦਸਤੀ ਕੱਢਣ ਦੇ ਰਿਕਾਰਡ ਟੁੱਟੇ

## ਪਰਵਾਸੀਆਂ ਵਿਰੁੱਧ ਨਸਲਵਾਦ ਫ਼ੈਲਣ ਦਾ ਡਰ



ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਨੂੰ ਜ਼ਬਰਦਸਤੀ ਕੱਢਣ ਦੇ ਅੰਕੜੇ ਰਿਕਾਰਡ ਤੋੜ ਰਹੇ ਨੇ। 28 ਜੁਲਾਈ 2025 ਤੱਕ 1,891 ਭਾਰਤੀਆਂ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ ਗਿਆ ਸੀ, ਜੋ 2024 ਦੇ ਪਿਛਲੇ ਰਿਕਾਰਡ ਨੂੰ ਪਾਰ ਕਰ ਗਿਆ ਹੈ। 2019 ਵਿੱਚ ਇਹ ਅੰਕੜਾ ਸਿਰਫ਼ 625 ਸੀ, ਜੋ ਅੱਜ ਦੇ ਅੰਕੜੇ ਦਾ ਇੱਕ ਤਿਹਾਈ ਵੀ ਨਹੀਂ। 2020 ਵਿੱਚ ਕੋਵਿਡ ਕਾਰਨ ਘੱਟ ਹੋ ਕੇ 412 ਰਿਹਾ, ਪਰ 2021 ਤੋਂ ਵਧਣ ਲੱਗਿਆ - 2021 ਵਿੱਚ 789, 2022 ਵਿੱਚ 1,234 ਅਤੇ 2023 ਵਿੱਚ 1,567 ਸੀ। ਇਹ ਅੰਕੜਾ 2024 ਦੇ ਪੂਰੇ ਸਾਲ ਦੇ ਅੰਤ ਵਿੱਚ 1,997 ਨੂੰ ਪਾਰ ਕਰ ਗਿਆ ਹੈ। ਇਸ ਸਾਲ ਦੇ ਅੰਤ ਤੱਕ 2,500 ਤੋਂ ਵੱਧ ਭਾਰਤੀ ਕਢੇ ਜਾਣ ਦੀ ਉਮੀਦ ਹੈ। ਭਾਰਤੀਆਂ ਤੋਂ ਬਾਅਦ ਮੈਕਸੀਕੋ ਦੇ 2,678 ਅਤੇ ਕੋਲੰਬੀਆ ਦੇ 981 ਲੋਕ ਕੱਢੇ ਗਏ ਸਨ।ਕੁੱਲ 30,733 ਲੋਕਾਂ ਵਿੱਚੋਂ 27,103 ਸ਼ਰਨ ਚਾਹੁਣ ਵਾਲੇ ਹਨ, ਅਤੇ ਇਸ ਸ਼੍ਰੇਣੀ ਵਿੱਚ ਵੀ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ।ਪਰਵਾਸੀ ਵਿਰੋਧੀ ਭਾਵਨਾ, ਸਖ਼ਤ ਨੀਤੀਆਂ ਅਤੇ ਅਪਰਾਧਾਂ ਨਾਲ ਜੁੜੇ ਕੇਸਾਂ ਕਾਰਨ ਇਹ ਸੰਕਟ ਬਣਿਆ ਹੋਇਆ ਹੈ।ਇਹ ਕੈਨੇਡਾ ਦੀ ਅਪਰਵਾਸ ਨੀਤੀ ਵਿੱਚ ਬਦਲਾਅ ਦਾ ਸੰਕੇਤ ਦਿੰਦਾ ਹੈ।

ਭਾਰਤ ਵਿੱਚ ਇਸ ਸੰਕਟ ਨੇ ਵੱਡਾ ਅਸਰ ਪਾਇਆ ਹੈ। ਪੰਜਾਬ ਅਤੇ ਹਰਿਆਣਾ ਵਿੱਚ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋਏ ਹਨ।

ਕੈਨੇਡਾ ਵਿੱਚ ਪਰਵਾਸੀ ਵਿਰੋਧੀ ਭਾਵਨਾ ਤੇਜ਼ ਹੋ ਰਹੀ ਹੈ। ਹਾਊਸਿੰਗ ਕ੍ਰਾਈਸਿਸ, ਬੇਰੁਜ਼ਗਾਰੀ ਅਤੇ ਜੀ.ਡੀ.ਪੀ. ਦੇ ਨਿਘਾਰ ਲਈ ਪਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਇੱਕ ਸਰਵੇ ਅਨੁਸਾਰ, 65 ਫ਼ੀਸਦੀ ਕੈਨੇਡੀਅਨ ਪਰਵਾਸ ਨੀਤੀਆਂ ਨੂੰ ਸਖ਼ਤ ਕਰਨ ਦੇ ਹੱਕ ਵਿੱਚ ਹਨ। ਭਾਰਤੀਆਂ ਨੂੰ ਖ਼ਾਸ ਤੌਰ ’ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਹ ਸਭ ਤੋਂ ਵੱਧ ਗਿਣਤੀ ਵਿੱਚ ਸ਼ਰਨ ਚਾਹੁਣ ਵਾਲੇ ਅਤੇ ਅਸਥਾਈ ਵਰਕ ਪਰਮਿਟ ’ਤੇ ਹਨ।

ਪੀਲ ਰੀਜਨਲ ਪੁਲਿਸ (ਪੀਆਰਪੀ) ਨੇ ਹਾਲ ਹੀ ਵਿੱਚ ਇੱਕ ਵੱਡਾ ਕੇਸ ਸਾਹਮਣੇ ਲਿਆਂਦਾ, ਜਿਸ ਨੇ ਭਾਰਤੀਆਂ ਵਿਰੁੱਧ ਗੁੱਸੇ ਨੂੰ ਹੋਰ ਭੜਕਾਇਆ। ਅੱਠ ਭਾਰਤੀ ਨਾਗਰਿਕਾਂ - ਸੁਮਨਪ੍ਰੀਤ ਸਿੰਘ, ਗੁਰਦੀਪ ਚੱਟਾ, ਜਸਦੀਪ ਜੱਟਾਣਾ, ਹਰਮਨ ਸਿੰਘ, ਜਸਨਪ੍ਰੀਤ ਸਿੰਘ, ਮਨਰੂਪ ਸਿੰਘ, ਰਾਜਬੀਰ ਸਿੰਘ ਅਤੇ ਉਪਿੰਦਰਜੀਤ ਸਿੰਘ - ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ 450 ਤੋਂ ਵੱਧ ਡਾਕੇ, ਚੋਰੀਆਂ ਵਿੱਚ ਸ਼ਾਮਲ ਸਨ, 4 ਲੱਖ ਕੈਨੇਡੀਅਨ ਡਾਲਰ ਉਨ੍ਹਾਂ ਤੋਂ ਬਰਾਮਦ ਹੋਏ ਸਨ। ਇਨ੍ਹਾਂ ’ਤੇ 344 ਗੰਭੀਰ ਅਪਰਾਧਾਂ ਦੇ ਇਲਜ਼ਾਮ ਲੱਗੇ ਸਨ। ਪੀ.ਆਰ.ਪੀ. ਨੇ ਪਹਿਲੀ ਵਾਰ ਪੀਲ ਕ੍ਰਾਊਨ ਅਟਾਰਨੀ ਅਤੇ ਸੀ.ਬੀ.ਐਸ.ਏ. ਨਾਲ ਮਿਲ ਕੇ ਇਹ ਫ਼ੈਸਲਾ ਕੀਤਾ ਕਿ ਅਪਰਾਧੀ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣਾ ਚਾਹੀਦਾ ਹੈ।

ਇਸ ਕੇਸ ਨੇ ਸੋਸ਼ਲ ਮੀਡੀਆ ’ਤੇ ਹੰਗਾਮਾ ਮਚਾ ਦਿੱਤਾ।ਟਵਿੱਟਰ ’ਤੇ ਹੈਸ਼ਟੈਗ ਟ੍ਰੈਂਡ ਹੋਇਆ ਸੀ, ਜਿੱਥੇ ਲੋਕ ਲਿਖ ਰਹੇ ਸਨ, ‘ਭਾਰਤੀ ਅਪਰਾਧੀ ਕੈਨੇਡਾ ਨੂੰ ਲੁੱਟ ਰਹੇ ਨੇ!’ ਪੰਜਾਬੀ ਕਮਿਊਨਿਟੀ ਵਿੱਚ ਵੀ ਵਿਵਾਦ ਹੈ। ਟਰਾਂਟੋ ਦੇ ਗੁਰਦੁਆਰਾ ਕਮੇਟੀ ਨੇ ਕਿਹਾ, ‘ਇਹ ਅਪਰਾਧੀਆਂ ਨੂੰ ਸਾਰੇ ਭਾਰਤੀਆਂ ਨਾਲ ਨਾ ਜੋੜੋ,’ ਪਰ ਗੁੱਸਾ ਘੱਟ ਨਹੀਂ ਹੋ ਰਿਹਾ। ਅਜਿਹੇ ਕੇਸਾਂ ਕਾਰਨ ਭਾਰਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲੇ ਵੀ ਵਧੇ ਹਨ - ਇਸ ਸਾਲ 23 ਹਿੰਸਕ ਘਟਨਾਵਾਂ ਦਰਜ ਹੋਈਆਂ ਸਨ।

**ਸਰਕਾਰੀ ਨੀਤੀਆਂ ਦਾ ਸਖ਼ਤ ਰੂਪ: ਪ੍ਰਧਾਨ ਮੰਤਰੀ ਕਾਰਨੀ ਦਾ ਐਲਾਨ**

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ (ਬਾਕੀ ਸਫ਼ਾ 26 ’ਤੇ)

# ਨਿਊਯਾਰਕ ’ਚ ਗੁਰੂ ਤੇਗ਼ ਬਹਾਦਰ ਜੀ ਦੇ ਨਾਂਅ ’ਤੇ ਸੜਕ ਦਾ ਨਾਂਅ ਰਖਿਆ

## ਦੀਵਾਲੀ ਦੇ ਮੌਕੇ ’ਤੇ ਹੋਇਆ ਸਮਾਰੋਹ, ਸਿੱਖ ਪੰਥ ਲਈ ਮਾਣ ਭਰਪੂਰ ਘਟਨਾ

## ਮਨੁੱਖੀ ਅਧਿਕਾਰਾਂ ਦੇ ਰਾਖੇ ਰਹਿਬਰ ਨੂੰ ਵਿਸ਼ਵ ਪੱਧਰ ਉੱਪਰ ਮਾਨਤਾ

ਨਿਊਯਾਰਕ/ਏ.ਟੀ.ਨਿਊਜ਼: ਪਿਛਲੇ ਦਿਨੀਂ ਦੀਵਾਲੀ ਵਾਲੀ ਰਾਤ ਦੌਰਾਨ ਰਿਚਮੰਡ ਹਿੱਲ, ਕੁਇਨਸ ਵਿੱਚ 114ਵੀਂ ਸਟ੍ਰੀਟ ਅਤੇ 101ਵੀਂ ਐਵੇਨਿਊ ਦੇ ਚੌਰਾਹੇ ’ਤੇ ਇੱਕ ਮਹੱਤਵਪੂਰਨ ਸੜਕ ਦਾ ਨਾਂਅ ਬਦਲ ਕੇ ਗੁਰੂ ਤੇਗ ਬਹਾਦਰ ਜੀ ਦੇ ਨਾਂਅ ’ਤੇ ਰੱਖ ਦਿੱਤਾ ਗਿਆ। ਇਹ ਚੌਰਾਹਾ ਇਤਿਹਾਸਕ ਗੁਰਦੁਆਰਾ ਮੱਖਨ ਸ਼ਾਹ ਲੁਬਾਣਾ ਦੇ ਨੇੜੇ ਹੈ, ਜੋ ਕਿ ਨਿਊਯਾਰਕ ਦੇ ‘ਮਿੰਨੀ ਪੰਜਾਬ’ ਵਜੋਂ ਜਾਣੇ ਜਾਂਦੇ ਇਲਾਕੇ ਵਿੱਚ ਸਥਿਤ ਹੈ।

ਇਸ ਨਾਂਅ ਬਦਲਾਅ ਦਾ ਪ੍ਰਸਤਾਵ ਨਿਊਯਾਰਕ ਸਿਟੀ ਕਾਉਂਸਲ ਵਿੱਚ ਇਸ ਸਾਲ ਦੀ ਸ਼ੁਰੂਆਤ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਇਸ ਨੂੰ ਲੀਨ ਸ਼ੂਲਮੈਨ ਨੇ ਪੇਸ਼ ਕੀਤਾ। ਲੀਨ ਸ਼ੂਲਮੈਨ, ਜੋ ਕਿ ਕਾਉਂਸਲ ਵਿੱਚ ਇੱਕ ਪ੍ਰਮੁੱਖ ਮੈਂਬਰ ਹਨ, ਨੇ ਇਸ ਪ੍ਰਸਤਾਵ ਨੂੰ ਖੁਦ ਰੱਖਿਆ ਅਤੇ ਇਸ ਨੂੰ ਪਾਸ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾਂ ਨੇ ਕਿਹਾ ਕਿ ਇਹ ਕਦਮ ਗੁਰੂ ਜੀ ਦੇ ਸਹਿਣਸ਼ੀਲਤਾ, ਨਿਰਸਵਾਰਥ ਸੇਵਾ ਅਤੇ ਨਿਆਂ ਤੇ ਮਨੁੱਖੀ ਅਧਿਕਾਰਾਂ ਪ੍ਰਤੀ ਅਟੱਲ ਵਚਨ ਤੇ ਸੰਘਰਸ਼ ਨੂੰ ਸਨਮਾਨ ਦਿੰਦਾ ਹੈ। ਦੀਵਾਲੀ ਦੀ ਸ਼ਾਮ ਦੌਰਾਨ ਹੋਏ ਸਮਾਗਮ ਵਿੱਚ ਹਜ਼ਾਰਾਂ ਲੋਕ ਪਹੁੰਚੇ। ਇਸ ਵਿੱਚ ਸਥਾਨਕ ਸਿੱਖ ਆਗੂਆਂ, ਹੋਰ ਭਾਈਚਾਰਿਆਂ ਦੇ ਮੈਂਬਰ, ਕਾਉਂਸਲ ਮੈਂਬਰਾਂ ਅਤੇ ਭਾਰਤੀ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵੀ ਸ਼ਾਮਲ ਹੋਏ। ਸਮਾਰੋਹ ਵਿੱਚ ਅਰਦਾਸ, ਸ਼ਬਦ ਅਤੇ ਸਭਿਆਚਾਰਕ ਪ੍ਰੋਗਰਾਮ ਹੋਏ।

ਭਾਰਤ ਦੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਸ ਨੂੰ ਸਿੱਖ ਭਾਈਚਾਰੇ ਲਈ ‘ਮਾਣ ਭਰਪੂਰ ਪਲ’ ਕਰਾਰ ਦਿੱਤਾ। ਉਹਨਾਂ ਨੇ ਕਿਹਾ ਕਿ ਇਹ ਸਨਮਾਨ ਰਿਚਮੰਡ ਹਿੱਲ ਵਿੱਚ ਸਿੱਖਾਂ ਦੇ ਯੋਗਦਾਨ ਅਤੇ ਨਿਊਯਾਰਕ ਦੀ ਬਹੁ-ਸਾਂਸਕ੍ਰਿਤਕ ਵਿਭਿੰਨਤਾ ਵਿੱਚ ਸਿੱਖ ਵਿਰਾਸਤ ਦੇ ਮਹੱਤਵ ਨੂੰ ਪੇਸ਼ ਕਰਦਾ ਹੈ। ਪੁਰੀ ਜੀ ਨੇ ਵਧੇਰੇ ਜ਼ੋਰ ਦਿੱਤਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਦਾ ਸੰਦੇਸ਼ ਅੱਜ ਵੀ ਵਿਸ਼ਵਵਿਆਪੀ ਮਹੱਤਵ ਰੱਖਦਾ ਹੈ। ਇਸੇ ਦੌਰਾਨ ਨਿਊਯਾਰਕ ਸਿਟੀ ਭਰ ਵਿੱਚ ਮੰਦਰਾਂ, ਗੁਰਦੁਆਰਿਆਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਅਰਦਾਸ ਦਾ




ਆਯੋਜਨ ਕੀਤਾ ਗਿਆ, ਜਿਸ ਨਾਲ ਇਹ ਘਟਨਾ ਹੋਰ ਵੀ ਵੱਡੀ ਬਣ ਗਈ।

**ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਸ਼ਹਾਦਤ**

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ ਅਤੇ ਉਹਨਾਂ ਨੂੰ ਧਰਮ ਦੀ ਰੱਖਿਆ ਅਤੇ ਮਨੁੱਖੀ ਹੱਕਾਂ ਪ੍ਰਤੀ ਅਟੱਲ ਸਮਰਪਣ ਲਈ ਜਾਣਿਆ ਜਾਂਦਾ ਹੈ। ਉਹ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਦੇ ਨੇੜੇ ਇੱਕ ਸਿੱਖ ਪਰਿਵਾਰ ਵਿੱਚ ਜਨਮੇ। ਉਹਨਾਂ ਦਾ ਜਨਮ ਤਪਾ ਸਾਹਿਬ ਵਿਖੇ ਹੋਇਆ ਅਤੇ ਉਹ ਗੁਰੂ ਹਰਗੋਬਿੰਦ ਜੀ ਦੇ ਪੁੱਤਰ ਸਨ। ਬਚਪਨ ਤੋਂ ਹੀ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਤੋਂ ਬਾਅਦ ਦੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਅਪਣਾਇਆ।

17ਵੀਂ ਸਦੀ ਵਿੱਚ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਹਿੰਦੂ ਭਾਈਚਾਰਿਆਂ ਉੱਪਰ ਜ਼ੁਲਮ ਕਰ ਰਿਹਾ ਸੀ ਅਤੇ ਧਰਮ ਪਰਿਵਰਤਨ ਕਰਵਾਉਣ ਲਈ ਜ਼ਬਰਦਸਤੀ ਕਰ ਰਿਹਾ ਸੀ, ਤਾਂ ਗੁਰੂ ਤੇਗ ਬਹਾਦਰ ਜੀ ਨੇ ਵਿਰੋਧ ਕੀਤਾ। ਉਹਨਾਂ ਨੇ ਹਿੰਦੂਆਂ ਦੀ ਧਾਰਮਿਕ ਆਜ਼ਾਦੀ ਲਈ ਵੀ ਲੜਾਈ ਲੜੀ। ਕਸ਼ਮੀਰ ਦੇ ਪੰਡਿਤਾਂ ਨੇ ਜਦੋਂ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਗੁਰੂ ਜੀ ਨੂੰ ਬੇਨਤੀ ਕੀਤੀ ਤਾਂ ਉਹਨਾਂ ਨੇ ਬਿਨਾਂ ਹਿਚਕਿਚਾਹਟ ਔਰੰਗਜ਼ੇਬ ਦਾ ਵਿਰੋਧ ਕੀਤਾ। ਨਤੀਜੇ ਵਜੋਂ 1675 ਵਿੱਚ ਦਿੱਲੀ ਵਿੱਚ ਔਰੰਗਜ਼ੇਬ ਨੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ। ਇਹ ਸ਼ਹਾਦਤ ਇਤਿਹਾਸ ਵਿੱਚ ਅਮਰ ਹੈ, ਕਿਉਂਕਿ ਗੁਰੂ ਜੀ ਨੇ ਦੂਜੇ ਧਰਮ ਲਈ ,ਅਜ਼ਾਦੀ ਤੇ ਮਨੁੱਖੀ ਅਧਿਕਾਰਾਂ ਲਈ ਆਪਣੀ ਸ਼ਹਾਦਤ ਦਿੱਤੀ।

ਉਹਨਾਂ ਦੀ ਸ਼ਹਾਦਤ ਦੀ ਵਿਲੱਖਣਤਾ ਇਹ ਹੈ ਕਿ ਗੁਰੂ ਜੀ ਨੇ ਦੂਜੇ ਧਰਮ ਦੀ ਅਜ਼ਾਦੀ ਲਈ ਆਪਣੀ ਸ਼ਹਾਦਤ ਦਿੱਤੀ ਸੀ। ਗੁਰੂ ਸਾਹਿਬ ਤੋਂ ਪ੍ਰੇਰਨਾ ਲੈ ਕੇ ਸਿੱਖ, ਵੱਖ-ਵੱਖ ਧਰਮਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਇਤਿਹਾਸ ਵਿੱਚ ਖੜ੍ਹਦੇ ਆਏ ਹਨ। ਉਹਨਾਂ ਦੀ ਦੱਬੇ-ਕੁਚਲੇ ਲੋਕਾਂ ਲਈ ਖੜ੍ਹਨ, ਜ਼ੁਲਮ ਦੇ ਵਿਰੁੱਧ ਲੜਨ ਅਤੇ ਉੱਚ ਆਦਰਸ਼ਾਂ ਲਈ ਕੁਰਬਾਨੀ ਦੀ ਮਿਸਾਲ ਨੇ ਇਤਿਹਾਸ ਵਿੱਚ ਸਿੱਖਾਂ ਨੂੰ ਪ੍ਰੇਰਿਤ ਕੀਤਾ ਹੈ। ਗੁਰੂ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਨੂੰ ਹੋਰ ਮਜ਼ਬੂਤ ਕੀਤਾ ਅਤੇ ਵਿਸ਼ਵ ਭਰ ਵਿੱਚ ਧਾਰਮਿਕ ਆਜ਼ਾਦੀ ਦੀ ਲੜਾਈ ਨੂੰ ਨਵਾਂ ਜੋਸ਼ ਦਿੱਤਾ। ਉਹਨਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਮਹਾਨ ਵਿਰਾਸਤ ਨੂੰ ਅੱਗੇ ਵਧਾਇਆ।

**ਸਿੱਖ ਪੰਥ ਲਈ ਵੱਡਾ ਤੋਹਫਾ**

ਇਸ ਸੜਕ ਦਾ ਨਾਂਅ ਬਦਲਾਅ ਦੇ ਫਾਇਦੇ ਬਹੁਤ ਹੀ ਵੱਡੇ ਅਤੇ ਵਿਭਿੰਨ ਹਨ।

(ਬਾਕੀ ਸਫ਼ਾ 27 ’ਤੇ)

# ਸਿਟੀ ਸੈਕਰਾਮੈਂਟੋ ਲੈਜਿਸ ਲੇਟਿਵ ਦੀ ਮੀਟਿੰਗ



ਸੈਕਰਾਮੈਂਟੋ ਸਿਟੀ ਹਾਲ ਦੀਆਂ ਮੀਟਿੰਗਾਂ ਵਿੱਚ, ਜਿੱਥੇ ਕ੍ਰਿਪਾਨ ਪਾਉਣ ਦੀ ਮਨਾਹੀ ਹੈ, ਭਾਈ ਜਸਜੀਤ ਸਿੰਘ ਸਕੂਲ ਬੋਰਡ ਦੇ ਮੈਂਬਰ ਤੇ ਜੈਕਾਰਾ ਮੂਵਮੈਂਟ ਦੇ ਮਨਦੀਪ ਸਿੰਘ ਦੀਆਂ ਕੋਸ਼ਿਸ਼ਾਂ ਨਾਲ ਕ੍ਰਿਪਾਨ ਪਾਉਣ ਦਾ ਮੁੱਦਾ ਚੁੱਕਿਆ ਗਿਆ। ਜਿਥੇ ਇਸ ਮਤੇ ਦੇ ਹੱਕ ਵਿੱਚ ਗੁਰਦੁਆਰਾ ਸਾਹਿਬ ਬਰਾਡਸ਼ਾਹ ਤੋਂ ਵੀ ਸੰਗਤ ਮੈਂਬਰਾਂ ਨੇ ਸਹਿਯੋਗ ਦਿੱਤਾ। ਇਸ ਮੌਕੇ ਬਹੁਤ ਹੀ ਖ਼ੂਬਸੂਰਤੀ ਨਾਲ ਜਸਜੀਤ ਸਿੰਘ ਅਤੇ ਮਨਦੀਪ ਸਿੰਘ ਨੇ ਇਸ ਦੇ ਹੱਕ ਵਿੱਚ ਸਬੂਤ ਦਿੱਤੇ। ਦੂਸਰੀ ਕਮਿਊਨਿਟੀ ਦੇ ਵੀ 2 ਮੈਂਬਰਾਂ ਨੇ ਹੱਕ ਵਿੱਚ ਦਲੀਲਾਂ ਦਿਤੀਆਂ। ਇਸ ਤਰ ਾਂ ਕ੍ਰਿਪਾਨ ਪਾਉਣ ਦਾ ਮੁੱਦਾ ਸਿਟੀ ਸੈਕਰਾਮੈਂਟੋ ਦੀ ਲੈਜਿਸਲੇਟਿਵ ਦੀ ਕਮੇਟੀ ਵਿੱਚ ਬਿਨਾ ਵਿਰੋਧ ਪਾਸ ਹੋ ਗਿਆ ਤੇ ਹੁਣ ਸਾਰੀ ਕੌਂਸਲ ਦੀ ਕਮੇਟੀ ਵਿੱਚ ਇਸ ਕੇਸ ਦੀ ਸੁਣਵਾਈ ਹੋਵੇਗੀ। ਆਸ ਕੀਤੀ ਜਾਂਦੀ ਹੈ ਕਿ ਉਸ ਵਿੱਚ ਵੀ ਇਹ ਪਾਸ ਹੋ ਜਾਵੇਗਾ।

# ਅਮਰੀਕਾ ਅਤੇ ਜਪਾਨ ਵਿਚਾਲੇ ਹੋਏ ਵਪਾਰ ਅਤੇ ਖਣਿਜ ਸਮਝੌਤੇ

ਟੋਕੀਓ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਜਾਪਾਨੀ ਪ੍ਰਧਾਨ ਮੰਤਰੀ ਸਨਾਏ ਤਾਕਾਈਚੀ ਨੇ ਪਿਛਲੇ ਦਿਨੀਂ ਆਪਣੀ ਦੁਵੱਲੀ ਮੀਟਿੰਗ ਤੋਂ ਬਾਅਦ ਦੋ ਵੱਡੇ ਸਮਝੌਤਿਆਂ ’ਤੇ ਹਸਤਾਖਰ ਕੀਤੇ, ਜਿਨ੍ਹਾਂ ਵਿੱਚੋਂ ਇੱਕ ਵਪਾਰ ਅਤੇ ਦੂਜਾ ਖਣਿਜਾਂ ’ਤੇ ਕੇਂਦਰਿਤ ਸੀ।

ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪਹਿਲਾ ਸਮਝੌਤਾ ਅਮਰੀਕਾ-ਜਾਪਾਨ ਗਠਜੋੜ ਵਿੱਚ ‘ਇੱਕ ਨਵੇਂ ਸੁਨਹਿਰੀ ਯੁੱਗ’ ਸ਼ੁਰੂਆਤ ਕਰੇਗਾ। ਇਸ ਪ੍ਰਬੰਧ ਤਹਿਤ, ਜਾਪਾਨੀ ਨਿਵੇਸ਼ ਵਿੱਚ 550 ਬਿਲੀਅਨ ਅਮਰੀਕੀ ਡਾਲਰ ਦੇ ਬਦਲੇ ਜਾਪਾਨੀ ਬਰਾਮਦ ’ਤੇ 15 ਪ੍ਰਤੀਸ਼ਤ ਟੈਕਸ ਲਾਗੂ ਹੋਵੇਗਾ।

ਦੂਜੇ ਸਮਝੌਤੇ ਤਹਿਤ ਮਾਈਨਿੰਗ ਅਤੇ ਪ੍ਰੋਸੈਸਿੰਗ ਵਿੱਚ ਮਜ਼ਬੂਤ ਸਹਿਯੋਗ ਰਾਹੀਂ ਨਾਜ਼ੁਕ ਅਤੇ ਦੁਰਲੱਭ-ਧਰਤੀ ਖਣਿਜਾਂ ਦੀ ਸਪਲਾਈ ਨੂੰ ਸੁਰੱਖਿਅਤ ਕਰਨ ਲਈ ਇੱਕ ਢਾਂਚਾ ਸਥਾਪਿਤ ਕੀਤਾ।

ਕਿਹਾ ਗਿਆ ਹੈ ਕਿ ਇਸ ਪਹਿਲਕਦਮੀ ਦਾ ਉਦੇਸ਼ ਇਲੈਕਟ੍ਰੋਨਿਕਸ ਅਤੇ ਉੱਨਤ ਤਕਨਾਲੋਜੀਆਂ ਦੇ ਉਤਪਾਦਨ ਲਈ ਮਹੱਤਵਪੂਰਨ ਸਮੱਗਰੀਆਂ ਲਈ ਸਪਲਾਈ ਚੇਨ ਲਚਕਤਾ ਨੂੰ ਹੁਲਾਰਾ ਦੇਣਾ ਹੈ।

ਟਰੰਪ ਦੀ ਪ੍ਰਧਾਨ ਮੰਤਰੀ ਤਾਕਾਈਚੀ ਨਾਲ ਟੋਕੀਓ ਦੇ ਅਕਾਸਾਕਾ ਪੈਲੇਸ ਵਿੱਚ ਪਿਛਲੇ ਦਿਨੀਂ ਹੋਈ ਮੁਲਾਕਾਤ ਤੋਂ ਬਾਅਦ ਇਨ੍ਹਾਂ ਸਮਝੌਤਿਆਂ ਤੇ ਦਸਤਖਤ ਕੀਤੇ ਗਏ।



ਆਪਣੀ ਮੁਲਾਕਾਤ ਦੌਰਾਨ, ਦੋਵਾਂ ਆਗੂਆਂ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ’ਤੇ ਚਰਚਾ ਕੀਤੀ।

ਜਾਪਾਨੀ ਰਾਜ ਮੀਡੀਆ ਅਨੁਸਾਰ ਤਾਕਾਈਚੀ ਨੇ ਦੁਵੱਲੇ ਸਬੰਧਾਂ ਨੂੰ ਦੁਨੀਆ ਦਾ ਸਭ ਤੋਂ ਮਹਾਨ ਗਠਜੋੜ ਕਹਿੰਦਿਆਂ, ਟਰੰਪ ਨਾਲ ਮਿਲ ਕੇ ਜਾਪਾਨ-ਅਮਰੀਕਾ ਗਠਜੋੜ ਦੇ ‘ਨਵੇਂ ਸੁਨਹਿਰੀ ਯੁੱਗ’ ਦਾ ਨਿਰਮਾਣ ਕਰਨ ਦਾ ਵਾਅਦਾ ਕੀਤਾ।

# ਗਾਜ਼ਾ ਜੰਗਬੰਦੀ ਦੌਰਾਨ ਹਮਲਾ ਹੋਣ ’ਤੇ ਇਜ਼ਰਾਇਲ ਕਰ ਸਕਦਾ ਹੈ ਜਵਾਬੀ ਕਾਰਵਾਈ : ਟਰੰਪ

ਯੇਰੂਸ਼ਲਮ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਗਾਜ਼ਾ ਵਿੱਚ ਅਮਰੀਕਾ-ਸਮਰਥਿਤ ਜੰਗਬੰਦੀ ਖਤਰੇ ਵਿੱਚ ਨਹੀਂ ਹੈ। ਹਾਲਾਂਕਿ ਸਥਾਨਕ ਅਧਿਕਾਰੀਆਂ ਨੇ ਇਜ਼ਰਾਈਲੀ ਹਮਲਿਆਂ ਵਿੱਚ 26 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਦਿੱਤੀ ਹੈ ਅਤੇ ਇਜ਼ਰਾਇਲ ਤੇ ਹਮਾਸ ਨੇ ਹਿੰਸਾ ਲਈ ਇੱਕ ਦੂਜੇ ’ਤੇ ਦੋਸ਼ ਲਗਾਏ ਹਨ।



ਇਜ਼ਰਾਈਲੀ ਜਹਾਜ਼ਾਂ ਨੇ ਬੀਤੇ ਦਿਨ ਗਾਜ਼ਾ ਵਿੱਚ ਹਮਲੇ ਕੀਤੇ, ਜਦੋਂ ਇਜ਼ਰਾਇਲ ਨੇ ਅਤਿਵਾਦੀ ਸਮੂਹ ਹਮਾਸ ’ਤੇ ਜੰਗਬੰਦੀ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ। ਟਰੰਪ ਵੱਲੋਂ ਕਰਵਾਏ ਗਏ ਤਿੰਨ ਹਫ਼ਤੇ ਪੁਰਾਣੇ ਸੌਦੇ ਵਿੱਚ ਤਾਜ਼ਾ ਹਿੰਸਾ ਸੀ। ਗਾਜ਼ਾ ਦੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਹਮਲਿਆਂ ਵਿੱਚ ਘੱਟੋ-ਘੱਟ 26 ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ ਪੰਜ ਕੇਂਦਰੀ ਗਾਜ਼ਾ ਪੱਟੀ ਦੇ ਬੁਰੇਈਜ ਸ਼ਰਨਾਰਥੀ ਕੈਂਪ ਵਿੱਚ ਇੱਕ ਘਰ ਵਿੱਚ, ਚਾਰ ਗਾਜ਼ਾ ਸਿਟੀ ਦੇ ਸਬਰਾ ਇਲਾਕੇ ਵਿੱਚ ਇੱਕ ਇਮਾਰਤ ਵਿੱਚ, ਅਤੇ ਪੰਜ ਖਾਨ ਯੂਨਿਸ ਵਿੱਚ ਇੱਕ ਕਾਰ ਵਿੱਚ ਮਾਰੇ ਗਏ। ਟਰੰਪ ਨੇ ਏਅਰ ਫੋਰਸ ਵਨ ਵਿੱਚ ਪੱਤਰਕਾਰਾਂ ਨੂੰ ਦੱਸਿਆ, “ਜਿੱਥੋਂ ਤੱਕ ਮੈਂ ਸਮਝਦਾ ਹਾਂ, ਉਨ੍ਹਾਂ ਨੇ ਇੱਕ ਇਜ਼ਰਾਈਲੀ ਸਿਪਾਹੀ ਨੂੰ ਮਾਰ ਦਿੱਤਾ ਹੈ।” ਉਨ੍ਹਾਂ ਅੱਗੇ ਕਿਹਾ, “ਇਸ ਲਈ ਇਜ਼ਰਾਈਲੀਆਂ ਨੇ ਜਵਾਬੀ ਕਾਰਵਾਈ ਕੀਤੀ। ਜਦੋਂ ਅਜਿਹਾ ਹੁੰਦਾ ਹੈ, ਤਾਂ ਉਨ੍ਹਾਂ ਨੂੰ ਜਵਾਬੀ ਕਾਰਵਾਈ ਕਰਨੀ ਚਾਹੀਦੀ ਹੈ।”

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਯੂਕ੍ਰੇਨ ਤੇ ਰੂਸ ਵਿਚਾਲੇ ਜੰਗ ਕੀ ਖ਼ਤਮ ਹੋਵੇਗੀ ?

## ਪੁਤਿਨ-ਟਰੰਪ ਬੈਠਕ ਮੁੜ ਸ਼ੁਰੂ : ਰੂਸ ਸਿਰਫ਼ ਸੀਜ਼ਫਾਇਰ ਨਹੀਂ ਚਾਹੁੰਦਾ, ਸਗੋਂ ਇੱਕ 'ਅੰਤਿਮ ਹੱਲ' ਚਾਹੁੰਦੈ ਜੋ ਜੰਗ ਨੂੰ ਪੱਕੇ ਤੌਰ 'ਤੇ ਖ਼ਤਮ ਕਰੇ

ਗਾਜ਼ਾ ਵਿੱਚ ਹੋ ਰਹੀ ਜੰਗ ਨੂੰ ਖਤਮ ਕਰਨ ਵਾਲੇ ਸਮਝੌਤੇ ਤੋਂ ਬਾਅਦ ਹੁਣ ਯੂਕ੍ਰੇਨ ਵਿੱਚ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਰੂਸ-ਯੂਕ੍ਰੇਨ ਜੰਗ ਨੂੰ ਖਤਮ ਕਰਨ ਲਈ ਰੂਸ ਅਮਰੀਕਾ ਵਿਚਾਲੇ ਗੱਲਬਾਤ ਜਾਰੀ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਵਿਸ਼ੇਸ਼ ਦੂਤ ਕਿਰਿਲ ਡਮਿਟਰੀਏਵ ਨੇ ਕਿਹਾ ਹੈ ਕਿ ਅਮਰੀਕਾ, ਯੂਕ੍ਰੇਨ ਅਤੇ ਰੂਸ ਤਿੰਨੋਂ ਹੀ ਇਸ ਜੰਗ ਨੂੰ ਖਤਮ ਕਰਨ ਵਾਲੇ ਡਿਪਲੋਮੈਟਿਕ ਹੱਲ ਵੱਲ 'ਬਹੁਤ ਨੇੜੇ' ਪਹੁੰਚ ਗਏ ਹਨ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਨੇ ਰੂਸੀ ਤੇਲ ਕੰਪਨੀਆਂ ਉੱਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ, ਜਿਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਤਣਾਅ ਵਧ ਗਿਆ ਹੈ। ਡਮਿਟਰੀਏਵ ਨੇ ਕਿਹਾ ਕਿ ਪੁਤਿਨ ਅਤੇ ਟਰੰਪ ਵਿਚਕਾਰ ਹੋਣ ਵਾਲੀ ਮੁਲਾਕਾਤ ਨੂੰ ਰੱਦ ਨਹੀਂ ਕੀਤਾ ਗਿਆ, ਸਿਰਫ਼ ਉਸ ਨੂੰ ਕੁਝ ਸਮੇਂ ਲਈ ਅਗੇ ਪਾਇਆ ਗਿਆ ਹੈ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਤਿਨ ਨਾਲ ਬੈਠਕ ਨੂੰ ਰੱਦ ਕਰਨ ਵਾਲਾ ਐਲਾਨ ਕੀਤਾ ਸੀ ਕਿ ਰੂਸ ਤੁਰੰਤ ਸੀਜ਼ਫਾਇਰ ਨੂੰ ਸਵੀਕਾਰ ਨਹੀਂ ਕਰ ਰਿਹਾ। ਟਰੰਪ ਨੇ ਕਿਹਾ ਸੀ , ਕਿ 'ਮੈਂ ਪੁਤਿਨ ਨਾਲ ਬੈਠਕ ਨਹੀਂ ਕਰਾਂਗਾ ਜੇਕਰ ਉਹ ਸ਼ਾਂਤੀ ਸਮਝੌਤੇ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ।'

ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗੱਲਬਾਤ ਵਿੱਚ ਸੀਜ਼ਫਾਇਰ ਨੂੰ ਰੱਦ ਕਰ ਦਿੱਤਾ, ਕਿਉਂਕਿ ਰੂਸ ਨੂੰ ਲੱਗਦਾ ਹੈ ਕਿ ਇਹ ਸਿਰਫ਼ ਯੂਕ੍ਰੇਨ ਨੂੰ ਹਥਿਆਰਾਂ ਨਾਲ ਫਿਰ ਤੋਂ ਤਿਆਰ ਕਰਨ ਦਾ ਮੌਕਾ ਦੇਵੇਗਾ।

ਡਮਿਟਰੀਏਵ ਨੇ ਕਿਹਾ ਕਿ ਰੂਸ ਨੂੰ ਸਿਰਫ਼ ਸੀਜ਼ਫਾਇਰ ਨਹੀਂ ਚਾਹੀਦਾ, ਸਗੋਂ ਇੱਕ 'ਅੰਤਿਮ ਹੱਲ' ਚਾਹੀਦਾ ਹੈ ਜੋ ਜੰਗ ਨੂੰ ਪੱਕੇ ਤੌਰ 'ਤੇ ਖਤਮ ਕਰੇ।

ਰੂਸੀ ਦੂਤ ਨੇ ਸੀ.ਐਨ.ਐਨ. ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰੂਸ ਅਤੇ ਅਮਰੀਕਾ ਵਿਚਕਾਰ ਗੱਲਬਾਤ ਜਾਰੀ ਹੈ ਅਤੇ ਇਹ ਤੱਦ ਤੱਕ ਜਾਰੀ ਰਹੇਗੀ ਜਦੋਂ ਤੱਕ ਅਸੀਂ ਕਿਸੇ ਨਤੀਜੇ ਉੱਪਰ ਨਹੀਂ ਪਹੁੰਚ ਜਾਂਦੇ।

ਯੂਕ੍ਰੇਨੀ ਰਾਸ਼ਟਰਪਤੀ ਜ਼ੇਲੰਸਕੀ ਨੇ ਜੰਗੀ ਹੱਲ ਬਾਰੇ ਸਹਿਮਤੀ ਪ੍ਰਗਟਾਈ ਹੈ।ਡਮਿਟਰੀਏਵ ਨੇ ਇਹ ਵੀ ਕਿਹਾ ਕਿ ਪੁਤਿਨ ਅਤੇ ਟਰੰਪ ਵਿਚਕਾਰ ਬੈਠਕ ਕਿਸੇ ਹੋਰ ਦਿਨ ਹੋ ਸਕਦੀ ਹੈ, ਪਰ ਇਹ ਤੈਅ ਨਹੀਂ ਹੈ। ਟਰੰਪ ਨੇ ਕਿਹਾ ਸੀ ਕਿ ਰੂਸ ਤੁਰੰਤ ਸੀਜ਼ਫਾਇਰ ਨੂੰ ਸਵੀਕਾਰ ਨਹੀਂ ਕਰ ਰਿਹਾ, ਇਸ ਲਈ ਬੈਠਕ ਨੂੰ ਟਾਲ ਦਿੱਤਾ ਗਿਆ। ਪਰ ਰੂਸੀ ਪਾਸੇ ਤੋਂ ਇਹ ਬਿਆਨ ਆਉਣ ਨਾਲ ਉਮੀਦਾਂ ਬਝ ਗਈਆਂ ਹਨ ਕਿ ਸ਼ਾਂਤੀ ਦਾ ਰਾਹ ਖੁੱਲ੍ਹ ਰਿਹਾ ਹੈ।ਟਰੰਪ ਨੇ ਪੁਤਿਨ ਨੂੰ ਚਿਤਾਵਨੀ ਵੀ ਦਿੱਤੀ ਸੀ ਕਿ ਜੇਕਰ ਗੱਲਬਾਤ ਨਾ ਹੋਈ ਤਾਂ ਅਮਰੀਕਾ ਹੋਰ ਸਖ਼ਤ ਕਦਮ ਚੁੱਕੇਗਾ।

ਅਮਰੀਕਾ ਨੇ ਰੂਸ ਦੀਆਂ ਦੋ ਸਭ ਤੋਂ ਵੱਡੀਆਂ ਤੇਲ ਕੰਪਨੀਆਂ ਰੋਸਨੈਫਟ ਅਤੇ ਲੁਕਆਇਲ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ, ਜੋ ਵਿਸ਼ਵ ਦੇ 5 ਫੀਸਦੀ ਤੇਲ ਦੇ ਉਤਪਾਦਨ ਲਈ ਜ਼ਿੰਮੇਵਾਰ ਹਨ। ਇਹ ਪਾਬੰਦੀਆਂ ਰੂਸ ਨੂੰ ਯੂਕ੍ਰੇਨ ਵਿੱਚ ਜੰਗ ਜਾਰੀ ਰੱਖਣ ਲਈ ਰਾਹਤ ਨੂੰ ਘਟਾਉਣ ਲਈ ਲਗਾਈਆਂ ਗਈਆਂ ਹਨ।



ਅਮਰੀਕੀ ਟਰੈਜ਼ਰੀ ਸੈਕਟਰੀ ਸਕਾਟ ਬੈਸੈਂਟ ਨੇ ਕਿਹਾ ਕਿ ਇਹ ਕੰਪਨੀਆਂ ਰੂਸੀ ਯੁੱਧ ਨੂੰ ਆਰਥਿਕਤਾ ਪ੍ਰਦਾਨ ਕਰਦੀਆਂ ਹਨ ਅਤੇ ਪੁਤਿਨ ਨੂੰ ਤੁਰੰਤ ਸੀਜ਼ਫਾਇਰ ਲਈ ਮਜਬੂਰ ਕਰਨ ਲਈ ਇਹ ਜ਼ਰੂਰੀ ਹੈ। ਇਸ ਨਾਲ ਤੇਲ ਦੀਆਂ ਕੀਮਤਾਂ ਵਿੱਚ 5 ਫੀਸਦੀ ਵਾਧਾ ਹੋ ਗਿਆ ਹੈ ਅਤੇ ਚੀਨ ਅਤੇ ਭਾਰਤ ਵਰਗੇ ਵੱਡੇ ਖਰੀਦਦਾਰਾਂ ਨੇ ਰੂਸੀ ਤੇਲ ਦੀ ਆਯਾਤ ਘਟਾਉਣੀ ਸ਼ੁਰੂ ਕਰ ਦਿੱਤੀ ਹੈ।

ਰੂਸੀ ਦੂਤ ਡਮਿਟਰੀਏਵ ਨੇ ਇਸ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਪਾਬੰਦੀਆਂ ਅਮਰੀਕਾ ਨੂੰ ਵਧੇਰੇ ਨੁਕਸਾਨ ਪਹੁੰਚਾਉਣਗੀਆਂ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਇਸ ਨਾਲ ਅਮਰੀਕਾ ਵਿੱਚ ਪੈਟਰੋਲ ਦੀਆਂ ਕੀਮਤਾਂ ਵਧਣਗੀਆਂ ਅਤੇ ਆਮ ਲੋਕ ਪਰੇਸ਼ਾਨ ਹੋਣਗੇ। ਪੁਤਿਨ ਨੇ ਵੀ ਕਿਹਾ ਕਿ ਰੂਸ ਦਬਾਅ ਵਿੱਚ ਕੰਮ ਨਹੀਂ ਕਰੇਗਾ ਅਤੇ ਇਹ ਤੇਲ ਨੂੰ ਘੱਟ ਮਾਤਰਾ ਵਿੱਚ ਵੇਚ ਕੇ ਵੀ ਫਾਇਦਾ ਉਠਾਏਗਾ। ਪਰ ਵਿਸ਼ਲੇਸ਼ਕਾਂ ਅਨੁਸਾਰ, ਇਹ ਪਾਬੰਦੀਆਂ ਰੂਸੀ ਅਰਥਵਿਵਸਥਾ ਨੂੰ ਲੰਮੇ ਸਮੇਂ ਲਈ ਕਮਜ਼ੋਰ ਕਰਨਗੀਆਂ। ਰੂਸ ਦੇ ਤੇਲ ਨਿਰਯਾਤ ਵਿੱਚ 47 ਫੀਸਦੀ ਹਿੱਸਾ ਇਹਨਾਂ ਕੰਪਨੀਆਂ ਦਾ ਹੈ, ਜੋ ਚੀਨ ਅਤੇ ਭਾਰਤ ਨੂੰ ਜਾਂਦਾ ਹੈ। ਅਮਰੀਕਾ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਵਿਦੇਸ਼ੀ ਬੈਂਕਾਂ ਨੇ ਇਹਨਾਂ ਨਾਲ ਵਪਾਰ ਜਾਰੀ ਰੱਖਿਆ ਤਾਂ ਉਹਨਾਂ 'ਤੇ ਵੀ ਪਾਬੰਦੀਆਂ ਲਗਾਈਆਂ ਜਾਣਗੀਆਂ।ਇਸ ਨਾਲ ਵਿਸ਼ਵ ਬਾਜ਼ਾਰ ਵਿੱਚ ਅਸਥਿਰਤਾ ਵਧ ਗਈ ਹੈ।

ਅਸਲ ਵਿੱਚ ਅਮਰੀਕਾ ਤੇ ਰੂਸ ਯੂਕ੍ਰੇਨ ਦੇ ਕੁਦਰਤੀ ਭੰਡਾਰਾਂ ਉੱਪਰ ਕਾਬਜ਼ ਹੋਣਾ ਚਾਹੁੰਦੇ ਹਨ। ਇਹ ਮਸਲਾ ਸਿਰਫ਼ ਜੰਗ ਦਾ ਨਹੀਂ, ਅਰਥ-ਨੀਤੀ ਤੇ ਸੰਸਾਧਨਾਂ ਉਪਰ ਕਬਜ਼ੇ ਨਾਲ ਜੁੜਿਆ ਹੋਇਆ ਹੈ।

ਯੂਕ੍ਰੇਨ ਇੱਕ ਸਭ ਤੋਂ ਸੰਸਾਧਨ-ਧਨੀ ਦੇਸ਼ ਹੈ। ਇੱਥੇ ਬਹੁਤ ਕੀਮਤੀ ਖਣਿਜ, ਧਾਤਾਂ, ਅਨਾਜ ਤੇ ਊਰਜਾ ਸੰਬੰਧੀ ਸਰੋਤ ਹਨ।ਲੋਹਾ ਅਤੇ ਮੈਗਨੀਜ਼ ਵਿਸ਼ਵ ਦੇ ਕੁੱਲ ਭੰਡਾਰ ਦਾ ਲਗਭਗ 10% ਯੂਕ੍ਰੇਨ ਵਿੱਚ ਹੈ।ਸਟੀਲ ਉਦਯੋਗ ਲਈ ਬਹੁਤ ਜ਼ਰੂਰੀ ਹਨ।

ਇਥੇ ਕੋਇਲਾ ਯੂਰਪ ਵਿੱਚ ਸਭ ਤੋਂ ਵੱਡੇ ਕੋਇਲੇ ਦੇ ਭੰਡਾਰਾਂ ਵਿਚੋਂ ਸਭ ਤੋਂ ਜ਼ਿਆਦਾ ਹੈ ਜੋ ਡੋਨਬਾਸ ਖੇਤਰ ਵਿੱਚ ਮੌਜੂਦ ਹੈ। ਯੂਰੇਨੀਅਮ ਪਰਮਾਣੂ ਊਰਜਾ ਲਈ ਬਹੁਤ ਮਹੱਤਵਪੂਰਨ ਹੈ।ਇਹ ਯੂਕ੍ਰੇਨ ਵਿੱਚ ਯੂਰਪ ਦੇ ਸਭ ਤੋਂ ਵੱਡੇ ਭੰਡਾਰਾਂ ਵਿਚੋਂ ਜਿਆਦਾ ਪਾਇਆ ਜਾਂਦਾ ਹੈ।ਯੂਰਪ ਵੱਲ ਜਾਣ ਵਾਲੀਆਂ ਰੂਸ ਦੀਆਂ ਗੈਸ ਪਾਈਪਲਾਈਨਾਂ ਯੂਕਰੇਨ ਰਾਹੀਂ ਲੰਘਦੀਆਂ ਹਨ।ਕਾਲੇ ਸਾਗਰ ਦੇ ਹਿੱਸੇ ਵਿੱਚ ਤੇਲ ਤੇ ਗੈਸ ਦੇ ਵੱਡੇ ਸੰਭਾਵੀ ਖੇਤਰ ਹਨ।ਯੂਕ੍ਰੇਨ ਨੂੰ ਯੂਰਪ ਦੀ ਅਨਾਜ-ਪੇਟੀ ਕਿਹਾ ਜਾਂਦਾ ਹੈ।ਯੂਕ੍ਰੇਨ ਗੰਦਮ, ਮੱਕੀ, ਤੇਲਦਾਰ ਬੀਜਾਂ ਵਿੱਚ ਵਿਸ਼ਵ ਪੱਧਰੀ ਨਿਰਯਾਤਕਾਰ ਹੈ।ਲਿਥੀਅਮ, ਟਾਈਟੇਨੀਅਮ, ਨਿੱਕਲ, ਦੁਰਲੱਭ ਧਰਤੀ ਦੇ ਤੱਤ ਯੂਕ੍ਰੇਨ ਵਿੱਚ ਮੌਜੂਦ ਹਨ।ਇਹ ਇਲੈਕਟ੍ਰਿਕ ਕਾਰਾਂ, ਮਿਸਾਈਲਾਂ ਤੇ ਹਾਈ-ਟੈਕ ਉਦਯੋਗਾਂ ਲਈ ਬਹੁਤ ਜ਼ਰੂਰੀ ਹਨ।ਯੂਕ੍ਰੇਨ ਕੋਲ ਇਨ੍ਹਾਂ ਦੇ ਵੱਡੇ ਭੰਡਾਰ ਹਨ।ਆਖਿਰ ਰੂਸ ਇਹਨਾਂ ਕੁਦਰਤੀ ਭੰਡਾਰਾਂ ਨੂੰ ਕਿਉਂ ਲੁੱਟਣਾ ਚਾਹੁੰਦਾ ਹੈ।ਇਹ ਸੰਸਾਧਨ ਉਸਦੇ ਹੱਥ ਆਉਣ ਤੇ ਰੂਸ ਦੁਬਾਰਾ ਸੁਪਰਪਾਵਰ ਬਣ ਸਕਦਾ ਹੈ।ਖਾਸਕਰ ਗੈਸ ਤੇ ਲੋਹੇ ਦੇ ਖੇਤਰਾਂ ਉਤੇ ਕਬਜ਼ਾ ਕਰਕੇ ਯੂਰਪ ਉੱਤੇ ਦਬਾਅ ਬਣਾਉਣਾ ਚਾਹੁੰਦਾ ਹੈ।ਯੂਕ੍ਰੇਨ ਨਾਟੋ ਵਿੱਚ ਨਾ ਜਾਵੇ, ਇਹ ਰੂਸ ਦਾ ਵੱਡਾ ਟੀਚਾ ਹੈ।ਜੇ ਯੂਕ੍ਰੇਨ ਪੱਛਮੀ ਸੰਸਾਰ ਨਾਲ ਮਿਲ ਜਾਂਦਾ ਹੈ, ਤਾਂ ਰੂਸ ਦੀ ਸੁਰੱਖਿਆ ਘੱਟ ਹੋ ਜਾਂਦੀ।

ਸਵਾਲ ਇਹ ਹੈ ਕਿ ਅਮਰੀਕਾ ਕਿਉਂ ਦਖ਼ਲਅੰਦਾਜ਼ੀ ਕਰ ਰਿਹਾ ਯੂਕ੍ਰੇਨ ਰੂਸ ਮਸਲੇ ਵਿੱਚ। ਕੌਮਾਂਤਰੀ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਨਹੀਂ ਚਾਹੁੰਦਾ ਕਿ ਰੂਸ ਯੂਰਪ ਵਿੱਚ ਵੱਡੀ ਤਾਕਤ ਬਣੇ।

ਇਸ ਲਈ ਉਹ ਯੂਕ੍ਰੇਨ ਨੂੰ ਹਥਿਆਰ ਤੇ ਪੈਸਾ ਦੇ ਕੇ ਸਹਿਯੋਗ ਕਰਦਾ ਹੈ ਤਾਂ ਜੋ ਉਹ ਰੂਸ ਅੱਗੇ ਡਟ ਸਕੇ।ਯੂਕ੍ਰੇਨ ਦੇ ਲਿਥੀਅਮ, ਯੂਰੇਨੀਅਮ, ਤੇ ਤੇਲ ਖੇਤਰਾਂ ਵਿੱਚ ਅਮਰੀਕੀ ਕੰਪਨੀਆਂ ਦੀ ਨਜ਼ਰ ਹੈ।ਉਹ ਭਵਿੱਖ ਦੇ ਇਲੈਕਟ੍ਰਿਕ ਵਾਹਨਾਂ ਤੇ ਹਥਿਆਰ ਉਦਯੋਗ ਲਈ ਇਹ ਸੰਸਾਧਨ ਹਾਸਲ ਕਰਨਾ ਚਾਹੁੰਦੇ ਹਨ।

ਯੂ.ਐਨ. ਜਾਂ ਵਿਸ਼ਵ ਬੈਂਕ ਵਰਗੀ ਸੰਸਥਾ ਵੱਲੋਂ ਯੂਕ੍ਰੇਨ ਦੇ ਭੰਡਾਰਾਂ ਉੱਤੇ ਨਿਗਰਾਨੀ ਸਥਾਪਿਤ ਕੀਤੀ ਜਾਵੇ, ਜਿਸ ਵਿੱਚ ਰੂਸੀ ਕਬਜ਼ੇ ਵਾਲੇ ਖੇਤਰਾਂ (ਜਿਵੇਂ ਡੋਨਬਾਸ) ਨੂੰ ਵਾਪਸ ਲੈਣ ਲਈ ਸ਼ਾਂਤੀ ਸਮਝੌਤੇ ਵਿੱਚ ਸ਼ਾਮਲ ਕੀਤਾ ਜਾਵੇ। ਭੰਡਾਰਾਂ ਨੂੰ ਵੰਡਣ ਲਈ ਆਈ.ਐਮ.ਐਫ. ਵਰਗਾ ਅੰਤਰਰਾਸ਼ਟਰੀ ਫੰਡ ਬਣਾਇਆ ਜਾਵੇ, ਜੋ ਯੂਕ੍ਰੇਨ ਨੂੰ 70% ਹਿੱਸਾ ਦੇਵੇ ਅਤੇ ਬਾਕੀ ਨੂੰ ਨਿਰਪੱਖ ਨਿਵੇਸ਼ਾਂ ਲਈ ਵਰਤੇ। ਇਹ ਰੂਸ ਨੂੰ ਲੁੱਟ ਤੋਂ ਰੋਕੇਗਾ ਅਤੇ ਅਮਰੀਕਾ ਨੂੰ ਨਿੱਜੀ ਡੀਲਾਂ ਵਿੱਚ ਵਧੇਰੇ ਫਾਇਦਾ ਨਹੀਂ ਹੋਣ ਦੇਵੇਗਾ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ
ਕਲਮਾਂ ਦੀ ਜ਼ੁਬਾਨੀ

# .ਫਰਾਂਸ ਉੱਪਰ ਭਾਰੀ ਕਰਜ਼ਾ: ਕੀ ਯੂਰੋ ਸੰਕਟ ਵਿੱਚ ਆਵੇਗਾ ?

## ਲੇ ਪੈਨ ਦੀਆਂ .ਗਲਤ ਨੀਤੀਆਂ, .ਫਰਾਂਸੀਸੀ ਕਰਜ਼ੇ ਨੇ ਯੂਰਪ ਨੂੰ ਝੰਜੋੜਿਆ !

## 113% ਜੀਡੀਪੀ ਕਰਜ਼ਾ: .ਫਰਾਂਸ ਬਣਿਆ ਯੂਰੋਜ਼ੋਨ ਲਈ ਸੰਕਟ





ਪੈਰਿਸ/ਏ.ਟੀ.ਨਿਊਜ਼ : .ਫਰਾਂਸ ਵਿੱਚ ਰਾਜਨੀਤੀ ਸੰਕਟ ਵਿੱਚ ਹੈ। ਇੱਕ ਮਹੀਨੇ ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਸੇਬਾਸਟੀਅਨ ਲੈਕੋਰਨੂ ਦੀ ਸਰਕਾਰ ਡਿਗ ਗਈ ਸੀ। 6 ਅਕਤੂਬਰ ਨੂੰ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀ.ਫਾ ਦੇ ਦਿੱਤਾ ਸੀ, ਪਰ ਰਾਸ਼ਟਰਪਤੀ ਇਮਾਨੂਅਲ ਮੈਕਰਾਂ ਨੇ ਲੈਕੋਰਨੂ ਨੂੰ .ਫਿਰ ਦੁਬਾਰਾ ਪ੍ਰਧਾਨ ਮੰਤਰੀ ਬਣਾ ਦਿੱਤਾ! ਅੱਜ ਤੱਕ .ਫਰਾਂਸ ਵਿੱਚ ਸਰਕਾਰ ਬਣੀ ਹੋਈ ਹੈ, ਪਰ ਰਾਜਨੀਤਕ ਅਸਥਿਰਤਾ ਨੇ ਆਰਥਿਕ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਯੂਰੋਜ਼ੋਨ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਵਿੱਚ ਕਰਜ਼ਾ ਬਹੁਤ ਵਧ ਗਿਆ ਹੈ, ਜਿਸ ਨਾਲ ਯੂਰੋ ਮੁਦਰਾ ਖਤਰੇ ਵਿੱਚ ਪੈ ਗਈ ਹੈ। ਨਿਵੇਸ਼ਕ ਡਰੇ ਹੋਏ ਹਨ ਅਤੇ ਬਾਜ਼ਾਰ ਸੰਕਟ ਵਿੱਚ ਹਨ।

.ਫਰਾਂਸ ਵਿੱਚ ਇਹ ਸੰਕਟ ਨਵਾਂ ਨਹੀਂ। ਪਿਛਲੇ ਕੁਝ ਸਾਲਾਂ ਤੋਂ ਰਾਜਨੀਤਕ ਧੜੇ ਆਪਸ ਵਿੱਚ ਉਲਝ ਰਹੇ ਹਨ। ਰਾਸ਼ਟਰਪਤੀ ਮੈਕਰਾਂ ਨੇ 2024 ਵਿੱਚ ਅਚਾਨਕ ਚੋਣਾਂ ਕਰਵਾਈਆਂ ਸੀ, ਜਿਸ ਨਾਲ ਸੰਸਦ ਵਿੱਚ ਕੋਈ ਬਹੁਮਤ ਨਹੀਂ ਬਣਿਆ। ਖੱਬੇ ਪੱਖ, ਸੱਜੇ ਪੱਖ ਅਤੇ ਕੇਂਦਰੀ ਧੜੇ ਤਿੰਨਾਂ ਬਰਾਬਰ ਹਨ। ਇਸ ਕਾਰਨ ਕੋਈ ਵੀ ਸਰਕਾਰ ਲੰਮੇ ਸਮੇਂ ਤੱਕ ਨਹੀਂ ਚੱਲ ਸਕੀ। ਲੈਕੋਰਨੂ ਤੋਂ ਪਹਿਲਾਂ .ਫਰਾਂਸੋਵਾ ਬੇਰੂ ਅਤੇ ਮਿਸ਼ੇਲ ਬਾਰਨੀਅਰ ਵੀ ਸਰਕਾਰ ਚਲਾਉਣ ਵਿੱਚ ਅਸ.ਫਲ ਰਹੇ।

ਬੇਰੂ ਨੂੰ ਸਤੰਬਰ ਵਿੱਚ ਅਵਿਸ਼ਵਾਸ ਮਤ ਨਾਲ ਡੇਗ ਦਿੱਤਾ ਗਿਆ, ਜਦਕਿ ਜਦਕਿ ਬਾਰਨੀਅਰ ਨੂੰ ਬਜਟ ਪਾਸ ਕਰਨ ਵਿੱਚ ਨਾਕਾਮੀ ਹੋਈ। ਇਹ ਸਾਰੀ ਉਥਲ-ਪੁਥਲ ਨੇ .ਫਰਾਂਸ ਨੂੰ ਇੱਕ ਅਜਿਹੇ ਚੱਕਰ ਵਿੱਚ .ਫਸਾ ਦਿੱਤਾ ਹੈ ਜਿੱਥੇ ਰਾਜਨੀਤਕ ਅਸਹਿਮਤੀ ਨੇ ਆਰਥਿਕ ਨੀਤੀਆਂ ਨੂੰ ਰੋਕ ਦਿੱਤਾ ਹੈ।

ਰਾਜਨੀਤਕ ਸੰਕਟ ਨੇ ਆਰਥਿਕ ਹਾਲਾਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਦੋਂ ਲੈਕੋਰਨੂ ਦੀ ਸਰਕਾਰ ਡਿਗੀ, ਤਾਂ ਯੂਰੋ ਮੁਦਰਾ ਹੋਰ ਮੁਦਰਾਵਾਂ ਨਾਲੋਂ ਘਟ ਗਈ। ਪੈਰਿਸ ਸਟਾਕ ਮਾਰਕੀਟ ਵਿੱਚ ਵੀ ਗਿਰਾਵਟ ਆਈ, ਅਤੇ .ਫਰਾਂਸੀਸੀ ਸਰਕਾਰੀ ਬੌਂਡਾਂ ਉਪਰ ਸੂਦ ਦੀ ਦਰ ਵਧ ਗਈ। ਨਿਵੇਸ਼ਕਾਂ ਨੂੰ ਡਰ ਹੈ ਕਿ .ਫਰਾਂਸ ਵਿੱਚ ਅਸਥਿਰ ਸਰਕਾਰ ਕਰਜ਼ੇ ਨੂੰ ਕੰਟਰੋਲ ਨਹੀਂ ਕਰ ਸਕੇਗੀ। .ਫਰਾਂਸ ਦਾ ਮੁੱਖ ਸਟਾਕ ਇੰਡੈਕਸ ਸੀਏਸੀ 40 ਪਿਛਲੇ ਸਾਲ ਦੀ ਸ਼ੁਰੂਆਤ ਤੋਂ ਯੂਰਪ ਦੇ ਹੋਰ ਹਿੱਸਿਆਂ ਨਾਲੋਂ 14 .ਫੀਸਦੀ ਪਿੱਛੇ ਰਹਿ ਗਿਆ ਹੈ। ਇਹ ਸਭ ਨਿਵੇਸ਼ਕਾਂ ਨੂੰ ਡਰਾ ਰਿਹਾ ਹੈ, ਅਤੇ ਉਹ .ਫਰਾਂਸੀਸੀ ਸ਼ੇਅਰਾਂ ਤੋਂ ਦੂਰ ਰਹਿ ਰਹੇ ਹਨ।

.ਫਰਾਂਸ ਉਪਰ ਕਰਜ਼ਾ ਬਹੁਤ ਵਧ ਗਿਆ ਹੈ। ਯੂਰਪੀਅਨ ਯੂਨੀਅਨ ਵਿੱਚ .ਫਰਾਂਸ ਸਭ ਤੋਂ ਵੱਡਾ ਕਰਜ਼ੇ ਵਾਲਾ ਦੇਸ਼ ਹੈ। ਇਹ ਅੰਕੜਾ 2030 ਤੱਕ ਜੀਡੀਪੀ ਦੇ 125 .ਫੀਸ਼ਦੀ ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਸ ਦਾ ਸਰਕਾਰੀ ਕਰਜ਼ਾ ਲਗਭਗ 3.35 ਟ੍ਰਿਲੀਅਨ ਯੂਰੋ (ਲਗਭਗ 3.9 ਟ੍ਰਿਲੀਅਨ ਡਾਲਰ) ਹੋ ਗਿਆ ਹੈ, ਜੋ ਉਸ ਦੇ ਜੀਡੀਪੀ ਦੇ 113 .ਫੀਸਦੀ ਵਰਗਾ ਹੈ। .ਫਰਾਂਸ ਵਿੱਚ ਜੀਡੀਪੀ ਨਾਲੋਂ ਕਰਜ਼ੇ ਦਾ ਅੰਕੜਾ ਇੰਨਾ ਵੱਧ ਹੈ ਕਿ ਯੂਰਪੀਅਨ ਯੂਨੀਅਨ ਵਿੱਚ ਸਿਰ.ਫ ਗ੍ਰੀਸ ਅਤੇ ਇਟਲੀ ਹੀ ਇਸ ਤੋਂ ਅੱਗੇ ਹਨ। ਇਸ ਸਾਲ ਬਜਟ ਘਾਟਾ 5.4 .ਫੀਸਦੀ ਤੋਂ 5.8 .ਫੀਸਦੀ ਰਹਿਣ ਦੀ ਉਮੀਦ ਹੈ, ਜੋ ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ ਵਿੱਚ ਸਭ ਤੋਂ ਵੱਧ ਹੈ। ਯੂਰਪੀਅਨ ਯੂਨੀਅਨ ਨੇ ਘਾਟੇ ਲਈ 3 .ਫੀਸਦੀ ਦਾ ਟੀਚਾ ਰੱਖਿਆ ਹੈ, ਇਸ ਲਈ ਵੱਡੇ ਪੈਮਾਨੇ ਤੇ ਬਚਤ ਕਰਨ ਤੋਂ ਬਿਨਾਂ ਕੋਈ ਰਾਹ ਨਹੀਂ।

ਪਰ .ਫਰਾਂਸ ਵਿੱਚ ਖਰਚੇ ਵਿੱਚ ਕਟੌਤੀ ਕਰਨਾ ਰਾਜਨੀਤਕ ਤੌਰ ਤੇ ਅਸੰਭਵ ਹੈ। ਰਾਜਨੀਤਕ ਧੜੇ ਇਕੱਠੇ ਨਹੀਂ ਹੋ ਰਹੇ। ਵਾਮਪੰਥੀ ਤੋਂ ਲੈ ਕੇ ਦੱਖਣਪੰਥੀ ਤੱਕ ਸਭ ਆਪਣੇ ਹਿੱਸੇ ਲਈ ਲੜ ਰਹੇ ਹਨ।

ਇਸ ਨਾਲ ਵਿੱਤੀ ਬਾਜ਼ਾਰਾਂ ਨੇ .ਫਰਾਂਸੀਸੀ ਬੌਂਡਾਂ ਉੱਤੇ ਜੋਖਮ ਪ੍ਰੀਮੀਅਮ ਵਧਾ ਦਿੱਤਾ ਹੈ। ਜਰਮਨ ਬੌਂਡਾਂ ਤੇ 2.7 .ਫੀਸਦੀ ਸੂਦ ਹੈ, ਪਰ .ਫਰਾਂਸ ਨੂੰ ਆਪਣੇ ਕਰਜ਼ੇ ਤੇ 3.5 .ਫੀਸਦੀ ਅਦਾ ਕਰਨਾ ਪੈ ਰਿਹਾ ਹੈ। ਇਹ ਅੰਤਰ ਵਧਣ ਨਾਲ ਯੂਰੋਜ਼ੋਨ ਵਿੱਚ ਅਸਥਿਰਤਾ ਵਧ ਰਹੀ ਹੈ। ਜਰਮਨੀ ਦੇ ਮੈਨਹਾਈਮ ਵਿੱਚ ਜ਼ੈਡਬਲਿਊ ਲਾਈਬਨਿਟਜ਼ ਸੈਂਟਰ .ਫਾਰ ਯੂਰਪੀਅਨ ਇਕਨਾਮਿਕ ਰਿਸਰਚ ਦੇ ਅਰਥਸ਼ਾਸਤਰੀ .ਫ੍ਰੀਡਰਿਖ ਹਾਈਨੇਮੈਨ ਕਹਿੰਦੇ ਹਨ, 'ਹਾਂ, ਸਾਨੂੰ ਚਿੰਤਾ ਕਰਨੀ ਚਾਹੀਦੀ ਹੈ। ਇਸ ਪੜਾਅ ਤੇ ਯੂਰੋਜ਼ੋਨ ਵਿੱਚ ਸਥਿਰਤਾ ਨਹੀਂ ਹੈ।' ਉਹ ਕਹਿੰਦੇ ਹਨ ਕਿ .ਫਰਾਂਸ ਵਰਗੇ ਵੱਡੇ ਦੇਸ਼ ਵਿੱਚ ਕਰਜ਼ਾ ਵਧਣ ਨਾਲ ਅਤੇ ਰਾਜਨੀਤਕ ਅਸਥਿਰਤਾ ਨਾਲ ਅੱਗੇ ਵਧੇਰੇ ਮੁਸ਼ਕਿਲਾਂ ਆ ਸਕਦੀਆਂ ਹਨ।

ਇਹ ਸੰਕਟ ਸਿਰ.ਫ .ਫਰਾਂਸ ਤੱਕ ਸੀਮਿਤ ਨਹੀਂ। ਯੂਰੋਜ਼ੋਨ ਵਿੱਚ ਕਈ ਦੇਸ਼ਾਂ ਵਿੱਚ ਕਰਜ਼ੇ ਦਾ ਸੰਕਟ ਵਧ ਰਿਹਾ ਹੈ। ਇਟਲੀ, ਗ੍ਰੀਸ ਅਤੇ ਸਪੇਨ ਵਰਗੇ ਦੇਸ਼ ਪਹਿਲਾਂ ਹੀ ਪੁਰਾਣੇ ਕਰਜ਼ੇ ਨਾਲ ਜੂਝ ਰਹੇ ਹਨ। ਇਟਲੀ ਦਾ ਕਰਜ਼ਾ ਜੀਡੀਪੀ ਦੇ 140 .ਫੀਸਦੀ ਤੋਂ ਵੱਧ ਹੈ ਅਤੇ ਗ੍ਰੀਸ ਵਿੱਚ ਇਹ 160 .ਫੀਸਦੀ ਤੱਕ ਪਹੁੰਚ ਗਿਆ ਹੈ। ਜਰਮਨੀ ਵਿੱਚ ਵੀ ਅਰਥਵਿਵਸਥਾ ਡਿਗ ਰਹੀ ਹੈ, ਅਤੇ ਉਸ ਨੂੰ ਵੀ ਨਵੇਂ ਬੌਂਡ ਜਾਰੀ ਕਰਨੇ ਪੈ ਰਹੇ ਹਨ। ਯੂਰਪੀਅਨ ਕੇਂਦਰੀ ਬੈਂਕ (ਈ.ਸੀ.ਬੀ.) ਨੂੰ ਵੀ ਦਬਾਅ ਹੈ ਕਿ ਉਹ .ਫਰਾਂਸੀਸੀ ਬੌਂਡ ਖਰੀਦੇ ਅਤੇ ਬਾਜ਼ਾਰ ਨੂੰ ਸਥਿਰ ਕਰੇ। ਪਰ ਹਾਈਨੇਮੈਨ ਕਹਿੰਦੇ ਹਨ ਕਿ ਈ.ਸੀ.ਬੀ. ਨੂੰ ਆਪਣੀ ਸਖ਼ਤ ਨੀਤੀ ਵਲ ਵੀ ਧਿਆਨ ਰੱਖਣਾ ਪਵੇਗਾ, ਨਹੀਂ ਤਾਂ ਉਮੀਦਾਂ ਖਤਮ ਜਾਣਗੀਆਂ।

.ਫਰਾਂਸ ਵਿੱਚ ਰਾਜਨੀਤੀ ਕੀ ਯੂਰੋਜ਼ੋਨ ਵਿੱਚ ਕਰਜ਼ੇ ਦਾ ਨਵਾਂ ਸੰਕਟ ਪੈਦਾ ਕਰੇਗਾ ? ਇਹ ਸਵਾਲ ਵੱਡਾ ਹੈ। .ਫਰਾਂਸ ਯੂਰੋਜ਼ੋਨ ਦੀ ਦੂਜੀ ਵੱਡੀ ਅਰਥਵਿਵਸਥਾ ਹੈ, ਜੋ ਯੂਰਪ ਦੇ 20 .ਫੀਸਦੀ ਹਿੱਸੇ ਨੂੰ ਚਲਾਉਂਦੀ ਹੈ। ਜੇ ਇੱਥੇ ਸੰਕਟ ਵਧਿਆ, ਤਾਂ ਇਹ ਹੋਰ ਦੇਸ਼ਾਂ ਤੱਕ .ਫੈਲ ਜਾਵੇਗਾ। ਨਿਵੇਸ਼ਕਾਂ ਨੇ .ਫਰਾਂਸ ਨੂੰ ਇਟਲੀ ਤੋਂ ਵੀ ਵੱਧ ਜੋਖਮ ਵਾਲਾ ਮੰਨ ਲਿਆ ਹੈ। .ਫਰਾਂਸੀਸੀ ਬੌਂਡਾਂ ਤੇ ਸੂਦ ਦੀ ਦਰ ਇਟਲੀ ਨਾਲੋਂ ਵੱਧ ਗਈ ਹੈ, ਜੋ 1999 ਵਿੱਚ ਯੂਰੋ ਮੁਦਰਾ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਹੋਇਆ ਹੈ। ਇਹ ਚਿਤਾਵਨੀ ਹੈ ਕਿ ਯੂਰੋ ਦੀ ਸਥਿਰਤਾ ਖਤਰੇ ਵਿੱਚ ਹੈ। ਜੇ ਯੂਰੋ ਡਗਮਗਾ ਗਿਆ, ਤਾਂ ਯੂਰਪੀਅਨ ਯੂਨੀਅਨ ਨੂੰ ਵੱਡਾ ਝਟਕਾ ਲੱਗੇਗਾ।

ਯੂਰਪੀਅਨ ਯੂਨੀਅਨ ਅਤੇ ਈ.ਸੀ.ਬੀ. .ਫਰਾਂਸ 'ਤੇ ਵੱਡੇ ਦਬਾਅ ਵਿੱਚ ਹਨ। .ਫਰਾਂਸ ਹਰ ਸਾਲ 67 ਅਰਬ ਯੂਰੋ ਸਿਰ.ਫ ਸੂਦ ਭੁਗਤਾਨ ਤੇ ਖਰਚ ਕਰ ਰਿਹਾ ਹੈ, ਅਤੇ ਉਹ ਯੂਰਪੀਅਨ ਯੂਨੀਅਨ ਦੇ ਨਿਯਮਾਂ ਅਨੁਸਾਰ ਘਾਟੇ ਨੂੰ ਘਟਾਉਣ ਦੀ ਪ੍ਰਤੀਬੱਧਤਾ ਨਾਲ ਬੰਨ੍ਹਿਆ ਹੋਇਆ ਹੈ। ਹਾਈਨੇਮੈਨ ਕਹਿੰਦੇ ਹਨ ਕਿ ਯੂਰਪੀਅਨ ਯੂਨੀਅਨ ਨੇ .ਫਰਾਂਸ ਨੂੰ ਬਹੁਤ ਲੰਬੇ ਸਮੇਂ ਤੱਕ ਨਜ਼ਰਅੰਦਾਜ਼ ਕੀਤਾ। ਉਹ ਕਹਿੰਦੇ ਹਨ, 'ਯੂਰਪੀਅਨ ਯੂਨੀਅਨ ਨੇ ਰਾਜਨੀਤਕ ਸਮਝੌਤੇ ਕੀਤੇ ਤਾਂ ਜੋ ਪੌਪੂਲਿਸਟ ਧੜੇ ਮਜ਼ਬੂਤ ਨਾ ਹੋਣ। ਪਰ .ਫਰਾਂਸ ਨੇ ਆਪਣੇ ਵਿੱਤੀ ਹੱਦਾਂ ਨੂੰ ਪੂਰਾ ਵਰਤੋਂ ਕਰ ਲਿਆ ਹੈ। ਜਰਮਨੀ ਵਿੱਚ ਹਾਲਾਤ ਬਿਹਤਰ ਹਨ, ਜਿੱਥੇ ਕੁਝ ਉਪਾਅ ਅਜ਼ਮਾਉਣ ਦੀ ਗੁੰਜਾਇਸ਼ ਹੈ।'

ਹੋਰ ਯੂਰਪੀਅਨ ਦੇਸ਼ ਵੀ ਆਰਥਿਕ ਸੰਕਟ ਵਿੱਚ ਹਨ। ਇਟਲੀ ਅਤੇ ਗ੍ਰੀਸ ਵਿੱਚ ਕਰਜ਼ਾ ਜੀਡੀਪੀ ਤੋਂ ਵੱਧ ਹੈ, ਜਦਕਿ ਜਰਮਨੀ ਵਿੱਚ ਵਪਾਰਕ ਮੰਦਹਾਲੀ ਅਤੇ ਊਰਜਾ ਮੁੱਲਾਂ ਵਧਣ ਨਾਲ ਮੁਸ਼ਕਿਲਾਂ ਹਨ। ਅਸਟਰੀਆ ਵਿੱਚ ਰਾਜਨੀਤਕ ਅਤੇ ਆਰਥਿਕ ਸੰਕਟ ਇਕੱਠੇ ਹੋ ਗਏ ਹਨ ਅਤੇ ਬੈਲਜੀਅਮ ਵਿੱਚ ਵੀ ਵਿਕਾਸ ਹੌਲਾ ਹੈ। ਪੁਰਤਗਾਲ, ਆਇਰਲੈਂਡ ਅਤੇ ਸਪੇਨ ਵਰਗੇ ਦੇਸ਼ ਪਹਿਲਾਂ ਵਾਲੇ ਕਰਜ਼ੇ ਸੰਕਟ ਤੋਂ ਬਾਹਰ ਨਿਕਲ ਰਹੇ ਹਨ ਅਤੇ 2025 ਵਿੱਚ 2 .ਫੀਸਦੀ ਵਿਕਾਸ ਦੀ ਉਮੀਦ ਹੈ, ਪਰ .ਫਰਾਂਸ ਅਤੇ ਜਰਮਨੀ ਵਿੱਚ ਵਿਕਾਸ ਸਿਰ.ਫ 0.8 .ਫੀਸਦੀ ਰਹੇਗਾ। ਯੂਰੋਜ਼ੋਨ ਵਿੱਚ ਕੁੱਲ ਵਿਕਾਸ 1.1 .ਫੀਸਦੀ ਰਹਿਣ ਦੀ ਸੰਭਾਵਨਾ ਹੈ, ਜੋ ਬਹੁਤ ਘੱਟ ਹੈ।

ਇੰਗਲੈਂਡ (ਯੂਕੇ) ਦੀ ਹਾਲਤ ਵੀ ਚੰਗੀ ਨਹੀਂ। ਯੂਕੇ ਵਿੱਚ ਕਰਜ਼ਾ ਜੀਡੀਪੀ ਦੇ 96 .ਫੀਸਦੀ ਤੱਕ ਪਹੁੰਚ ਗਿਆ ਹੈ ਅਤੇ ਬਜਟ ਘਾਟਾ ਵੀ ਵੱਧ ਰਿਹਾ ਹੈ। ਇਸ ਸਾਲ ਜੂਨ ਵਿੱਚ ਸਰਕਾਰੀ ਉਧਾਰ 20.7 ਬਿਲੀਅਨ ਪਾਊਂਡ ਰਿਹਾ, ਜੋ ਪਿਛਲੇ ਸਾਲ ਤੋਂ ਵੱਧ ਹੈ। ਮੁਦਰਾਸ.ਫੀਤੀਲ 3.8 .ਫੀਸਦੀ ਤੇ ਰੁਕੀ ਹੋਈ ਹੈ, ਅਤੇ ਅਰਥਵਿਵਸਥਾ ਦਾ ਵਿਕਾਸ ਧੀਮਾ ਹੈ। ਬ੍ਰੈਕਸਟ, ਕੋਵਿਡ ਅਤੇ ਊਰਜਾ ਸੰਕਟ ਨੇ ਯੂਕੇ ਨੂੰ ਪਿੱਛੇ ਧੱਕ ਦਿੱਤਾ ਹੈ। ਬੈਂਕ ਆ.ਫ ਇੰਗਲੈਂਡ ਨੇ ਹਾਲ ਹੀ ਵਿੱਚ ਸੂਦ ਦਰ 4 .ਫੀਸਦੀ ਰੱਖੀ ਹੈ, ਪਰ ਲੰਬੇ ਸਮੇਂ ਦੇ ਬੌਂਡਾਂ ਤੇ ਸੂਦ ਵਧ ਰਿਹਾ ਹੈ।

(ਬਾਕੀ ਸ.ਫਾ 27 'ਤੇ)

## ਤਿਲਕ ਜੰਞੂ ਦੀ ਰਾਖੀ ਖਾਤਰ ਸਤਿਗੁਰਾਂ ਸੀਸ....

# ਗੁਰੂ ਤੇ.ਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ



ਕੈਲਗਰੀ/ਏ.ਟੀ.ਨਿਊਜ਼: ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਤਾਬਦੀ ਨੂੰ ਮੁੱਖ ਰੱਖ ਕੇ ਇੰਟਰਨੈਸ਼ਨਲ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਵਿਦੇਸ਼ ਤੋਂ ਪੁੱਜੇ ਕਵੀਆਂ ਨੇ ਆਪਣੇ ਕਾਵਿ ਮਈ ਬੋਲਾਂ ਨਾਲ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸ਼ਰਧਾਂਜਲੀ ਦਿੱਤੀ।

ਸੋਸਾਇਟੀ ਦੇ ਸੰਸਥਾਪਕ ਡਾ. ਬਲਰਾਜ ਸਿੰਘ ਨੇ ਕਵੀ ਦਰਬਾਰਾਂ ਦੀ ਮਹੱਤਤਾ ਦੱਸਦਿਆਂ, ਸਾਰੇ ਕਵੀਆਂ ਨੂੰ ਜੀ ਆਇਆਂ ਕਿਹਾ। ਸਮਾਗਮ ਦਾ ਆਰੰਭ ਮਨਰੀਤ ਕੌਰ ਅਤੇ ਅਨੁਰੀਤ ਕੌਰ ਦੇ ਗਾਏ ਗਏ ਸ਼ਬਦ 'ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥' ਨਾਲ ਹੋਇਆ। ਸੁਖਮੰਦਰ ਸਿੰਘ ਗਿੱਲ ਕੈਲਗਰੀ ਨੇ ਸਾਜਾਂ ਨਾਲ ਆਪਣਾ ਲਿਖਿਆ ਗੀਤ 'ਤਿਲਕ ਜੰਞੂ ਦੀ ਰਾਖੀ ਖਾਤਰ ਸਤਿਗੁਰਾਂ ਸੀਸ ਕਟਾਏ ਐ।' ਗਾ ਕੇ, ਸੁਰਮਈ ਮਾਹੌਲ ਨਾਲ ਕਵੀ ਦਰਬਾਰ ਦੀ ਆਰੰਭਤਾ ਕੀਤੀ। ਜਲੰਧਰ ਤੋਂ ਪਹੁੰਚੇ ਪੰਥਕ ਕਵੀ ਕੁਲਵਿੰਦਰ ਸਿੰਘ ਗਾਖਲ ਨੇ ਕਵਿਤਾ 'ਹਿੰਦੂਆਂ ਦਾ ਧਰਮ ਬਚਾਵਣ ਲਈ ਸਤਿਗੁਰ ਦਿੱਲੀ ਵੱਲ ਆਏ ਸੀ।' ਬੁਲੰਦ ਆਵਾਜ਼ ਵਿੱਚ ਗਾ ਕੇ ਪੇਸ਼ ਕੀਤੀ। ਅੰਮ੍ਰਿਤਸਰ ਤੋਂ ਗੁਰਜੀਤ ਕੌਰ ਅਜਨਾਲਾ ਨੇ ਗੀਤ 'ਚਾਲੇ ਨੌਵੇਂ ਗੁਰਾਂ ਦਿੱਲੀ ਵੱਲ ਪਾਏ ਸੀ, ਦੇ ਸਿੱਖਿਆ ਗੋਬਿੰਦ ਰਾਏ ਨੂੰ' ਤਰੰਨਮ ਵਿੱਚ ਪੇਸ਼ ਕੀਤਾ। ਅੰਮ੍ਰਿਤਸਰ ਤੋਂ ਹੀ ਸਤਬੀਰ ਸਿੰਘ ਸਿ.ਫਰ ਨੇ ਕਵਿਤਾ 'ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ' ਸੁਣਾ ਕੇ ਗੁਰੂ ਸਾਹਿਬ ਦੇ ਉਪਕਾਰਾਂ ਨੂੰ ਯਾਦ ਕੀਤਾ। ਮੁਕਤਸਰ ਤੋਂ ਬ੍ਰਾਹਮਣ ਪਰਿਵਾਰ 'ਚੋਂ ਸਾਬਤ ਸੂਰਤ ਦਸਤਾਰਧਾਰੀ ਜਸਵੀਰ ਸ਼ਰਮਾ ਦੱਦਾਹੂਰ ਨੇ 'ਹਿੰਦ ਦੀ ਚਾਦਰ ਦਾਗੀ ਹੋ ਜੂ,ਜੇ ਅੱਜ ਧਰਮ ਬਚਾਇਆ ਨਾ' ਗੀਤ ਸੁਣਾ ਕੇ ਗੁਰੂ ਸਾਹਿਬ ਜੀ ਦੀ ਕੁਰਬਾਨੀ ਪ੍ਰਤੀ ਆਭਾਰ ਪ੍ਰਗਟ ਕੀਤਾ। ਸਰੀ ਤੋਂ ਪਲਵਿੰਦਰ ਸਿੰਘ ਰੰਧਾਵਾ ਨੇ ਛੰਦਮਈ ਕਵਿਤਾ 'ਧੰਨ ਗੁਰੂ ਤੇਗ ਬਹਾਦਰ ਜੀ' ਤਰੰਨਮ ਵਿੱਚ ਸੁਣਾ ਕੇ ਸਭ ਤੋਂ ਪ੍ਰਸ਼ੰਸਾ ਖੱਟੀ। ਕਵੀਸ਼ਰੀ ਵਿੱਚ ਮਾਹਰ, ਖੋਜੀ ਵਿਦਵਾਨ ਜਸਵੰਤ ਸਿੰਘ ਸੇਖੋਂ ਕੈਲਗਰੀ ਨੇ ਗੁਰੂ ਤੇਗ ਬਹਾਦਰ ਜੀ ਦਾ ਸਰੀਰ ਸਾਂਭਣ ਲਈ ਹੋਈਆਂ ਗੁਪਤ ਮੀਟਿੰਗਾਂ ਅਤੇ ਉਹਨਾਂ ਤੇ ਅਮਲ ਦਾ ਇਤਿਹਾਸਕ ਪੱਖ ਕਵਿਤਾ ਰਾਹੀਂ ਸਾਹਮਣੇ

ਲਿਆਂਦਾ, ਜਿਸ ਦਾ ਬਹੁਤੀ ਸੰਗਤ ਨੂੰ ਇਲਮ ਨਹੀਂ ਹੈ। ਕੈਲਗਰੀ ਤੋਂ ਹੀ ਜਸਵਿੰਦਰ ਸਿੰਘ ਰੁਪਾਲ ਨੇ ਬੈਂਤ ਛੰਦ ਵਿੱਚ ਕਵਿਤਾ 'ਨੌਵਾਂ ਪਾਤਸ਼ਾਹ ਸੂਰਜ ਕੁਰਬਾਨੀਆਂ ਦਾ' ਸਟੇਜੀ ਅੰਦਾਜ਼ ਵਿੱਚ ਸੁਣਾਈ। ਆਰੰਭ ਵਿੱਚ ਮੇਜ਼ਬਾਨ ਦੀ ਸੇਵਾ ਨਿਭਾ ਰਹੇ ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਲਿਖੀ ਕਵਿਤਾ 'ਤੇਗ ਬਹਾਦਰ ਸਿਮਰੀਐ' ਬੈਂਤ ਛੰਦ ਵਿੱਚ ਸੁਣਾ ਕੇ ਵਾਹਵਾ ਖੱਟੀ। ਸਿਮਰਲੀਨ ਕੌਰ, ਪਰਨੀਤ ਕੌਰ ਅਤੇ ਪਰਮਜੀਤ ਸਿੰਘ ਨੇ ਸਾਜ਼ਾਂ ਨਾਲ ਇੱਕ ਧਾਰਮਿਕ ਗੀਤ 'ਕਸ਼ਮੀਰੀ ਪੰਡਤਾਂ ਦੀ ਪੁਕਾਰ' ਪੇਸ਼ ਕਰਕੇ ਕਵੀ ਦਰਬਾਰ ਨੂੰ ਸਮਾਪਤੀ ਵੱਲ ਲਿਆਂਦਾ। ਅਖੀਰ ਤੇ ਹੋਰ ਕਵੀਆਂ ਨੂੰ ਪੇਸ਼ ਕਰਨ ਵਾਲੇ ਸਟੇਜੀ ਕਵੀ ਸੁਜਾਨ ਸਿੰਘ ਸੁਜਾਨ ਨੇ ਆਪਣਾ ਲਿਖਿਆ ਗੀਤ 'ਗੁਜਰੀ ਨੇ ਕਿੰਨਾ ਦੁੱਖ ਸੀਨੇ 'ਤੇ ਸਹਾਰਿਆ! ਮੂਲ ਪਹਿਲੋਂ ਮੋੜਿਆ, ਵਿਆਜ ਪਿੱਛੋਂ ਤਾਰਿਆ!' ਭਾਵਪੂਰਤ ਲਹਿਜੇ ਵਿੱਚ ਸੁਣਾ ਕੇ ਮਾਹੌਲ ਨੂੰ ਗਮਗੀਨ ਕਰ ਦਿੱਤਾ। ਡਾ. ਸੁਰਜੀਤ ਸਿੰਘ ਭੱਟੀ ਜੀ ਨੇ ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ 'ਸਾਂਝੀ ਵਿਰਾਸਤ' ਮੈਗਜ਼ੀਨ ਦੇ ਅਗਲੇ ਵਿਸ਼ੇਸ਼ ਅੰਕ 'ਗੁਰੂ ਤੇਗ ਬਹਾਦਰ ਜੀ ਅੰਕ' ਲਈ ਭੇਜਣ ਲਈ ਕਿਹਾ । ਅੰਤ 'ਤੇ ਸੰਸਥਾਪਕ ਜਗਬੀਰ ਸਿੰਘ ਨੇ ਸੋਸਾਇਟੀ ਵੱਲੋਂ ਸਭ ਦਾ ਧੰਨਵਾਦ ਕੀਤਾ। ਸੋਸਾਇਟੀ ਦੀ ਮਰਯਾਦਾ ਅਨੁਸਾਰ ਹੀ ਅਨੰਦ ਸਾਹਿਬ ਦੀਆਂ 5 ਪਉੜੀਆਂ, ਅਰਦਾਸ ਅਤੇ ਹੁਕਮਨਾਮੇ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

# ਚੋਣ ਵਾਅਦੇ



## ਸਿਆਸੀ ਦਲਾਂ ਦੀ ਤੈਅ ਹੋਵੇ ਜ਼ਿੰਮੇਵਾਰੀ

## ਸਿਰਫ਼ ਚੋਣ ਜੁਮਲੇ ਬਣਕੇ ਨਾ ਰਹਿ ਜਾਣ ਰਾਜਨੀਤਿਕ ਦਲਾਂ ਦੀਆਂ ਗਾਰੰਟੀਆਂ

**ਭਾਰਤ ਵਿੱਚ ਚੋਣਾਂ ਅਤੇ ਸਿਆਸਤ ਵਪਾਰ ਬਣ ਗਏ ਹਨ। ਜਿਸ ਤਰ੍ਹਾਂ ਵਪਾਰੀ ਬਾਜ਼ਾਰ ਵਿੱਚ ਆਪਣਾ ਮਾਲ ਵੇਚਣ ਲਈ ਹਰ ਤਰੀਕਾ ਅਪਣਾਉਂਦਾ ਹੈ, ਉਸੇ ਤਰ੍ਹਾਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਹਰ ਸੰਭਵ ਤਰੀਕਾ ਅਪਨਾਅ ਰਹੀਆਂ ਹਨ। ਜਿਵੇਂ ਵਪਾਰ ਵਿੱਚ ਨਿਵੇਸ਼ ਕਰਕੇ ਚੋਖਾ ਲਾਭ ਕਮਾਇਆ ਜਾਂਦਾ ਹੈ, ਉਸੇ ਤਰ੍ਹਾਂ ਹੁਣ ਸਿਆਸੀ ਆਗੂ ਵੀ ਸਿਆਸਤ ਅਤੇ ਚੋਣਾਂ ਵਿੱਚ ਨਿਵੇਸ਼ ਕਰਦੇ ਹਨ ਅਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਚੰਗਾ ਲਾਭ ਕਮਾਉਂਦੇ ਹਨ। ਦੇਸ਼ ਸੇਵਾ ਅਤੇ ਲੋਕ ਭਲਾਈ ਦੇ ਕੰਮ ਤਾਂ ਹੁਣ ਸਿਰਫ਼ ਭਾਸ਼ਣਾਂ ਜੋਗੇ ਹੀ ਰਹਿ ਗਏ ਹਨ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਸਿਆਸੀ ਪਾਰਟੀਆਂ ਉਮੀਦਵਾਰਾਂ ਨੂੰ ਟਿਕਟ ਦੇਣ ਮੌਕੇ ਉਹਨਾਂ ਤੋਂ ਫੰਡ ਜਾਂ ਪੈਸੇ ਲੈਂਦੀਆਂ ਹਨ। ਇਸ ਤੋਂ ਇਲਾਵਾ ਸਿਆਸੀ ਪਾਰਟੀਆਂ ਅਕਸਰ ਅਮੀਰ ਵਿਅਕਤੀਆਂ ਨੂੰ ਹੀ ਪਾਰਟੀ ਟਿਕਟਾਂ ਦਿੰਦੀਆਂ ਹਨ ਤਾਂ ਕਿ ਪਾਰਟੀ ਨੂੰ ਆਰਥਿਕ ਫਾਇਦਾ ਹੋ ਸਕੇ। ਇਸ ਤਰੀਕੇ ਨਾਲ ਸਿਆਸਤ ਅਤੇ ਚੋਣਾਂ ਵਿੱਚ ਪੈਸਾ ਅਤੇ ਵਪਾਰ ਭਾਰੂ ਹੋ ਰਹੇ ਹਨ।**

**ਜਗਮੋਹਨ ਸਿੰਘ 'ਲੱਕੀ'**



ਭਾਰਤ ਦੇ ਬਿਹਾਰ ਸੂਬੇ ਵਿੱਚ ਇਸ ਸਮੇਂ ਵਿਧਾਨ ਸਭਾ ਚੋਣਾਂ ਦਾ ਮੇਲਾ ਆਪਣੇ ਪੂਰੇ ਜੋਬਨ 'ਤੇ ਹੈ। ਇਸ ਦੇ ਨਾਲ ਪੰਜਾਬ ਦੇ ਤਰਨ ਤਾਰਨ ਵਿਧਾਨ ਸਭਾ ਹਲਕੇ ਸਮੇਤ ਹੋਰਨਾਂ ਰਾਜਾਂ ਦੇ ਕੁਝ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਦਾ ਅਮਲ ਵੀ ਸ਼ੁਰੂ ਹੋ ਚੁੱਕਿਆ ਹੈ। ਬਿਹਾਰ ਵਿੱਚ ਐਨ.ਡੀ.ਏ. ਗਠਜੋੜ ਅਤੇ ਇੰਡੀਆ ਗਠਜੋੜ ਵਿਚਾਲੇ ਸਖ਼ਤ ਮੁਕਾਬਲਾ ਹੋ ਰਿਹਾ ਹੈ। ਜਦੋਂ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ, ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਸਖ਼ਤ ਮੁਕਾਬਲਾ ਹੋ ਰਿਹਾ ਹੈ। ਇਸੇ ਦੌਰਾਨ ਅਕਾਲੀ ਦਲ ਬਾਦਲ ਅਤੇ ਭਾਜਪਾ ਵੱਲੋਂ ਵੀ ਆਪਣੀਆਂ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਤਰਨ ਤਾਰਨ ਹਲਕੇ ਵਿੱਚ ਚੋਣ ਲੜ ਰਹੇ ਸਾਰੇ ਉਮੀਦਵਾਰ ਆਪੋ ਆਪਣੀ ਜਿੱਤ ਦਾ ਦਾਅਵਾ ਕਰ ਰਹੇ ਹਨ। ਬਾਦਲ ਦਲ ਦੇ ਕੁਝ ਆਗੂ ਅੰਦਰਖਾਤੇ ਮੰਨ ਰਹੇ ਹਨ ਕਿ ਜੇ ਉਹ ਚੌਥੇ ਨੰਬਰ 'ਤੇ ਵੀ ਆ ਗਏ ਤਾਂ ਗਨੀਮਤ ਹੋਵੇਗੀ। ਇਸੇ ਦੌਰਾਨ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਪੰਜਾਬ ਵਿੱਚ ਕੁਝ ਸਮਾਂ ਪਹਿਲਾਂ ਹੋਈਆਂ ਸਰਪੰਚੀ ਚੋਣਾਂ ਦਾ ਇੱਕ ਪਿੰਡ ਦਾ ਨਤੀਜਾ ਦਿਖਾਇਆ ਜਾ ਰਿਹਾ ਹੈ। ਇਸ ਵੀਡੀਓ ਅਨੁਸਾਰ ਇੱਕ ਪਿੰਡ ਵਿੱਚ ਸਰਪੰਚੀ ਦੀ ਚੋਣ ਵਿੱਚ ਅਕਾਲੀ ਦਲ ਬਾਦਲ ਦੇ ਉਮੀਦਵਾਰ ਨੂੰ ਸਿਰਫ਼ ਚਾਰ ਵੋਟਾਂ ਪਈਆਂ, ਜਿਸ ਵਿੱਚੋਂ ਤਿੰਨ ਉਸ ਦੇ ਘਰ ਦੀਆਂ ਸਨ, ਚੌਥੀ ਵੋਟ ਕੌਣ ਪਾ ਗਿਆ ? ਇਸ ਬਾਰੇ ਅਜੇ ਤੱਕ ਪਤਾ ਨਹੀਂ ਚੱਲਿਆ। ਇਸ ਵੀਡੀਓ ਨੂੰ ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਅਤੇ ਇਸ ਚੋਣ ਮੌਕੇ ਇਸ ਵੀਡੀਓ ਦੇ ਵਾਇਰਲ ਹੋਣ ਦੇ ਵੀ ਕਈ ਅਰਥ ਕੱਢੇ ਜਾ ਰਹੇ ਹਨ। ਇਸ ਵੀਡੀਓ ਵਿੱਚ ਕਿੰਨੀ ਕੁ ਸੱਚਾਈ ਹੈ ਇਹ ਤਾਂ ਇਸ ਨੂੰ ਵਾਇਰਲ ਕਰਨ ਵਾਲੇ ਹੀ ਜਾਣਦੇ ਹੋਣਗੇ ਪਰ ਇਸ ਵੀਡੀਓ ਨੇ ਤਰਨ ਤਾਰਨ ਹਲਕੇ ਵਿੱਚ ਚੋਣ ਸਥਿਤੀ ਦਿਲਚਸਪ ਬਣਾ ਦਿਤੀ ਹੈ।





ਇਹਨਾਂ ਚੋਣਾਂ ਦੌਰਾਨ ਵੱਖ-ਵੱਖ ਸਿਆਸੀ ਦਲਾਂ ਵੱਲੋਂ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਵੋਟਰਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਕੀਤੇ ਜਾ ਰਹੇ ਹਨ ਅਤੇ ਕਈ ਤਰ੍ਹਾਂ ਦੀਆਂ ਗਾਰੰਟੀਆਂ ਦਿੱਤੀਆਂ ਜਾ ਰਹੀਆਂ ਹਨ। ਟੀ.ਵੀ. ਚੈਨਲਾਂ, ਅਖ਼ਬਾਰਾਂ ਅਤੇ ਹੋਰ ਪ੍ਰਚਾਰ ਸਾਧਨਾਂ ਵਿੱਚ ਵੱਖ- ਵੱਖ ਸਿਆਸੀ ਦਲਾਂ ਦੇ ਆਗੂਆਂ ਵੱਲੋਂ ਵੋਟਰਾਂ ਨੂੰ ਕਈ ਤਰ੍ਹਾਂ ਦੀਆਂ ਗਾਰੰਟੀਆਂ ਦੇਣ ਵਾਲੇ ਇਸ਼ਤਿਹਾਰ ਦਿਖਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸਿਆਸੀ ਰੈਲੀਆਂ ਦੌਰਾਨ ਵੀ ਸਿਆਸੀ ਆਗੂਆਂ ਵੱਲੋਂ ਕਈ ਤਰ੍ਹਾਂ ਦੇ ਵਾਅਦੇ ਕੀਤੇ ਜਾ ਰਹੇ ਹਨ। ਹੈਰਾਨੀ ਤਾਂ ਉਸ ਸਮੇਂ ਹੁੰਦੀ ਹੈ, ਜਦੋਂ ਕਈ ਸਿਆਸੀ ਆਗੂ ਵੋਟਰਾਂ ਨਾਲ ਅਜਿਹੇ ਵਾਅਦੇ ਵੀ ਕਰ ਜਾਂਦੇ ਹਨ, ਜੋ ਕਿ ਪੂਰੇ ਕਰਨੇ ਸੰਭਵ ਹੀ ਨਹੀਂ ਹੁੰਦੇ।



ਦੁੱਖ ਦੀ ਗੱਲ ਇਹ ਹੈ ਕਿ ਚੋਣਾਂ ਮੌਕੇ ਸਿਆਸੀ ਦਲਾਂ ਦੇ ਆਗੂਆਂ ਵੱਲੋਂ ਕੀਤੇ ਜਾਂਦੇ ਵਾਅਦੇ ਅਤੇ ਗਾਰੰਟੀਆਂ ਸਿਰਫ਼ ਚੋਣਾਂਵੀ ਜੁਮਲੇ ਬਣ ਕੇ ਰਹਿ ਜਾਂਦੇ ਹਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਇਹਨਾਂ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਅਤੇ ਇਹ ਚੋਣ ਵਾਅਦੇ ਅਗਲੀਆਂ ਚੋਣਾਂ ਤੱਕ ਠੰਡੇ ਬਸਤੇ ਵਿੱਚ ਪਾ ਦਿੱਤੇ ਜਾਂਦੇ ਹਨ। ਜਿਸ ਕਾਰਨ ਵੋਟਰ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਦੇ ਹਨ ਕਿਉਂਕਿ ਉਹਨਾਂ ਵੱਲੋਂ ਇਹਨਾਂ ਚੋਣ ਵਾਅਦਿਆਂ 'ਤੇ ਵਿਸ਼ਵਾਸ ਕਰਕੇ ਹੀ ਸਬੰਧਿਤ ਸਿਆਸੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਹੁੰਦੀਆਂ ਹਨ।

ਇਸ ਸਮੇਂ ਭਾਜਪਾ ਅਤੇ ਕਾਂਗਰਸ ਵਿਚਾਲੇ ਵੋਟਰਾਂ ਨਾਲ ਚੋਣ ਵਾਅਦੇ ਕਰਨ ਦੀ ਦੌੜ ਲੱਗੀ ਹੋਈ ਹੈ। ਦੋਵੇਂ ਹੀ ਪਾਰਟੀਆਂ ਨਿੱਤ ਦਿਨ ਨਵੇਂ ਚੋਣ ਵਾਅਦੇ ਵੋਟਰਾਂ ਨਾਲ ਕਰ ਰਹੀਆਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਦੋਵੇਂ ਸਿਆਸੀ ਪਾਰਟੀਆਂ ਵੱਲੋਂ ਅਜਿਹੇ ਹੀ ਚੋਣ ਵਾਅਦੇ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਚੋਣ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ।

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ, ਬੀਜੇਪੀ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਜਿਸ ਬਾਰੇ ਮਾਹਿਰਾਂ ਨੇ ਉਸ ਸਮੇਂ ਹੀ ਕਹਿ ਦਿੱਤਾ ਸੀ ਕਿ ਇਹ ਚੋਣ ਵਾਅਦਾ ਪੂਰਾ ਕਰਨਾ ਸੰਭਵ ਨਹੀਂ ਹੈ। ਦੂਜੇ ਪਾਸੇ, ਕਾਂਗਰਸ ਨੇ ਘੱਟੋ-ਘੱਟ ਆਮਦਨ ਗਾਰੰਟੀ ਸਕੀਮ ਦਾ ਵਾਅਦਾ ਕੀਤਾ ਸੀ, ਜੋ ਕਿ ਪੂਰਾ ਨਹੀਂ ਕੀਤਾ ਜਾ ਸਕਦਾ। ਭਾਜਪਾ ਅਤੇ ਕਾਂਗਰਸ ਤੋਂ ਇਲਾਵਾ ਹੋਰਨਾਂ ਸਿਆਸੀ ਪਾਰਟੀਆਂ ਵੱਲੋਂ ਵੀ ਵੋਟਰਾਂ ਨਾਲ ਅਨੇਕਾਂ ਚੋਣ ਵਾਅਦੇ ਕੀਤੇ ਜਾ ਰਹੇ ਹਨ। ਚੋਣ ਵਾਅਦਿਆਂ ਨੂੰ ਵੋਟਾਂ ਪੱਕੀਆਂ ਕਰਨ ਦਾ ਸਾਧਨ ਸਮਝਿਆ ਜਾਂਦਾ ਹੈ। ਇਸੇ ਕਾਰਨ ਹਰ ਵਾਰ ਦੀਆਂ ਚੋਣਾਂ ਦੌਰਾਨ ਸਿਆਸੀ ਦਲਾਂ ਵੱਲੋਂ ਵੋਟਰਾਂ ਨਾਲ ਅਨੇਕਾਂ ਤਰ੍ਹਾਂ ਦੇ ਚੋਣ ਵਾਅਦੇ ਕੀਤੇ ਜਾਂਦੇ ਹਨ। ਕੁਝ ਚੋਣ ਵਾਅਦੇ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਚੋਣਾਂ ਜਿੱਤ ਕੇ ਸਰਕਾਰ ਬਣਾਉਣ ਵਾਲੀ ਪਾਰਟੀ ਵੱਲੋਂ ਕੁਝ ਹੱਦ ਤੱਕ ਪੂਰਾ ਵੀ ਕਰ ਦਿੱਤਾ ਜਾਂਦਾ ਹੈ ਪਰ ਵੱਡੀ ਗਿਣਤੀ ਚੋਣ ਵਾਅਦੇ ਅਜਿਹੇ ਹੁੰਦੇ ਹਨ ਜੋ ਕਿ ਪੂਰੇ ਕਰਨ ਤੋਂ ਘੇਸਲ ਮਾਰ ਲਈ ਜਾਂਦੀ ਹੈ।

ਅਜਿਹਾ ਇਸ ਕਾਰਨ ਹੁੰਦਾ ਹੈ ਕਿ ਕਿਉਂਕਿ ਭਾਰਤ ਵਿੱਚ ਅਜੇ ਤੱਕ ਸਿਆਸੀ ਦਲਾਂ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਗਈ। ਇਸੇ ਕਾਰਨ ਵੱਡੀ ਗਿਣਤੀ ਸਿਆਸੀ ਪਾਰਟੀਆਂ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਚੋਣਾਂ ਜਿੱਤ ਕੇ ਸਰਕਾਰ ਬਣਾਉਣ ਤੋਂ ਬਾਅਦ ਪੂਰਾ ਨਹੀਂ ਕਰਦੀਆਂ, ਜਾਂ ਕੁਝ ਹੱਦ ਤੱਕ ਹੀ ਚੋਣ ਵਾਅਦੇ ਪੂਰੇ ਕੀਤੇ ਜਾਂਦੇ ਹਨ। ਜਦੋਂ ਸਿਆਸੀ ਦਲਾਂ ਵੱਲੋਂ ਚੋਣਾਂ ਮੌਕੇ ਕੀਤੇ ਜਾਂਦੇ ਚੋਣ ਵਾਅਦਿਆਂ ਨੂੰ ਪੂਰੇ ਕਰਨ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ, ਉਸ ਤੋਂ ਬਾਅਦ ਹੀ ਸਿਆਸੀ ਪਾਰਟੀਆਂ ਸੋਚ ਸਮਝ ਕੇ ਚੋਣਾਂ ਦੌਰਾਨ ਵੋਟਰਾਂ ਨਾਲ ਵਾਅਦੇ ਕਰਨਗੀਆਂ।





# 91 ਸਾਲਾਂ ਮੁਈਵਾਹ ਦੀ ਜਲਾਵਤਨੀ ਖ਼ਤਮ

## 50 ਸਾਲ ਬਾਅਦ ਵਤਨ ਵਾਪਸੀ, ਨਾਗਾ ਭਾਈਚਾਰੇ ਨੇ ਰਾਜੇ ਵਾਂਗ ਕੀਤਾ ਸਵਾਗਤ

## ਨਾਗਾ ਲੀਡਰਾਂ ਨੇ ਕੇਂਦਰ ਨੂੰ ਕਈ ਵਾਰ ਝੁਕਾਇਆ, ਅਕਾਲੀ ਲੀਡਰਸ਼ਿਪ ਨੇ ਇੱਕ ਵਾਰ ਵੀ ਨਹੀਂ

## ਪੰਜਾਬੀਆਂ ਦੀ ਲੀਡਰਸ਼ਿਪ ਬੇਈਮਾਨ: ਅਨੰਦਪੁਰ ਮਤਾ, ਪਾਣੀ, ਚੰਡੀਗੜ੍ਹ ਸਭ ਗਵਾਇਆ, ਨਾਗਿਆਂ ਵਾਂਗ ਅੜ ਨਾ ਸਕੇ



ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916

ਨਾਗਾ ਅੰਦੋਲਨ ਦੇ 91 ਸਾਲਾ ਸੁਪਰੀਮੋ ਥੂਈਲਿੰਗ ਮੁਈਵਾਹ ਨੇ 50 ਸਾਲਾਂ ਤੋਂ ਵੱਧ ਦੀ ਜਲਾਵਤਨੀ ਤੋਂ ਬਾਅਦ ਬੀਤੇ ਦਿਨੀਂ ਮਨੀਪੁਰ ਦੇ ਆਪਣੇ ਜਨਮ ਸਥਾਨ ਸੋਮਦਲ ਪਹੁੰਚ ਕੇ ਇਤਿਹਾਸ ਰਚ ਦਿੱਤਾ ਹੈ। ਹੈਲੀਕਾਪਟਰ ਤੋਂ ਉਤਰਦਿਆਂ ਹੀ ਹਜ਼ਾਰਾਂ ਨਾਗਾ ਲੋਕਾਂ ਨੇ ਰਵਾਇਤੀ ਭਾਲੇ ਤੇ ਐੱਨ.ਐੱਸ.ਸੀ.ਐੱਨ. ਝੰਡੇ ਲਹਿਰਾ ਕੇ ਰਾਜੇ ਵਾਂਗ ਸਵਾਗਤ ਕੀਤਾ, ਜਦਕਿ ਮੋਦੀ ਸਰਕਾਰ ਨਾਲ 2015 ਦਾ ਗੁਪਤ ਫ਼ਰੇਮਵਰਕ ਐਗਰੀਮੈਂਟ ਅਜੇ ਵੀ ਅੱਧ ਵਿਚਾਲੇ ਲਟਕਿਆ ਹੋਇਆ ਹੈ।

ਇਥੇ ਜ਼ਿਕਰਯੋਗ ਹੈ ਕਿ ਨਾਗਾਲੈਂਡ ਦਾ ਮਸਲਾ ਤਾਂ ਭਾਰਤ ਦੀ ਆਜ਼ਾਦੀ ਤੋਂ ਵੀ ਪਹਿਲਾਂ ਦਾ ਹੈ। 1947 ਤੋਂ ਠੀਕ ਇਕ ਦਿਨ ਪਹਿਲਾਂ, ਨਾਗਾ ਨੇਤਾ ਏ. ਜ਼ੈੱਡ. ਫ਼ਿਗੋ ਨੇ ਨਾਗਾ ਸੁਤੰਤਰਤਾ ਦਾ ਐਲਾਨ ਕਰ ਦਿੱਤਾ ਸੀ। ਉਸ ਨੇ ਆਪਣੀ ਸਰਕਾਰ ਬਣਾ ਲਈ ਤੇ ਫ਼ੌਜ ਵੀ ਖੜ੍ਹੀ ਕਰ ਲਈ ਸੀ। ਭਾਰਤ ਸਰਕਾਰ ਨੂੰ ਇਸ ਨੂੰ ਦਬਾਉਣ ਲਈ 11 ਸਾਲ ਲੱਗ ਗਏ ਤੇ ਅਖੀਰ 1958 ਵਿਚ ਆਰਮਡ ਫ਼ੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਲਾਗੂ ਕਰਨਾ ਪਿਆ। ਅੱਜ ਵੀ ਇਹ ਕਾਨੂੰਨ ਨਾਗਾਲੈਂਡ ਦੇ ਕੁਝ ਇਲਾਕਿਆਂ ਵਿਚ ਚੱਲ ਰਿਹਾ ਹੈ। ਨਾਗਾ ਲੋਕ ਆਪਣੀ ਵੱਖਰੀ ਪਛਾਣ, ਇਤਿਹਾਸ ਤੇ ਸੱਭਿਆਚਾਰ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਨੇ। ਉਹ ਕਹਿੰਦੇ ਨੇ ਕਿ ਅਸੀਂ ਕਦੇ ਭਾਰਤ ਜਾਂ ਬਰਮਾ (ਹੁਣ ਮਿਆਂਮਾਰ) ਦੇ ਹਿੱਸੇ ਨਹੀਂ ਸੀ, ਸਾਡੀ ਆਪਣੀ ਹਕੂਮਤ ਸੀ।

ਇਸ ਅੰਦੋਲਨ ਨੇ ਕਈ ਰੂਪ ਬਦਲੇ। ਸਭ ਤੋਂ ਪਹਿਲਾਂ ਨਾਗਾ ਨੈਸ਼ਨਲ ਕੌਂਸਲ (ਐੱਨ.ਐੱਨ.ਸੀ.) ਬਣੀ। ਫ਼ਿਰ 1975 ਵਿੱਚ ਸ਼ਿਲਾਂਗ ਸਮਝੌਤੇ ਨਾਲ ਇੱਕ ਧੜੇ ਨੇ ਭਾਰਤੀ ਸੰਵਿਧਾਨ ਮੰਨ ਗਿਆ, ਪਰ ਦੂਜਾ ਧੜਾ ਸੰਘਰਸ਼ ਕਰਦਾ ਰਿਹਾ। 1980 ਵਿੱਚ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਐੱਨ.ਐੱਸ.ਸੀ.ਐੱਨ.) ਬਣੀ। 1988 ਵਿੱਚ ਫ਼ਿਰ ਫ਼ੁੱਟ ਪੈ ਗਈ ਤੇ ਈਸਾਕ-ਮੁਈਵਾਹ ਧੜਾ (ਐੱਨ.ਐੱਸ.ਸੀ.ਐੱਨ. ਆਈ.ਐੱਮ.) ਸਭ ਤੋਂ ਤਾਕਤਵਰ ਬਣ ਗਿਆ। ਇਸ ਧੜੇ ਨੇ ਹਥਿਆਰਬੰਦ ਸੰਘਰਸ਼ ਚਲਾਇਆ ਤੇ ਹੁਣ ਗੱਲਬਾਤ ਦੇ ਰਾਹ ਤੇ ਹੈ। ਨਾਗਾ ਅੰਦੋਲਨ ਵਿਚ ਹਜ਼ਾਰਾਂ ਲੋਕ ਮਰੇ, ਲੱਖਾਂ ਬੇਘਰ ਹੋਏ, ਪਰ ਨਾਗਾ ਲੋਕਾਂ ਨੇ ਹਾਰ ਨਹੀਂ ਮੰਨੀ। ਅੱਜ ਵੀ ਉਹ ਆਪਣੇ ਹੱਕਾਂ ਲਈ ਡਟੇ ਹੋਏ ਹਨ।

ਨਾਗਾ ਲੋਕਾਂ ਦੀ ਮੁੱਖ ਮੰਗ ਹੈ ਵੱਖਰਾ ਝੰਡਾ ਤੇ ਵੱਖਰਾ ਸੰਵਿਧਾਨ। ਉਹ ਕਹਿੰਦੇ ਨੇ ਕਿ ਅਸੀਂ ਭਾਰਤ ਨਾਲ ਰਹਿਣਾ ਚਾਹੁੰਦੇ ਆਂ, ਪਰ ਸਾਨੂੰ ਆਪਣੀ ਪਛਾਣ ਲਈ ਵੱਖਰੇ ਚਿੰਨ੍ਹ ਤੇ ਸੰਵਿਧਾਨ ਚਾਹੀਦਾ ਹੈ। ਦੂਜੀ ਵੱਡੀ ਮੰਗ ਹੈ ਗ੍ਰੇਟਰ ਨਾਗਾਲਿਮ। ਇਹ ਇਲਾਕਾ ਲੱਗਭਗ 1 ਲੱਖ 20 ਹਜ਼ਾਰ ਵਰਗ ਕਿਲੋਮੀਟਰ ਦਾ ਹੈ। ਇਸ ਵਿਚ ਪੂਰਾ ਨਾਗਾਲੈਂਡ, ਮਨੀਪੁਰ ਦੇ ਪਹਾੜੀ ਇਲਾਕੇ, ਆਸਾਮ ਦੇ 7 ਜ਼ਿਲ੍ਹੇ, ਅਰੁਣਾਚਲ ਪ੍ਰਦੇਸ਼ ਦੇ 3 ਜ਼ਿਲ੍ਹੇ ਤੇ ਮਿਆਂਮਾਰ ਦੇ ਕੁਝ ਹਿੱਸੇ ਸ਼ਾਮਲ ਨੇ। ਨਾਗਾ ਕਹਿੰਦੇ ਨੇ ਕਿ ਸਾਰੇ ਨਾਗਾ ਕਬੀਲੇ ਇਕੱਠੇ ਰਹਿਣ। ਪਰ ਭਾਰਤ ਸਰਕਾਰ ਇੱਕ ਰਾਸ਼ਟਰ, ਇੱਕ ਝੰਡਾ ਤੇ ਇੱਕ ਸੰਵਿਧਾਨ ਤੋਂ ਪਿੱਛੇ ਨਹੀਂ ਹਟ ਰਹੀ। ਮਿਆਂਮਾਰ ਵਾਲਾ ਹਿੱਸਾ ਤਾਂ ਵੱਖਰੇ ਦੇਸ਼ ਦਾ ਹੈ, ਉੱਥੇ ਭਾਰਤ ਕੁਝ ਨਹੀਂ ਕਰ ਸਕਦੀ।

ਹੁਣ ਤੱਕ ਨਾਗਾ ਨੇਤਾਵਾਂ ਨਾਲ 600 ਤੋਂ ਵੱਧ ਵਾਰ ਗੱਲਬਾਤ ਹੋ ਚੁੱਕੀ ਹੈ। 1966-67 ਵਿੱਚ ਇੰਦਰਾ ਗਾਂਧੀ ਨੇ 6 ਦੌਰ ਗੱਲਬਾਤ ਦੇ ਚਲਾਏ। 1995 ਵਿੱਚ ਨਰਸਿਮ੍ਹਾ ਰਾਓ ਨੇ ਪੈਰਿਸ ਵਿੱਚ ਮੁਈਵਾਹ ਤੇ ਸਵੂ ਨਾਲ ਮੁਲਾਕਾਤ ਕੀਤੀ। 1996 ਵਿਚ ਰਾਜੇਸ਼ ਪਾਇਲਟ ਨੇ ਬੈਂਕਾਕ ਵਿੱਚ, 1997 ਵਿਚ ਦੇਵਗੌੜਾ ਨੇ ਸਵਿਟਜ਼ਰਲੈਂਡ ਵਿਚ। 1997 ਵਿੱਚ ਜੰਗਬੰਦੀ ਹੋਈ। 2001 ਵਿਚ





ਵਾਜਪਾਈ ਤੇ 2003-04 ਵਿੱਚ ਮਨਮੋਹਨ ਸਿੰਘ ਨੇ ਵੀ ਗੱਲਬਾਤ ਕੀਤੀ। ਪਰ ਅਸਲ ਵੱਡਾ ਕਦਮ ਹੁਣ ਪ੍ਰਧਾਨ ਮੰਤਰੀ ਮੋਦੀ ਨੇ ਚੁੱਕਿਆ ਹੈ।

**ਮੋਦੀ ਸਰਕਾਰ ਦੀਆਂ ਕੋਸ਼ਿਸ਼ਾਂ: ਫ਼ਰੇਮਵਰਕ ਐਗਰੀਮੈਂਟ ਤੋਂ ਮੁਈਵਾਹ ਦੀ ਵਾਪਸੀ ਤੱਕ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਾਵੇਂ ਕੇਂਦਰੀ ਨੀਤੀਆਂ ਉਪਰ ਅੱਟਲ ਹਨ ,ਪਰ ਉਹ ਇੱਕ ਵਾਰ ਜੋ ਫ਼ੈਸਲਾ ਲੈ ਲੈਂਦੇ ਨੇ, ਫ਼ਿਰ ਪਿੱਛੇ ਨਹੀਂ ਹਟਦੇ। ਕਸ਼ਮੀਰ ਵਿੱਚ ਧਾਰਾ 370 ਖਤਮ ਕਰਨੀ, ਜੀ.ਐੱਸ.ਟੀ. ਲਾਗੂ ਕਰਨੀ, ਨੋਟਬੰਦੀ - ਇਹ ਸਭ ਉਸ ਦੀਆਂ ਮਿਸਾਲਾਂ ਨੇ। ਨਾਗਾ ਮਸਲੇ ਉਪਰ ਵੀ ਉਨ੍ਹਾਂ ਨੇ ਅਹਿਮ ਕਦਮ ਚੁੱਕਿਆ ਹੈ। 3 ਅਗਸਤ 2015 ਨੂੰ ਐੱਨ.ਐੱਸ.ਸੀ.ਐੱਨ. (ਆਈ.ਐੱਮ.) ਨਾਲ ਫ਼ਰੇਮਵਰਕ ਐਗਰੀਮੈਂਟ ’ਤੇ ਦਸਤਖਤ ਕੀਤੇ ਹਨ। ਇਹ ਸਮਝੌਤੇ ਦੀ ਰੂਪਰੇਖਾ ਸੀ, ਪਰ ਪੂਰਾ ਵੇਰਵਾ ਸਾਹਮਣੇ ਨਹੀਂ ਆਇਆ। ਮੋਦੀ ਨੇ ਨਾਗਾ ਨੇਤਾ ਥੂਈਲਿੰਗ ਮੁਈਵਾਹ ਨਾਲ ਵਿਦੇਸ਼ਾਂ ਵਿੱਚ ਵੀ ਮੀਟਿੰਗਾਂ ਕੀਤੀਆਂ ਸਨ।

ਹੁਣ 22 ਅਕਤੂਬਰ 2025 ਨੂੰ ਮੁਈਵਾਹ 91 ਸਾਲ ਦੀ ਉਮਰ ਵਿੱਚ 50 ਸਾਲਾਂ ਤੋਂ ਵੱਧ ਦੀ ਜਲਾਵਤਨੀ ਤੋਂ ਬਾਅਦ ਆਪਣੇ ਜਨਮਸਥਾਨ ਸੋਮਦਲ (ਮਨੀਪੁਰ) ਵਾਪਸ ਆ ਚੁਕੇ ਹਨ। ਲੱਗਦਾ ਹੈ ਕਿ ਸ਼ਾਂਤੀ ਦੀਆਂ ਸੰਭਾਵਨਾਵਾਂ ਵਧੀਆਂ ਨੇ। ਮੁਈਵਾਹ ਨੇ ਕਿਹਾ ਕਿ ਸਾਡੀ ਮੰਗ ਝੰਡਾ ਤੇ ਸੰਵਿਧਾਨ ਅਟੱਲ ਨੇ, ਪਰ ਭਾਰਤ ਨਾਲ ਰਹਿਣਾ ਮੰਨਦੇ ਹਾਂ। ਉਸ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਫ਼ਰੇਮਵਰਕ ਐਗਰੀਮੈਂਟ ਨੂੰ ਲਾਗੂ ਕਰੇ।

ਮੋਦੀ ਸਰਕਾਰ ਨੇ 7 ਹੋਰ ਛੋਟੇ ਨਾਗਾ ਗਰੁੱਪਾਂ ਨਾਲ ਵੀ ਸਹਿਮਤੀ ਲਈ ਹੈ।2017 ਵਿੱਚ ਭਾਰਤ ਸਰਕਾਰ ਨੇ ਨਾਗਾ ਨੈਸ਼ਨਲ ਪਾਲੀਟੀਕਲ ਗਰੁੱਪਸ (ਐੱਨ.ਐੱਨ.ਪੀ.ਜੀ.) ਨਾਲ ਗੱਲਾਂ ਤੇ ਪਹਿਲਾਂ ਸਹਿਮਤੀ ਦਿੱਤੀ, ਉਸ ਨੂੰ ਲਿਖਤੀ ਰੂਪ ਵਿੱਚ ਤੈਅ ਕਰ ਲਿਆ। ਮਤਲਬ ਅਗਰੀਡ ਪੋਜ਼ੀਸ਼ਨ ਸਮਝੌਤੇ ’ਤੇ ਦਸਤਖ਼ਤ ਕੀਤੇ ਸਨ। ਪਰ ਮੁੱਖ ਰੁਕਾਵਟ ਵੱਖਰਾ ਝੰਡਾ ਤੇ ਗ੍ਰੇਟਰ ਨਾਗਾਲਿਮ ਹੈ। ਜਾਣਕਾਰ ਕਹਿੰਦੇ ਨੇ ਕਿ ਭਾਰਤ 6ਵੀਂ ਅਨੁਸੂਚੀ ਤੇ ਆਧਾਰਿਤ ਖੁਦਮੁਖਤਿਆਰ ਜ਼ਿਲ੍ਹਾ ਪ੍ਰੀਸ਼ਦ ਜਾਂ ਅਸੈਂਬਲੀ ਫ਼ੈਡਰਲਿਜ਼ਮ ਨਾਲ ਹੱਲ ਕਰ ਸਕਦੀ ਹੈ। ਮੁਈਵਾਹ ਦੀ ਵਾਪਸੀ ਨੇ ਆਸ ਜਗਾਈ ਹੈ ਕਿ ਨਾਗਾਲੈਂਡ ਦਾ ਮੱਸਲਾ ਹੱਲ ਹੋਣ ਦੀ ਸੰਭਾਵਨਾ ਹੈ ।

**ਨਾਗਾ ਲੀਡਰਸ਼ਿਪ ਦੀ ਦ੍ਰਿੜ੍ਹਤਾ: ਮੁਈਵਾਹ ਦੀ ਇਮਾਨਦਾਰੀ ਤੇ ਕੁਰਬਾਨੀਆਂ**

ਨਾਗਾ ਲੀਡਰਸ਼ਿਪ, ਖਾਸ ਕਰਕੇ ਥੂਈਲਿੰਗ ਮੁਈਵਾਹ, ਦੀ ਸੋਚ ਬਹੁਤ ਸਪੱਸ਼ਟ ਹੈ। ਉਹ 1964 ਵਿੱਚ ਘਰ ਛੱਡ ਕੇ ਅੰਦੋਲਨ ਵਿੱਚ ਸ਼ਾਮਲ ਹੋਏ ਸਨ। 50 ਸਾਲਾਂ ਤੋਂ ਵੱਧ ਜਲਾਵਤਨੀ ਵਿੱਚ ਰਹੇ, ਵਿਦੇਸ਼ਾਂ ਵਿੱਚ ਰਹੇ, ਪਰ ਹਾਰ ਨਹੀਂ ਮੰਨੀ। ਅੱਜ 91 ਸਾਲ ਦੀ ਉਮਰ ਵਿੱਚ ਵਾਪਸ ਆਏ ਤਾਂ ਨਾਗਾ ਲੋਕਾਂ ਨੇ ਰਾਜੇ ਵਾਂਗ ਸਵਾਗਤ ਕੀਤਾ। ਮੁਈਵਾਹ ਕਹਿੰਦੇ ਨੇ ਕਿ ਨਾਗਾ ਇਤਿਹਾਸ, ਸਾਡੀ ਸਵੈ-ਨਿਰਣੇ ਦੀ ਹੱਕ, ਝੰਡਾ ਤੇ ਸੰਵਿਧਾਨ । ਉਹ ਅੰਤਰਰਾਸ਼ਟਰੀ ਭਾਈਚਾਰੇ ਨੂੰ ਧੰਨਵਾਦ ਕਹਿੰਦੇ ਨੇ ਤੇ ਕਹਿੰਦੇ ਨੇ ਕਿ ਅਸੀਂ ਸ਼ਾਂਤੀ ਚਾਹੁੰਦੇ ਆਂ, ਪਰ ਇਜ਼ਤ ਨਾਲ।

ਐੱਨ.ਐੱਸ.ਸੀ.ਐੱਨ. (ਆਈ. ਐੱਮ.) ਨੇ 1997 ਤੋਂ ਜੰਗਬੰਦੀ ਮੰਨ ਰੱਖੀ ਹੈ। 28 ਸਾਲਾਂ ਤੋਂ ਗੱਲਬਾਤ ਕਰ ਰਹੇ ਨੇ, ਪਰ ਧੋਖੇ ਦੀਆਂ ਸ਼ਿਕਾਇਤਾਂ ਵੀ ਕਰਦੇ ਨੇ। ਮੁਈਵਾਹ ਨੇ ਕਿਹਾ ਕਿ ਜੋ ਵੀ ਨਾਗਾ ਇਸ ਸਮਝੌਤੇ ਨੂੰ ਤੋੜੇਗਾ, ਉਹ ਗੱਦਾਰ ਹੈ। ਨਾਗਾ ਲੀਡਰਸ਼ਿਪ ਦੀ ਤਾਕਤ ਉਨ੍ਹਾਂ ਦੀ ਏਕਤਾ ਵਿਚ ਹੈ। ਵੱਖ-ਵੱਖ ਕਬੀਲੇ, ਵੱਖ-ਵੱਖ ਧੜੇ, ਪਰ ਮੁੱਖ ਮੰਗਾਂ ਤੇ ਇਕੱਠੇ ਨੇ। ਸਾਡੇ ਲੋਕਾਂ ਨੇ ਸ਼ਹਾਦਤਾਂ ਦਿੱਤੀਆਂ ,ਪਰ ਅੜੇ ਰਹੇ। ਇਸ ਗੱਲ ਨੇ ਭਾਰਤ ਸਰਕਾਰ ਨੂੰ ਸਮਝੌਤੇ ਲਈ ਮਜਬੂਰ ਕੀਤਾ । ਮੁਈਵਾਹ ਨੂੰ ਨਾਗਾ ਲੋਕ ‘ਆਤੋ ਕਿਲੋਂਸਰ’ ਯਾਨੀ ਪ੍ਰਧਾਨ ਮੰਤਰੀ ਕਹਿੰਦੇ ਨੇ। ਉਨ੍ਹਾਂ ਦੀ ਵਾਪਸੀ ਨੇ ਨਾਗਾ ਭਾਈਚਾਰੇ ਵਿਚ ਨਵੀਂ ਊਰਜਾ ਪਾ ਦਿੱਤੀ ਹੈ। ਨਾਗਾ ਲੀਡਰ ਨੇ ਆਪਣੇ ਲੋਕਾਂ ਨੂੰ ਇਕੱਲੇ ਨਹੀਂ ਛੱਡਿਆ, ਬਲਕਿ ਉਨ੍ਹਾਂ ਨੂੰ ਇਕੱਠਾ ਰੱਖਿਆ ਹੈ।

**ਪੰਜਾਬ ਦਾ ਸੰਘਰਸ਼ ਤੇ ਸਿੱਖ ਲੀਡਰਸ਼ਿਪ ਦੀ ਕਮਜ਼ੋਰੀ: ਅਨੰਦਪੁਰ ਮਤਾ ਤੋਂ ਬੰਦੀਆਂ ਦੀ ਰਿਹਾਈ ਤੱਕ**

ਹੁਣ ਪੰਜਾਬ ਦੀ ਗੱਲ ਕਰੀਏ। ਪੰਜਾਬ ਦਾ ਮਸਲਾ ਵੀ ਨਾਗਾਲੈਂਡ ਵਰਗਾ ਸੀ - ਸੰਘੀ ਢਾਂਚੇ ਵਿੱਚ ਵੱਧ ਅਧਿਕਾਰ, ਪਾਣੀਆਂ ਦੀ ਮਾਲਕੀ, ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਰਾਜਧਾਨੀ। ਅਨੰਦਪੁਰ ਸਾਹਿਬ ਮਤਾ 1973 ਵਿਚ ਪਾਸ ਹੋਇਆ, ਜਿਸ ਵਿੱਚ ਇਹ ਸਭ ਮੰਗਾਂ ਸਨ। ਮੋਰਚੇ ਲੱਗੇ, ਪਰ ਲੀਡਰਸ਼ਿਪ ਦੀ ਨਲਾਇਕੀ, ਰਾਜਸੀ ਹਿੱਤ ਤੇ ਸੱਤਾ ਕਾਰਨ ਹਜ਼ਾਰਾਂ ਸਿੱਖ ਸ਼ਹੀਦ ਹੋਏ, ਜੂਨ 84,ਨਵੰਬਰ 84 ਘਲੂਘਾਰਾ ਹੋਇਆ ।ਅੱਜ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਵਫ਼ਦ ਜਾਂਦੇ ਨੇ, ਪਰ ਮੋਦੀ ਸਰਕਾਰ ਮੀਟਿੰਗ ਵੀ ਨਹੀਂ ਕਰਦੀ। ਨਾਗਾ ਨੇਤਾਵਾਂ ਨਾਲ ਵਿਦੇਸ਼ਾਂ ਵਿੱਚ ਮੀਟਿੰਗਾਂ ਹੋ ਰਹੀਆਂ ਨੇ, ਪਰ ਪੰਜਾਬੀਆਂ ਨਾਲ ਨਹੀਂ।

ਕਿਉਂ ? ਕਿਉਂਕਿ ਸਿੱਖ ਲੀਡਰਸ਼ਿਪ ਅੜੀ ਨਹੀਂ। ਨਾਗਾ ਲੀਡਰਾਂ ਵਾਂਗ ਦ੍ਰਿੜ੍ਹ ਨਹੀਂ। ਉੱਥੇ ਏਕਤਾ ਹੈ, ਇੱਥੇ ਧੜੇਬੰਦੀ ਹੈ। ਨਾਗਾ ਨੇ 600 ਗੱਲਬਾਤਾਂ ਕੀਤੀਆਂ, ਅਸੀਂ ਮੋਰਚੇ ਲਾ ਕੇ ਥੱਕ ਗਏ। ਗੱਲਬਾਤ ਦੇ ਟੇਬਲ ਉਪਰ ਸਿੱਖ ਲੀਡਰਸ਼ਿਪ ਸਫ਼ਲ ਨਹੀਂ ਹੋਈ। ਨਾਗਾ ਲੀਡਰ ਨੇ ਆਪਣੇ ਮਿਸ਼ਨ ਲਈ ਕੁਰਬਾਨੀ ਦਿੱਤੀ, ਜਲਾਵਤਨੀ ਕੱਟੀ, ਪਰ ਹਾਰ ਨਹੀਂ ਮੰਨੀ। ਅਕਾਲੀ ਲੀਡਰਸ਼ਿਪ ਨੇ ਆਪਣੇ ਲੋਕਾਂ ਨੂੰ ਮਰਵਾਇਆ, ਗਲਤ ਸਮਝੌਤੇ ਕੀਤੇ ਪਰ ਮੰਗਾਂ ਨਹੀਂ ਮਨਵਾਈਆਂ। ਅੱਜ ਪੰਜਾਬ ਦੇ ਪਾਣੀ ਲੁੱਟੇ ਜਾ ਰਹੇ ਨੇ, ਚੰਡੀਗੜ੍ਹ ਹਰਿਆਣੇ ਨੂੰ ਦਿੱਤਾ ਜਾ ਰਿਹਾ ਹੈ, ਪਰ ਮੋਰਚਾ ਲਾਉਣ ਦੀ ਹਿੰਮਤ ਨਹੀਂ। ਨਾਗਾ ਨੇ ਵੱਖਰਾ ਝੰਡਾ ਮੰਗਿਆ, ਅਸੀਂ ਤਾਂ ਸੰਵਿਧਾਨ ਵਿਚ ਰਹਿ ਕੇ ਮੰਗ ਰਹੇ ਸੀ। ਫ਼ਿਰ ਵੀ ਹਾਰ ਗਏ।

ਜਵਾਬ ਸਾਫ਼ ਹੈ - ਲੀਡਰਸ਼ਿਪ ਦੀ ਧੋਖੇਬਾਜ਼ੀ। ਨਾਗਾ ਲੀਡਰ ਇਮਾਨਦਾਰ ਨੇ, ਕੁਰਬਾਨੀ ਵਾਲੇ ਨੇ। ਸਿੱਖ ਲੀਡਰਾਂ ਨੂੰ ਏਕਤਾ ਚਾਹੀਦੀ ਹੈ, ਸੰਘਰਸ਼ ਦੀ ਰਣਨੀਤੀ ਚਾਹੀਦੀ ਹੈ। ਗੱਲਬਾਤ ਤਾਂ ਅੰਤ ਵਿੱਚ ਹੁੰਦੀ ਹੈ, ਪਰ ਹਾਲਾਤ ਪੈਦਾ ਕਰਨੇ ਪੈਂਦੇ ਨੇ। ਮੁਈਵਾਹ ਵਾਂਗ ਕੋਈ ਨੇਤਾ ਚਾਹੀਦਾ ਜੋ ਲੋਕਾਂ ਨੂੰ ਇੱਕਮੁਠ ਰੱਖ ਸਕੇ, ਨੁਕਸਾਨ ਘੱਟ ਕਰੇ ਤੇ ਮੰਜ਼ਿਲ ਪਾ ਲਵੇ।

# ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਲਖਵਿੰਦਰ ਸਿੰਘ ਅਮਰੀਕਾ ਤੋਂ ਡਿਪੋਰਟ ਹੋ ਕੇ ਭਾਰਤ ਪਹੁੰਚਿਆ

## ਹਰਿਆਣਾ ਪੁਲਿਸ ਵੱਲੋਂ ਏਅਰਪੋਰਟ ਤੋਂ ਗ੍ਰਿਫ਼ਤਾਰ

ਚੰਡੀਗੜ੍ਹ/ਏ.ਟੀ.ਨਿਊਜ਼: ਬੀਤੇ ਦਿਨੀ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਹੱਥਕੜੀਆਂ ਲੱਗੀਆਂ ਹੋਈਆਂ ਕਰੀਬ 50 ਨੌਜਵਾਨਾਂ ਵਿੱਚੋਂ ਇੱਕ ਲਖਵਿੰਦਰ ਸਿੰਘ ਉਰਫ਼ ਲੱਖਾ ਹਰਿਆਣਾ ਦਾ ਸਭ ਤੋਂ ਵੱਡਾ ਲੋੜੀਂਦਾ ਗੈਂਗਸਟਰ ਗ੍ਰਿਫ਼ਤਾਰ ਹੋਇਆ। ਇਹ ਨੌਜਵਾਨ ਅਮਰੀਕਾ ਤੋਂ ਡਿਪੋਰਟ ਹੋ ਕੇ ਆਇਆ ਸੀ ਅਤੇ ਉਸ ਨੂੰ ਏਅਰਪੋਰਟ ਤੋਂ ਹੀ ਹਰਿਆਣਾ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੇ ਗ੍ਰਿਫ਼ਤਾਰ ਕਰ ਲਿਆ। ਉਹ ਲਾਰੈਂਸ ਬਿਸ਼ਨੋਈ ਗਿਰੋਹ ਨਾਲ ਡੂੰਘਾ ਜੁੜਿਆ ਹੋਇਆ ਹੈ ਅਤੇ ਉਸ ਦੇ ਭਰਾ ਅਨਮੋਲ ਬਿਸ਼ਨੋਈ ਦੇ ਸਿੱਧੇ ਹੁਕਮਾਂ ’ਤੇ ਕੰਮ ਕਰਦਾ ਰਿਹਾ ਸੀ। ਲਖਵਿੰਦਰ ਸਿੰਘ ਉਰਫ਼ ਲੱਖਾ 30 ਸਾਲਾਂ ਦਾ ਨੌਜਵਾਨ ਹੈ, ਜੋ ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਤਿਤਰਮ ਪਿੰਡ ਦਾ ਵਸਨੀਕ ਹੈ। 2022 ਵਿੱਚ ਉਹ ਗੈਰਕਾਨੂੰਨੀ ਰਸਤਿਆਂ ਰਾਹੀਂ ਅਮਰੀਕਾ ਭੱਜ ਗਿਆ ਸੀ। ਅਮਰੀਕਾ ਵਿੱਚ ਰਹਿੰਦਿਆਂ ਵੀ ਉਹ ਅਨਮੋਲ ਬਿਸ਼ਨੋਈ ਦੇ ਹੁਕਮਾਂ ਤੇ ਹਰਿਆਣਾ ਅਤੇ ਪੰਜਾਬ ਵਿੱਚ ਰੰਗਦਾਰੀ ਮੰਗਣ ਅਤੇ ਗੋਲੀਆਂ ਚਲਾਉਣ ਵਰਗੇ ਅਪਰਾਧਾਂ ਵਿੱਚ ਸ਼ਾਮਲ ਰਿਹਾ ਸੀ। ਹਰਿਆਣਾ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਲੱਖਾ 2022 ਤੋਂ ਅਮਰੀਕਾ ਤੋਂ ਹੀ ਇਹਨਾਂ ਅਪਰਾਧਾਂ ਨੂੰ ਚਲਾ ਰਿਹਾ ਸੀ ਅਤੇ ਇੱਕ ਡਜ਼ਨ ਤੋਂ ਵੱਧ ਮਾਮਲਿਆਂ ਵਿੱਚ ਸਰਗਰਮ ਸੀ।



**ਅਮਰੀਕਾ ਵਿੱਚ ਕਿਵੇਂ ਫੜਿਆ ਗਿਆ ਅਤੇ ਡਿਪੋਰਟ ਕਿਉਂ ਹੋਇਆ ?**

ਲੱਖੇ ਖਿਲਾਫ਼ 2023 ਵਿੱਚ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ ਅਤੇ 2024 ਵਿੱਚ ਇੰਟਰਪੋਲ ਰਾਹੀਂ ਰੈੱਡ ਕਾਰਨਰ ਨੋਟਿਸ ਵੀ ਜਾਰੀ ਹੋਇਆ। ਇਸੇ ਸਾਲ ਦੀ ਸ਼ੁਰੂਆਤ ਵਿੱਚ ਹਰਿਆਣਾ ਐਸ.ਟੀ.ਐਫ. ਨੇ ਇਸ ਨੋਟਿਸ ਨੂੰ ਅਮਰੀਕੀ ਅਧਿਕਾਰੀਆਂ ਤੱਕ ਪਹੁੰਚਾਇਆ। ਨਤੀਜੇ ਵਜੋਂ 25 ਅਕਤੂਬਰ 2025 ਨੂੰ ਅਮਰੀਕੀ ਖੁਫ਼ੀਆ ਏਜੰਸੀ ਐਫ.ਬੀ.ਆਈ. ਨੇ ਲੱਖੇ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕਰ ਲਿਆ। ਐਸ.ਟੀ.ਐਫ. ਦੇ ਐਸ.ਪੀ. ਵਿਕਰਾਂਤ ਭੂਸ਼ਣ ਨੇ ਵੀਡੀਓ ਵਿੱਚ ਦੱਸਿਆ ਕਿ ਇਹ ਗ੍ਰਿਫ਼ਤਾਰੀ ਹਰਿਆਣਾ ਐਸ.ਟੀ.ਐਫ., ਐਫ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਸੰਭਵ ਹੋਈ।

**ਭਾਰਤ ਵਿੱਚ ਕੀ ਅਪਰਾਧ ਕੀਤੇ ?**

ਲੱਖੇ ਖਿਲਾਫ਼ ਹਰਿਆਣਾ ਅਤੇ ਪੰਜਾਬ ਦੇ ਪੰਜ ਜ਼ਿਲ੍ਹਿਆਂ - ਸੋਨੀਪਤ, ਰੋਹਤਕ, ਯਮੁਨਾਨਗਰ, ਕੈਥਲ ਅਤੇ ਅੰਬਾਲਾ - ਵਿੱਚ 13 ਤੋਂ ਵੱਧ ਐਫ.ਆਈ.ਆਰ. ਦਰਜ ਹਨ। ਇਹਨਾਂ ਵਿੱਚ ਹੱਤਿਆ ਦੀ ਕੋਸ਼ਿਸ਼, ਰੰਗਦਾਰੀ ਮੰਗਣਾ, ਗੈਰਕਾਨੂੰਨੀ ਹਥਿਆਰ ਰੱਖਣਾ, ਗੋਲੀਆਂ ਚਲਾਉਣਾ ਅਤੇ ਧਮਕੀਆਂ ਦੇਣ ਵਰਗੇ ਗੰਭੀਰ ਅਪਰਾਧ ਸ਼ਾਮਲ ਹਨ। ਉਹ ਬਿਸ਼ਨੋਈ ਗਿਰੋਹ ਦੇ ਹਾਈ-ਪ੍ਰੋਫਾਈਲ ਨੈੱਟਵਰਕ ਨਾਲ ਜੁੜਿਆ ਹੋਇਆ ਸੀ ਅਤੇ ਪੰਜਾਬ-ਹਰਿਆਣਾ ਵਿੱਚ ਕਈ ਵਪਾਰੀਆਂ ਤੋਂ ਰੰਗਦਾਰੀ ਵਸੂਲਣ ਵਿੱਚ ਸ਼ਾਮਲ ਸੀ। (ਬਾਕੀ ਸਫ਼ਾ 27 ’ਤੇ)

## ਦਰਪਣ ਝੂਠ ਨਹੀਂ ਬੋਲਦਾ

# ਕੈਲੀ.ਫੋਰਨੀਆ ਹਾਦਸੇ ਤੇ ਜਸ਼ਨਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਬਾਅਦ ਪੰਜਾਬੀ ਡਰਾਈਵਰਾਂ ਲਈ ਵਧੀਆਂ ਚੁਣੌਤੀਆਂ

## ਅਮਰੀਕਨਾਂ ਵਿੱਚ ਪੰਜਾਬੀ ਡਰਾਈਵਰਾਂ ਪ੍ਰਤੀ ਨ.ਫਰਤ ਵਧੀ

ਕੈਲੀਫ਼ੋਰਨੀਆ ਵਿੱਚ ਹੋਏ ਇੱਕ ਭਿਆਨਕ ਸੜਕ ਹਾਦਸੇ ਨੇ ਤਿੰਨ ਅਮਰੀਕੀ ਨਾਗਰਿਕਾਂ ਦੀ ਜਾਨ ਲੈ ਲਈ ਅਤੇ ਪੰਜਾਬੀ ਮੂਲ ਦੇ ਇੱਕ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਗ੍ਰਿ.ਫ਼ਤਾਰ ਕਰ ਲਿਆ ਗਿਆ। ਇਸ ਘਟਨਾ ਕਾਰਨ ਅਮਰੀਕਨਾਂ ਵਿੱਚ ਪੰਜਾਬੀ ਡਰਾਈਵਰਾਂ ਪ੍ਰਤੀ ਨਫਰਤ ਵਧੀ ਹੈ। ਇਹ ਹਾਦਸਾ ਪੂਰੇ ਪੰਜਾਬੀ ਟਰੱਕਿੰਗ ਭਾਈਚਾਰੇ ਲਈ ਇੱਕ ਸੰਕਟ ਬਣ ਗਿਆ ਹੈ। ਅੰਦਾਜ਼ਨ 1 ਲੱਖ 50 ਹਜ਼ਾਰ ਪੰਜਾਬੀ ਸਿੱਖ ਡਰਾਈਵਰ ਅਮਰੀਕੀ ਆਰਥਿਕਤਾ ਨੂੰ ਚਲਾਉਣ ਵਿੱਚ ਯੋਗਦਾਨ ਪਾ ਰਹੇ ਹਨ, ਪਰ ਹੁਣ ਇਹਨਾਂ ਨੂੰ ਨ.ਫਰਤ ਅਤੇ ਲੋਕਲ ਤਣਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਪੰਜਾਬੀ ਭਾਈਚਾਰਾ ਜੋ ਦਹਾਕਿਆਂ ਤੋਂ ਸੇਵਾ ਤੇ ਸਰਬਤ ਦੇ ਭਲੇ ਰਾਹੀਂ ਅਮਰੀਕਾ ਵਿੱਚ ਆਪਣੀ ਪਛਾਣ ਬਣਾਉਣ ਲਈ ਸੰਘਰਸ਼ ਕਰ ਰਿਹਾ ਹੈ। 1980 ਅਤੇ 1990 ਦੇ ਦਹਾਕਿਆਂ ਵਿੱਚ ਭਾਰਤ ਵਿੱਚ ਹੋਏ ਸਿੱਖ ਘਲੂਘਾਰੇ ਜੂਨ 84 ਤੇ ਨਵੰਬਰ 84 ਤੋਂ ਬਾਅਦ ਹਜ਼ਾਰਾਂ ਪੰਜਾਬੀਆਂ ਨੇ ਅਮਰੀਕਾ ਵਿੱਚ ਪਨਾਹ ਲਈ ਸੀ ਤੇ ਆਪਣੀ ਵੱਖਰੀ ਪਛਾਣ ਬਣਾਈ ਸੀ। ਟਰੱਕਿੰਗ ਉਦਯੋਗ ਨੇ ਉਹਨਾਂ ਨੂੰ ਇੱਕ ਅਜਿਹਾ ਪੇਸ਼ਾ ਦਿੱਤਾ ਜੋ ਨਾ ਸਿਰ.ਫ ਚੰਗੀ ਆਮਦਨੀ ਦਿੰਦਾ ਹੈ (ਸਾਲਾਨਾ 50,000 ਤੋਂ 1 ਲੱਖ ਡਾਲਰ ਤੱਕ), ਸਗੋਂ ਉਹਨਾਂ ਨੂੰ ਆਪਣੇ ਧਾਰਮਿਕ ਅਭਿਆਸਾਂ ਨੂੰ ਵੀ ਨਿਭਾਉਣ ਦੀ ਆਜ਼ਾਦੀ ਵੀ ਦਿੰਦਾ ਹੈ।ਇਸ ਹਾਦਸੇ ਬਾਅਦ ਹੁਣ ਇਹਨਾਂ ਨੂੰ ਨਸਲੀ ਨ.ਫਰਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਯਾਦ ਰਹੇ ਕਿ 22 ਅਕਤੂਬਰ 2025 ਨੂੰ, ਅਮਰੀਕਾ ਦੇ ਕੈਲੀਫ਼ੋਰਨੀਆ ਰਾਜ ਵਿੱਚ,ਓਟਾਂਰੀਓ ਨੇੜੇ ਆਈ-10 ਫਰੀਵੇਅ ਉੱਤੇ ਜਬਰਦਸਤ ਹਾਦਸਾ ਵਾਪਰਿਆ ਸੀ ਜਿਸ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਵੈਸਟਬਾਊਂਡ ਲੇਨ ਵਿੱਚ ਟ੍ਰੈਫਿਕ ਜਾਮ ਸੀ ਅਤੇ ਡਰਾਈਵਰ ਜਸ਼ਨਪ੍ਰੀਤ ਸਿੰਘ, 21 ਸਾਲ ਦਾ ਪੰਜਾਬੀ ਨੌਜਵਾਨ, ਆਪਣੇ ਫ੍ਰੇਟਲਾਈਨਰ ਸੈਮੀ-ਟਰੱਕ ਨੂੰ ਤੇਜ਼ ਰ.ਫਤਾਰ ਨਾਲ ਚਲਾ ਰਿਹਾ ਸੀ। ਸਰਕਾਰੀ ਸੂਚਨਾ ਅਨੁਸਾਰ, ਉਸ ਨੇ ਨਾ ਬ੍ਰੇਕ ਲਗਾਏ ਅਤੇ ਨਾ ਹੀ ਹਾਦਸੇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਟਰੱਕ ਨੇ ਪਹਿਲਾਂ ਇੱਕ ਐੱਸਯੂਵੀ ਨੂੰ ਟੱਕਰ ਮਾਰੀ ਅਤੇ ਫਿਰ ਅੱਠ ਵਾਹਨਾਂ ਨਾਲ ਜਾ ਟਕਰਾਇਆ, ਜਿਨ੍ਹਾਂ ਵਿੱਚ ਚਾਰ ਵਪਾਰਕ ਟਰੱਕ ਵੀ ਸ਼ਾਮਲ ਸਨ। ਇਸ ਨਾਲ ਭਿਆਨਕ ਅੱਗ ਲੱਗ ਗਈ ਅਤੇ ਤੇਲ ਲੀਕ ਹੋ ਗਿਆ। ਤਿੰਨ ਲੋਕਾਂ ਦੀ ਮੌਕੇ ਉਪਰ ਹੀ ਮੌਤ ਆ ਗਈ - ਇਹਨਾਂ ਵਿੱਚ ਪੋਮੋਨਾ ਹਾਈ ਸਕੂਲ ਦੇ ਸਾਬਕਾ ਬਾਸਕਟਬਾਲ ਕੋਚ ਕਲੇਰੈਂਸ ਨੇਲਸਨ ਅਤੇ ਉਹਨਾਂ ਦੀ ਪਤਨੀ ਵੀ ਸ਼ਾਮਲ ਸਨ। ਚਾਰ ਹੋਰ ਲੋਕ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚ ਜਸ਼ਨਪ੍ਰੀਤ ਅਤੇ ਇੱਕ ਮਕੈਨਿਕ ਵੀ ਸੀ ਜੋ ਰੋਡਸਾਈਡ ਟਾਇਰ ਬਦਲ ਰਿਹਾ ਸੀ।

ਜਸ਼ਨਪ੍ਰੀਤ ਨੂੰ ਉਸੇ ਵੇਲੇ ਫੜ ਲਿਆ ਗਿਆ ਅਤੇ ਉਸ ਉੱਪਰ ਸ਼ਰਾਬ ਜਾਂ ਨਸ਼ੇ ਵਿੱਚ ਗੱਡੀ ਚਲਾ ਕੇ ਤਿੰਨ ਜਾਨਾਂ ਲੈਣ ਅਤੇ ਹੋਰਾਂ ਨੂੰ ਜ਼ਖ਼ਮੀ ਕਰਨ ਵਰਗੇ ਭਾਰੀ ਦੋਸ਼ ਲੱਗੇ ਹਨ। ਖ਼ੂਨ ਦੀ ਜਾਂਚ ਨੇ ਸਾਬਤ ਕੀਤਾ ਕਿ ਉਹ ਨਸ਼ੇ ਦੇ ਪੂਰੇ ਅਸਰ ਵਿੱਚ ਸੀ।





ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਬਿਆਨ ਜਾਰੀ ਕਰਕੇ ਕਿਹਾ ਕਿ ਜਸ਼ਨਪ੍ਰੀਤ ਭਾਰਤੀ ਨਾਗਰਿਕ ਹੈ ਅਤੇ 2022 ਵਿੱਚ ਉਸ ਨੂੰ ਦੱਖਣੀ ਸਰਹੱਦ ਰਾਹੀਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਇਆ ਸੀ।ਬਾਅਦ ਵਿੱਚ ਬਾਈਡੇਨ ਪ੍ਰਸ਼ਾਸਨ ਨੇ ਰਿਹਾਅ ਕਰ ਦਿੱਤਾ ਸੀ।ਉਸ ਨੂੰ ਭਵਿੱਖੀ ਇਮੀਗ੍ਰੇਸ਼ਨ ਅਦਾਲਤ ਦੀ ਤਰੀਕ ਦੇ ਕੇ ਛੱਡ ਦਿੱਤਾ ਗਿਆ ਸੀ। ਹੁਣ ਆਈ.ਸੀ.ਈ. ਨੇ ਉਸ ਉਪਰ ਪੱਕੀ ਗ੍ਰਿ.ਫ਼ਤਾਰੀ ਦਾ ਹੁਕਮ ਦੇ ਦਿੱਤਾ ਹੈ।

ਗਵਰਨਰ ਗੈਵਿਨ ਨਿਊਸੋਮ ਦੇ ਦ.ਫਤਰ ਨੇ ਕਿਹਾ ਕਿ ਫੈਡਰਲ ਸਰਕਾਰ ਨੇ ਉਸ ਨੂੰ ਵਰਕ ਅਥਾਰਾਈਜ਼ੇਸ਼ਨ ਦਿੱਤੀ ਸੀ, ਜਿਸ ਨਾਲ ਉਹ ਕਮਰਸ਼ੀਅਲ ਡਰਾਈਵਰ ਲਾਇਸੈਂਸ (ਸੀ.ਡੀ.ਐੱਲ.) ਲੈ ਸਕਿਆ। ਪਰ ਡੀ.ਐੱਚ.ਐੱਸ. ਨੇ ਇਸ ਨੂੰ ਬਾਈਡੇਨ ਨੀਤੀਆਂ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ 'ਲਾਪਰਵਾਹੀ ਨਾਲ ਬਣਾਈਆਂ ਖੁੱਲ੍ਹੀਆਂ ਸਰਹੱਦੀ ਨੀਤੀਆਂ' ਦਾ ਨਤੀਜਾ ਹੈ।

ਉਸਦੀ 23 ਅਕਤੂਬਰ ਨੂੰ ਰਾਂਚੋ ਸੁਪੀਰੀਅਰ ਕੋਰਟ ਵਿੱਚ ਪੇਸ਼ੀ ਹੋਈ।

ਦੋਸ਼ੀ ਡਰਾਈਵਰ ਜਸ਼ਨਪ੍ਰੀਤ ਸਿੰਘ ਦੇ ਪਿਤਾ ਰਵਿੰਦਰ ਸਿੰਘ ਕਹਿੰਦੇ ਹਨ ਕਿ ਜਿਨ੍ਹਾਂ ਦੀ ਜਾਨ ਇਸ ਹਾਦਸੇ ਵਿੱਚ ਗਈ ਉਨ੍ਹਾਂ ਦਾ ਦੁੱਖ ਹੈ, ਪਰ ਸਾਡੇ ਬੇਟੇ ਬਾਰੇ ਨਸ਼ੇ ਦੀ ਹਾਲਤ 'ਚ ਡ੍ਰਾਈਵਿੰਗ ਕਰਨ ਦੀ ਜੋ ਗੱਲ ਕਹੀ ਜਾ ਰਹੀ ਹੈ, ਉਹ ਠੀਕ ਨਹੀਂ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਜਸ਼ਨਪ੍ਰੀਤ ਸਿੰਘ ਅੰਮ੍ਰਿਤਧਾਰੀ ਗੁਰਸਿੱਖ ਹੈ।ਕੈਲੀਫੋਰਨੀਆ ਜਾ ਕੇ ਵੀ ਉਸ ਨੇ ਅੰਮ੍ਰਿਤ ਭੰਗ ਨਹੀਂ ਕੀਤਾ। ਜਸ਼ਨ ਦੇ ਪਰਿਵਾਰ ਵਿੱਚ ਪਿੱਛੇ ਉਸ ਦੇ ਮਾਤਾ ਪਿਤਾ ਅਤੇ ਇੱਕ ਭੈਣ ਹੈ।

ਜਸ਼ਨਪ੍ਰੀਤ ਸਿੰਘ ਦਾ ਪਰਿਵਾਰ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਭਾਰਤ ਸਰਕਾਰ ਅੱਗੇ ਅਪੀਲ ਕਰ ਰਿਹਾ ਹੈ ਕਿ ਉਨ੍ਹਾਂ ਦੇ ਪੁੱਤ ਨੂੰ ਇਨਸਾਫ ਦਿਵਾਇਆ ਜਾਏ।ਜਸ਼ਨਪ੍ਰੀਤ ਸਿੰਘ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਪੁਰਾਣਾ ਸ਼ਾਲਾ ਦਾ ਰਹਿਣ ਵਾਲਾ ਹੈ। ਉਨ੍ਹਾਂ ਨੇ ਦੱਸਿਆ ਉਹਨਾਂ ਦਾ ਸਧਾਰਨ ਆਰਥਿਕਤਾ ਵਾਲਾ ਪਰਿਵਾਰ ਹੈ। ਉਨ੍ਹਾਂ ਕੋਲ ਕੁਝ ਪਸ਼ੂ ਹਨ ਤੇ ਥੋੜ੍ਹੀ ਜਿਹੀ ਜ਼ਮੀਨ ਹੈ।ਜਸ਼ਨ ਦੇ ਪਿਤਾ ਕਹਿੰਦੇ ਹਨ ਕਿ ਉਹ ਸਕੂਲ ਬੱਸ ਡਰਾਈਵਰ ਦਾ ਕੰਮ ਕਰਦੇ ਹਨ ਅਤੇ ਇਸੇ ਨਾਲ ਘਰ ਦਾ ਗੁਜ਼ਾਰਾ ਚੱਲਦਾ ਹੈ ਪਰ ਉਹਨਾਂ ਦਾ ਪੁੱਤ ਪਰਿਵਾਰ ਅਤੇ ਆਪਣੇ ਚੰਗੇ ਭਵਿੱਖ ਲਈ ਵਿਦੇਸ਼ ਜਾਣਾ ਚਾਹੁੰਦਾ ਸੀ।ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਰਜ਼ਾ ਚੁੱਕ ਕੇ ਉਸ ਨੂੰ 3 ਸਾਲ ਪਹਿਲਾ ਸਾਲ 2022 ਵਿੱਚ ਵਿਦੇਸ਼ ਭੇਜਿਆ ਹੈ ਅਤੇ ਹਾਲੇ ਤੱਕ ਕਰਜ਼ਾ ਵੀ ਪੂਰਾ ਨਹੀਂ ਲੱਥਾ।ਉਨ੍ਹਾਂ ਦੱਸਿਆ ਕਿ ਮੁੰਡੇ ਨੂੰ ਅਮਰੀਕਾ ਭੇਜਣ ਲਈ ਉਨ੍ਹਾਂ ਨੂੰ ਆਪਣਾ ਘਰ ਵੀ ਗਹਿਣੇ ਰੱਖਣਾ ਪਿਆ।

ਯਾਦ ਰਹੇ ਕਿ ਇਸ ਤੋਂ ਪਹਿਲਾਂ ਅਗਸਤ 2025 ਵਿੱਚ ਫਲੋਰੀਡਾ ਦੇ ਟਰਨਪਾਈਕ ਉੱਤੇ ਵੀ ਇੱਕ ਭਿਆਨਕ ਹਾਦਸਾ ਵਾਪਰਿਆ ਸੀ। ਹਰਜਿੰਦਰ ਸਿੰਘ, 28 ਸਾਲਾ ਪੰਜਾਬੀ ਟਰੱਕਰ, ਆਪਣੇ ਵੱਡੇ ਟਰੈਕਟਰ-ਟਰੇਲਰ (ਭਾਰੀ ਮਾਲ ਢੋਹਣ ਵਾਲੇ ਟਰੱਕ) ਨਾਲ ਅਚਾਨਕ ਸੜਕੀ ਨਿਯਮਾਂ ਦੇ ਉਲਟ ਯੂ-ਟਰਨ ਮਾਰੀ, ਜਿਸ ਨਾਲ ਇੱਕ ਮਿੰਨੀ ਵੈਨ ਨਾਲ ਜ਼ੋਰਦਾਰ ਟੱਕਰ ਹੋ ਗਈ।ਇਸ ਵਿੱਚ ਤਿੰਨ ਲੋਕ 54 ਸਾਲਾ ਮਾਈਆਮੀ ਵਸਨੀਕ,37 ਸਾਲਾ ਔਰਤ,30 ਸਾਲਾ ਫਲੋਰੀਡਾ ਸਿਟੀ ਵਸਨੀਕ ਮਰਦ,ਹਲਾਕ ਹੋ ਗਏ ਸਨ।ਡਰਾਈਵਰ ਹਰਜਿੰਦਰ ਨੂੰ ਗ੍ਰਿ.ਫ਼ਤਾਰ ਕਰ ਲਿਆ ਗਿਆ ਸੀ। ਫਲੋਰੀਡਾ ਅਟਾਰਨੀ ਜਨਰਲ ਦੇ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਉਹ ਆਪਣੇ ਸੀ.ਡੀ.ਐਲ. ਟੈਸਟ ਵਿਚੋਂ 10 ਵਾਰ ਫੇਲ ਹੋਇਆ ਸੀ ਪਰ ਫਿਰ ਵੀ ਲਾਇਸੈਂਸ ਮਿਲ ਗਿਆ। ਉਹ 2018 ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਮੈਕਸੀਕੋ ਰਾਹੀਂ ਅਮਰੀਕਾ ਆਇਆ ਸੀ ਅਤੇ ਕੈਲੀਫ਼ੋਰਨੀਆ ਵਿੱਚ ਲਾਇਸੈਂਸ ਬਣਵਾਇਆ ਸੀ। ਕੋਰਟ ਨੇ ਬੌਂਡ ਰੱਦ ਕਰ ਦਿੱਤਾ ਅਤੇ ਉਸ ਨੂੰ ਫਲੋਰੀਡਾ ਜੇਲ੍ਹ ਵਿੱਚ ਰੱਖਿਆ ਗਿਆ। ਗਵਰਨਰ ਰੌਨ ਡੀਸੈਂਟਿਸ ਨੇ ਕਿਹਾ ਸੀ ਕਿ ਹਰਜਿੰਦਰ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ ਅਤੇ ਉਹ ਅਮਰੀਕੀ ਨਾਗਰਿਕਾਂ ਲਈ ਖ਼ਤਰਾ ਹੈ। ਇਸ ਨਾਲ ਅਮਰੀਕੀ ਸਟੇਟ ਡਿਪਾਰਟਮੈਂਟ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਵਰਕਰ ਵੀਜ਼ੇ ਜਾਰੀ ਕਰਨ ਉੱਤੇ ਰੋਕ ਲਾ ਦਿੱਤੀ ਸੀ। ਸੈਕ੍ਰੇਟਰੀ ਮਾਰਕੋ ਰੂਬੀਓ ਨੇ ਐੱਕਸ ਉੱਤੇ ਲਿਖਿਆ, 'ਵਿਦੇਸ਼ੀ ਡਰਾਈਵਰ ਅਮਰੀਕੀ ਜਾਨਾਂ ਨੂੰ ਖ਼ਤਰੇ ਵਿੱਚ ਪਾ ਰਹੇ ਹਨ ਅਤੇ ਅਮਰੀਕੀ ਡਰਾਈਵਰਾਂ ਦੇ ਰੁਜ਼ਗਾਰ ਖੋਹ ਰਹੇ ਹਨ।' ਇਹ ਰੋਕ ਵੀਜ਼ਾ ਜਾਂਚ ਪ੍ਰਕਿਰਿਆ ਦੀ ਸਮੀਖਿਆ ਲਈ ਹੈ। ਪਰ ਪੰਜਾਬ ਵਿੱਚ ਹਰਜਿੰਦਰ ਦੇ ਪਰਿਵਾਰ ਨੇ ਕਿਹਾ, 'ਉਹ ਨੌਜਵਾਨ ਹੈ, ਇਹ ਬੁਰੀ ਕਿਸਮਤ ਸੀ।' ਇੱਕ ਆਨਲਾਈਨ ਪਟੀਸ਼ਨ ਨੇ 25 ਲੱਖ ਹਸਤਾਖ਼ਰ ਇਕੱਠੇ ਕੀਤੇ ਸਨ ਅਤੇ ਨਰਮ ਸਜ਼ਾ ਦੀ ਮੰਗ ਕੀਤੀ ਸੀ।

ਇਹਨਾਂ ਹਾਦਸਿਆਂ ਨੇ ਪੂਰੇ ਪੰਜਾਬੀ ਟਰੱਕਿੰਗ ਭਾਈਚਾਰੇ ਨੂੰ ਹਿਲਾ ਦਿੱਤਾ ਹੈ। ਨੈਪਟਾ ਦੇ ਸੀ.ਈ.ਓ. ਰਮਨ ਸਿੰਘ ਢਿੱਲੋਂ ਨੇ ਕਿਹਾ ਕਿ ਹੁਣ ਟਰੱਕ ਸਟੌਪਾਂ ਉੱਤੇ ਪੰਜਾਬੀ ਡਰਾਈਵਰਾਂ ਬਾਰੇ ਨਸਲੀ ਅਪਸ਼ਬਦ ਕਹੇ ਜਾਂਦੇ ਹਨ। ਹਰਸਿਮਰਨ ਸਿੰਘ, ਗਿਲਸਨ ਟਰੱਕਿੰਗ ਦੇ ਸੀਈਓ ਨੇ ਕਿਹਾ, 'ਇਹ ਦੁਖਦਾਈ ਕਾਂਡ ਹੈ ਅਤੇ ਅਸੀਂ ਪੀੜਤਾਂ ਨਾਲ ਹਾਂ, ਪਰ ਹੁਣ ਸਾਰੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸੀਂ ਨਾਗਰਿਕ ਹਾਂ, ਗ੍ਰੀਨ ਕਾਰਡ ਹੋਲਡਰ ਹਾਂ ਪਰ ਡਰ ਰਹੇ ਹਾਂ।'

(ਬਾਕੀ ਸਫ਼ਾ 27 'ਤੇ)

# ਸਰਕਾਰ ਨੇ ਐਲ.ਆਈ.ਸੀ. ਰਾਹੀਂ ਅਡਾਨੀ ਨੂੰ 33 ਹਜ਼ਾਰ ਕਰੋੜ ਨਾਲ ਬਚਾਇਆ

## ਵਿਰੋਧੀ ਧਿਰਾਂ ਨੇ ਲਗਾਏ ਦੋਸ਼,ਕਾਂਗਰਸ ਨੇ ਸੰਯੁਕਤ ਸੰਸਦੀ ਕਮੇਟੀ ਰਾਹੀਂ ਜਾਂਚ ਦੀ ਕੀਤੀ ਮੰਗ

ਇੰਡੀਆ ਟੂਡੇ ਅਨੁਸਾਰ ਬੀਤੇ ਸ਼ਨੀਵਾਰ ਨੂੰ ਵਿਰੋਧੀ ਧਿਰਾਂ ਨੇ ਕੇਂਦਰ ਸਰਕਾਰ 'ਤੇ ਟੈਕਸਪੇਅਰਾਂ ਦੇ ਪੈਸੇ ਨੂੰ ਬਰਬਾਦ ਕਰਨ ਦਾ ਦੋਸ਼ ਲਗਾਇਆ ਅਤੇ ਜਾਂਚ ਦੀ ਮੰਗ ਕੀਤੀ, ਜਦੋਂ ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤੀ ਕਿ ਮੋਦੀ ਸਰਕਾਰ ਨੇ ਮਈ ਵਿੱਚ ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ ਨੂੰ ਅਡਾਨੀ ਕੰਪਨੀਆਂ ਵਿੱਚ ਲਗਭਗ 3.9 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਲਈ ਮਜਬੂਰ ਕੀਤਾ।

2023 ਤੋਂ ਵਿਰੋਧੀ ਧਿਰਾਂ ਪਬਲਿਕ ਸੈਕਟਰ ਵਾਲੀ ਐਲ.ਆਈ.ਸੀ. ਅਤੇ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਅਡਾਨੀ ਗਰੁੱਪ ਵਿੱਚ ਕੀਤੇ ਨਿਵੇਸ਼ਾਂ 'ਤੇ ਸਵਾਲ ਚੁੱਕ ਰਹੀਆਂ ਹਨ, ਖਾਸ ਕਰਕੇ ਹਿੰਡਨਬਰਗ ਰਿਸਰਚ ਦੀ ਰਿਪੋਰਟ ਤੋਂ ਬਾਅਦ ਜਿਸ ਵਿੱਚ ਕੰਗਲੋਮਰੇਟ 'ਤੇ ਸਟਾਕ ਮੈਨੀਪੁਲੇਸ਼ਨ ਅਤੇ ਅਕਾਊਂਟਿੰਗ ਧੋਖਾਧੜੀ ਦੇ ਦੋਸ਼ ਲਗਾਏ ਗਏ ਸਨ।ਮਤਲਬ ਅਡਾਨੀ ਨੇ ਆਪਣੀਆਂ ਹੀ ਗੁਪਤ ਕੰਪਨੀਆਂ ਰਾਹੀਂ ਆਪਣੇ ਸ਼ੇਅਰ ਖਰੀਦੇ।ਝੂਠੀ ਖਰੀਦਦਾਰੀ ਕਰਕੇ ਕੀਮਤ ਉੱਪਰ ਚੜ੍ਹਾਈ।

ਬਾਹਰਲੇ ਨਿਵੇਸ਼ਕਾਂ ਨੂੰ ਲੱਗਿਆ: 'ਵਧੀਆ ਕੰਪਨੀ ਹੈ!' - ਉਹ ਵੀ ਖਰੀਦਣ ਲੱਗੇ।ਫਿਰ ਅਡਾਨੀ ਨੇ ਉੱਚੀ ਕੀਮਤ 'ਤੇ ਵੇਚ ਦਿੱਤੇ ਮੁਨਾਫ਼ਾ ਕਮਾਇਆ, ਬਾਕੀ ਸ਼ੇਅਰ ਡਿੱਗ ਗਏ।ਸੂਤਰਾਂ ਅਨੁਸਾਰ ਅਡਾਨੀ ਉੱਪਰ ਘਪਲੇਬਾਜ਼ੀ ਦੇ ਦੋਸ਼ ਲੱਗੇ।

ਸੰਸਦ ਵਿੱਚ ਕਈ ਵਾਰ ਵਿਰੋਧੀਆਂ ਨੇ ਜਾਂਚ ਦੀ ਮੰਗ ਕੀਤੀ, ਪਰ ਕੇਂਦਰ ਨੇ ਕਿਸੇ ਵੀ ਜਾਂਚ ਜਾਂ ਚਰਚਾ ਨੂੰ ਮਨਜ਼ੂਰ ਨਹੀਂ ਕੀਤਾ। ਕਾਂਗਰਸ ਨੇ ਅਡਾਨੀ ਨੂੰ 'ਪ੍ਰਧਾਨ ਮੰਤਰੀ ਮੋਦੀ ਦਾ ਸਭ ਤੋਂ ਪਸੰਦੀਦਾ ਵਪਾਰੀ ਸਮੂਹ' ਕਿਹਾ ਹੈ।

ਵਾਸ਼ਿੰਗਟਨ ਪੋਸਟ ਨੇ ਯੂਨੀਅਨ ਵਿੱਤ ਵਿਭਾਗ,ਨੀਤੀ ਆਯੋਗ ਅਤੇ ਐਲ.ਆਈ.ਸੀ. ਦੇ ਅੰਦਰੂਨੀ ਦਸਤਾਵੇਜ਼ਾਂ ਨੂੰ ਵੇਖ ਕੇ ਕਿਹਾ: 'ਮਈ ਵਿੱਚ ਭਾਰਤੀ ਅਧਿਕਾਰੀਆਂ ਨੇ ਇੱਕ ਪ੍ਰਸਤਾਵ ਤਿਆਰ ਕੀਤਾ ਅਤੇ ਪਾਸ ਕਰਵਾਇਆ ਕਿ ਐਲ.ਆਈ.ਸੀ. ਤੋਂ ਅਡਾਨੀ ਕਾਰੋਬਾਰਾਂ ਵਿੱਚ ਲਗਭਗ 3.9 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇ।'

ਐਲ.ਆਈ.ਸੀ., ਜਿਸ ਨੇ 2023 ਦੇ ਘਪਲਿਆਂ ਤੋਂ ਪਹਿਲਾਂ ਅਡਾਨੀ ਕੰਪਨੀਆਂ ਵਿੱਚ ਹਿੱਸੇਦਾਰੀ ਖਰੀਦੀ ਸੀ, ਨੂੰ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਨੇ ਅਡਾਨੀ ਗਰੁੱਪ ਵੱਲੋਂ ਜਾਰੀ ਕਾਰਪੋਰੇਟ ਬਾਂਡਾਂ ਵਿੱਚ 3.4 ਬਿਲੀਅਨ ਡਾਲਰ ਅਤੇ ਵਧੀਆ ਹਿੱਸੇਦਾਰੀ ਲਈ 507 ਮਿਲੀਅਨ ਡਾਲਰ ਨਿਵੇਸ਼ ਕਰਨ ਦੀ ਸਲਾਹ ਦਿੱਤੀ।

ਰਿਪੋਰਟ ਵਿੱਚ ਕਿਹਾ ਗਿਆ ਪਰ ਡੀ.ਐਫ.ਐਸ. ਦਸਤਾਵੇਜ਼ਾਂ ਨੇ ਮੰਨਿਆ ਕਿ ਇਸ ਨਿਵੇਸ਼ ਵਿੱਚ ਖਤਰੇ ਹਨ। ਅਡਾਨੀ ਦੀਆਂ ਸਿਕਿਊਰਿਟੀਜ਼ ਵਿਵਾਦਾਂ ਕਾਰਣ ਸੰਵੇਦਨਸ਼ੀਲ ਹਨ... ਛੋਟੀ ਜਿਹੀ ਖ਼ਬਰ ਨਾਲ ਵੀ ਕੀਮਤਾਂ ਧੜਾ-ਧੜ ਡਿੱਗਦੀਆਂ ਤੇ ਚੜ੍ਹਦੀਆਂ ਰਹਿੰਦੀਆਂ ਨੇ।




2023 ਦੀ ਹਿੰਡਨਬਰਗ ਰਿਪੋਰਟ ਤੋਂ ਬਾਅਦ ਐਲ.ਆਈ.ਸੀ. ਨੇ ਪੇਪਰ 'ਤੇ 5.6 ਬਿਲੀਅਨ ਡਾਲਰ ਦੇ ਲਾਭ ਗੁਆਏ, ਨਿਵੇਸ਼ ਮੁੱਲ ਫਰਵਰੀ 2023 ਤੱਕ 3 ਬਿਲੀਅਨ ਡਾਲਰ ਤੱਕ ਡਿੱਗ ਗਿਆ। ਮਾਰਚ 2024 ਤੱਕ ਮੁੱਲ 6.9 ਬਿਲੀਅਨ ਡਾਲਰ ਤੱਕ ਵਧ ਗਿਆ - ਮਤਲਬ ਘਾਟਾ ਪੂਰੀ ਤਰ੍ਹਾਂ ਪੂਰਾ ਨਹੀਂ ਹੋਇਆ।

ਰਿਪੋਰਟ ਨੇ ਪਿਛਲੇ ਸਾਲ ਦੇ ਅਡਾਨੀ ਦੇ ਦੋਸ਼ਾਂ ਬਾਰੇ ਦਸਿਆ ਕਿ ਅਮਰੀਕੀ ਮੁੱਦਈਆਂ ਨੇ ਪੰਜ-ਮੁੱਦਿਆਂ ਵਾਲੇ ਮੁਕੱਦਮੇ ਵਿੱਚ ਦੋਸ਼ ਲਗਾਇਆ ਕਿ ਅਡਾਨੀ ਤੇ ਉਸ ਦੇ ਸਾਥੀਆਂ ਨੇ ਝੂਠੇ ਬਿਆਨਾਂ ਨਾਲ ਅਰਬਾਂ ਡਾਲਰ ਠੱਗ ਲਏ ਅਤੇ ਭਾਰਤੀ ਅਧਿਕਾਰੀਆਂ ਨੂੰ 265 ਮਿਲੀਅਨ ਡਾਲਰ ਤੋਂ ਵੱਧ ਰਿਸ਼ਵਤ ਖਵਾਈ ਤਾਂ ਜੋ ਸੋਲਰ ਪਾਵਰ ਦੇ ਮੋਟੇ ਕੰਟਰੈਕਟ ਖਿੱਚ ਲਏ ਜਾਣ...।

ਵੱਡੇ ਅਮਰੀਕੀ ਅਤੇ ਪੱਛਮੀ ਬੈਂਕਾਂ ਨੇ ਅਮਰੀਕੀ ਜਾਂਚਾਂ ਕਾਰਨ ਅਡਾਨੀ ਵਿੱਚ ਨਿਵੇਸ਼ ਦੇ ਨਾਂ ਦਾ ਖਤਰਾ ਮਹਿਸੂਸ ਕੀਤਾ ਗਿਆ।

ਅਡਾਨੀ ਗਰੁੱਪ ਨੇ ਸਪਸ਼ਟੀਕਰਨ ਦਿੱਤਾ ਕਿ ਅਸੀਂ ਸਰਕਾਰ ਵੱਲੋਂ ਐਲ.ਆਈ.ਸੀ. ਫੰਡਾਂ ਨੂੰ ਨਿਰਦੇਸ਼ਿਤ ਕਰਨ ਦੇ ਕਿਸੇ ਵੀ ਦੋਸ਼ ਨੂੰ ਸਖ਼ਤੀ ਨਾਲ ਇਨਕਾਰ ਕਰਦੇ ਹਾਂ।ਜਦ ਕਿ ਐਲ.ਆਈ.ਸੀ. ਕਈ ਕਾਰਪੋਰੇਟ ਗਰੁੱਪਾਂ ਵਿੱਚ ਨਿਵੇਸ਼ ਕਰਦੀ ਹੈ - ਐਲ.ਆਈ.ਸੀ. ਨੇ ਸਾਡੇ ਪੋਰਟਫੋਲੀਓ ਤੋਂ ਰਿਟਰਨ ਕਮਾਏ ਹਨ।

ਕਾਂਗਰਸ ਨੇ ਸੰਯੁਕਤ ਸੰਸਦੀ ਕਮੇਟੀ ਜਾਂਚ ਦੀ ਮੰਗ ਕੀਤੀ।

ਕਾਂਗਰਸ ਕਮਿਊਨੀਕੇਸ਼ਨ ਮੁਖੀ ਜੈਰਾਮ ਰਮੇਸ਼ ਨੇ ਬਿਆਨ ਵਿੱਚ ਕਿਹਾ: 'ਸਵਾਲ ਉੱਠਦਾ ਹੈ: ਵਿੱਤ ਮੰਤਰਾਲੇ ਅਤੇ ਨੀਤੀ ਆਯੋਗ ਦੇ ਅਧਿਕਾਰੀਆਂ ਨੇ ਕਿਸ ਦੇ ਦਬਾਅ ਹੇਠ ਫੈਸਲਾ ਕੀਤਾ ਕਿ ਉਨ੍ਹਾਂ ਦਾ ਕੰਮ ਨਿੱਜੀ ਕੰਪਨੀ ਨੂੰ ਬੇਲਆਊਟ ਕਰਨਾ ਹੈ ਜੋ ਗੰਭੀਰ ਅਪਰਾਧਿਕ ਦੋਸ਼ਾਂ ਕਾਰਨ ਫੰਡਿੰਗ ਮੁਸ਼ਕਿਲਾਂ ਵਿੱਚ ਹੈ?'

ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮਨੀਸ਼ ਸਿਸੋਦੀਆ ਨੇ ਐਕਸ 'ਤੇ ਪੋਸਟ ਕੀਤਾ: ਦੇਸ਼ ਦੇ ਲੋਕਾਂ ਨੇ ਐਲ.ਆਈ.ਸੀ. 'ਤੇ ਭਰੋਸਾ ਜਤਾ ਕੇ 32,370 ਕਰੋੜ ਰੁਪਏ ਜਮ੍ਹਾਂ ਕੀਤੇ ਸਨ, ਪਰ ਭਾਜਪਾ ਸਰਕਾਰ ਨੇ ਅਡਾਨੀ ਦੀ ਮਦਦ ਕਰਕੇ ਲੋਕਾਂ ਨਾਲ ਧੋਖਾ ਕੀਤਾ।ਦੇਸ਼ ਦੇ ਲੱਖਾਂ ਮਿਹਨਤਕਸ਼ ਲੋਕਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪਰਿਵਾਰ ਦੀ ਸੁਰੱਖਿਆ ਲਈ ਹਰ ਪੈਸਾ ਬਚਾਇਆ, ਪਰ ਮੋਦੀ ਸਰਕਾਰ ਨੇ ਉਸ ਮਿਹਨਤ ਦੇ ਖ਼ੂਨ ਪਸੀਨੇ ਨੂੰ ਆਪਣੇ ਕਰੋਨੀ ਦੋਸਤ ਨੂੰ ਬੇਲਆਊਟ ਕਰਨ ਵਿੱਚ ਬਰਬਾਦ ਕਰ ਦਿੱਤਾ।

ਆਪਣੇ ਅਡਾਨੀ ਨਿਵੇਸ਼ਾਂ ਦਾ ਬਚਾਅ ਕਰਦਿਆਂ ਐਲ.ਆਈ.ਸੀ. ਨੇ ਕਿਹਾ: ਵਾਸ਼ਿੰਗਟਨ ਪੋਸਟ ਵੱਲੋਂ ਲਗਾਏ ਦੋਸ਼ ਕਿ ਐਲ.ਆਈ.ਸੀ. ਦੇ ਨਿਵੇਸ਼ ਫੈਸਲੇ ਬਾਹਰੀ ਕਾਰਕਾਂ ਨਾਲ ਪ੍ਰਭਾਵਿਤ ਹਨ, ਝੂਠੇ, ਬੇਬੁਨਿਆਦ ਅਤੇ ਸੱਚਾਈ ਤੋਂ ਦੂਰ ਹਨ। ਅਜਿਹਾ ਕੋਈ ਦਸਤਾਵੇਜ਼ ਜਾਂ ਯੋਜਨਾ ਐਲ.ਆਈ.ਸੀ. ਵੱਲੋਂ ਨਹੀਂ ਬਣਾਈ ਗਈ ਜੋ ਅਡਾਨੀ ਗਰੁੱਪ ਵਿੱਚ ਫੰਡਾਂ ਨੂੰ ਪਾਉਣ ਦਾ ਰੋਡਮੈਪ ਬਣਾਉਂਦੀ ਹੋਵੇ।

ਨਿਵੇਸ਼ ਫੈਸਲੇ ਐਲ.ਆਈ.ਸੀ. ਵੱਲੋਂ ਆਜ਼ਾਦ ਤੌਰ 'ਤੇ ਬੋਰਡ ਮਨਜ਼ੂਰ ਨੀਤੀਆਂ ਅਨੁਸਾਰ ਵਿਸਤ੍ਰਿਤ ਜਾਂਚ ਤੋਂ ਬਾਅਦ ਲਏ ਜਾਂਦੇ ਹਨ। ਵਿੱਤ ਵਿਭਾਗ ਜਾਂ ਕਿਸੇ ਹੋਰ ਸੰਸਥਾ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ।

# ਸੀ.ਬੀ.ਆਈ. ਦੇ ਸ਼ਿਕੰਜੇ ’ਚ ਕਿਵੇਂ ਆਇਆ ਨਸ਼ਾ ਵਿਰੋਧੀ ਮੁਹਿੰਮ ਦਾ ਨਾਇਕ ਡੀ.ਆਈ.ਜੀ. ਭੁੱਲਰ

## ਸੀ.ਬੀ.ਆਈ. ਵੱਲੋਂ ਵੱਡੀ ਜਾਂਚ ਜਾਰੀ

ਭ੍ਰਿਸ਼ਟਾਚਾਰ ਕੇਸ ਵਿੱਚ ਰੋਪੜ ਰੇਂਜ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਸੀ.ਬੀ.ਆਈ. ਨੇ ਰੰਗੇ ਹੱਥੀਂ ਫੜ ਲਿਆ। ਇਹ ਅਫਸਰ, ਜੋ ਕਦੇ ਨਸ਼ੇ ਵਿਰੁੱਧ ਲੜਨ ਵਾਲਾ ਨਾਇਕ ਸੀ, ਅੱਜ ਸੀ.ਬੀ.ਆਈ. ਦੇ ਸ਼ਿਕੰਜੇ ਵਿੱਚ ਹੈ। ਉਸ ਦੇ ਘਰੋਂ ਲੱਖਾਂ ਰੁਪਏ ਨਕਦ, ਸੋਨਾ, ਮਹਿੰਗੀਆਂ ਘੜੀਆਂ ਅਤੇ ਲਗਜ਼ਰੀ ਗੱਡੀਆਂ ਮਿਲੀਆਂ। ਇਹ ਕਹਾਣੀ ਨਾ ਸਿਰਫ਼ ਭੁੱਲਰ ਦੀ ਹੈ, ਸਗੋਂ ਪੰਜਾਬ ਪੁਲਿਸ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਜਾਲ ਨੂੰ ਬੇਨਕਾਬ ਕਰਦੀ ਹੈ।

ਹਰਚਰਨ ਸਿੰਘ ਭੁੱਲਰ 2007 ਬੈਚ ਦਾ ਆਈ.ਪੀ.ਐੱਸ. ਅਫਸਰ ਹੈ। ਉਸ ਦੇ ਪਿਤਾ ਮਹਿਲ ਸਿੰਘ ਭੁੱਲਰ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸਨ। ਭੁੱਲਰ ਨੇ ਆਪਣੀ ਨੌਕਰੀ ਜਗਰਾਉਂ ਵਿੱਚ ਐੱਸਐੱਸਪੀ ਵਜੋਂ ਸ਼ੁਰੂ ਕੀਤੀ ਸੀ। ਫਿਰ ਬਰਨਾਲਾ, ਸੰਗਰੂਰ, ਫਤਿਹਗੜ੍ਹ ਸਾਹਿਬ, ਖੰਨਾ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਮੋਹਾਲੀ ਵਿੱਚ ਡਿਊਟੀ ਕੀਤੀ। 2023 ਵਿੱਚ ਉਸ ਨੂੰ ਡੀ.ਆਈ.ਜੀ. ਬਣਾਇਆ ਗਿਆ ਸੀ। ਲੋਕ ਭੁੱਲਰ ਨੂੰ ਨਸ਼ੇ ਵਿਰੁੱਧ ਲੜਨ ਵਾਲੇ ਨਾਇਕ ਵਜੋਂ ਜਾਣਦੇ ਸਨ। ਉਸ ਨੇ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੀ ਅਗਵਾਈ ਕੀਤੀ। ਇਸ ਟੀਮ ਨੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੋਂ ਨਸ਼ਾ ਤਸਕਰੀ ਦੇ ਇਲਜ਼ਾਮਾਂ ਵਿੱਚ ਪੁੱਛਗਿੱਛ ਕੀਤੀ ਸੀ। ਲੋਕ ਸੁਆਲ ਕਰਦੇ ਨੇ, ‘ਜੋ ਨਸ਼ੇ ਵਿਰੁੱਧ ਲੜਦਾ ਸੀ, ਉਹ ਰਿਸ਼ਵਤ ਕਿਉਂ ਲੈਂਦਾ ਹੈ?’

ਸਭ ਕੁਝ ਸ਼ੁਰੂ ਹੋਇਆ ਆਕਾਸ਼ ਮੰਡੀ ਗੋਬਿੰਦਗੜ੍ਹ ਦੇ ਇੱਕ ਸਕ੍ਰੈਪ ਵਪਾਰੀ ਆਕਾਸ਼ ਬੱਤਾ ਨਾਲ। ਹੈ। 2023 ਵਿੱਚ ਥਾਣਾ ਸਰਹਿੰਦ ਵਿੱਚ ਉਸ ਵਿਰੁੱਧ ਐੱਫਆਈਆਰ ਦਰਜ ਹੋਈ। ਭੁੱਲਰ ਨੇ ਆਪਣੇ ਵਿਚੋਲੇ ਕਿਰਸ਼ਨੂੰ ਰਾਹੀਂ ਕੇਸ ਨਿਪਟਾਉਣ ਲਈ 8 ਲੱਖ ਰੁਪਏ ਅਤੇ ਹਰ ਮਹੀਨੇ ‘ਸੇਵਾ-ਪਾਣੀ’ ਮੰਗਿਆ। ਨਾ ਦੇਣ ’ਤੇ ਧਮਕੀ ਦਿੱਤੀ ਗਈ ਕਿ ਵਪਾਰ ਬਰਬਾਦ ਕਰ ਦਿੱਤਾ ਜਾਵੇਗਾ।, ਨਵੇਂ ਕੇਸ ਵਿੱਚ ਫਸਾ ਦਿੱਤਾ ਜਾਵੇਗਾ।

ਆਕਾਸ਼ ਨੇ 16 ਅਕਤੂਬਰ 2024 ਨੂੰ ਸੀ.ਬੀ.ਆਈ. ਵਿੱਚ ਸ਼ਿਕਾਇਤ ਕੀਤੀ। ਏਜੰਸੀ ਨੇ ਗੁਪਤ ਕਾਲ ਰਿਕਾਰਡ ਕੀਤਾ।



ਭੁੱਲਰ ਨੂੰ ਕਹਿੰਦੇ ਸੁਣਿਆ ਗਿਆ, ‘8 ਫੜਨੇ ਨੇ 8’ – ਯਾਨੀ 8 ਲੱਖ ਲੈ ਲਓ। ਚੰਡੀਗੜ੍ਹ ਦੇ ਸੈਕਟਰ 21 ਵਿੱਚ ਜਾਲ ਵਿਛਾਇਆ। ਵਿਚੋਲੇ ਕਿਰਸ਼ਨੂੰ ਰੰਗੇ ਹੱਥੀਂ ਫੜ ਲਿਆ। ਫਿਰ ਭੁੱਲਰ ਨੂੰ ਮੋਹਾਲੀ ਦਫਤਰੋਂ ਗ੍ਰਿਫ਼ਤਾਰ ਕੀਤਾ ਗਿਆ। ਨਾਭਾ ਨਿਵਾਸੀ ਕਿਰਸ਼ਨੂੰ ਨੂੰ ਵੀ ਜੇਲ੍ਹ ਭੇਜ ਦਿੱਤਾ।

ਗ੍ਰਿਫ਼ਤਾਰੀ ਤੋਂ ਬਾਅਦ ਸੀ.ਬੀ.ਆਈ. ਨੇ ਚੰਡੀਗੜ੍ਹ ਸੈਕਟਰ 40 ਦੇ ਘਰ ਵਿੱਚ ਛਾਪਾ ਮਾਰਿਆ। ਤਿੰਨ ਬੈਗ ਅਤੇ ਇੱਕ ਅਟੈਚੀ ਵਿੱਚੋਂ 5 ਕਰੋੜ ਰੁਪਏ ਨਕਦ ਨਿਕਲੇ। ਡੇਢ ਕਿਲੋ ਸੋਨੇ ਦੇ ਗਹਿਣੇ, 22 ਮਹਿੰਗੀਆਂ ਘੜੀਆਂ (ਰੋਲੈਕਸ, ਓਮੇਗਾ), 40 ਬੋਤਲਾਂ ਇੰਪੋਰਟਿਡ ਸ਼ਰਾਬ, ਦੋ ਲਗਜ਼ਰੀ ਗੱਡੀਆਂ (ਮਰਸੀਡੀਜ਼ ਅਤੇ ਆਡੀ) ਦੀਆਂ ਚਾਬੀਆਂ ਮਿਲੀਆਂ। ਡਬਲ-ਬੈਰਲ ਗੰਨ, ਪਿਸਟਲ, ਰਿਵੌਲਵਰ, ਏਅਰ ਗੰਨ ਅਤੇ ਗੋਲੀਆਂ ਵੀ ਫੜੀਆਂ। ਪੰਜਾਬ ਵਿੱਚ 15 ਤੋਂ ਵੱਧ ਜਾਇਦਾਦਾਂ ਦੇ ਕਾਗਜ਼ ਮਿਲੇ, ਜਿਨ੍ਹਾਂ ਦੀ ਕੀਮਤ ਕਰੋੜਾਂ ਵਿੱਚ ਸੀ।

ਸਮਰਾਲਾ ਦੇ ਫਾਰਮ ਹਾਊਸ ਵਿੱਚ ਵੀ ਛਾਪਾ ਮਾਰਿਆ। ਇੱਥੋਂ ਹੋਰ ਸਬੂਤ ਮਿਲਣ ਦੀ ਉਮੀਦ ਹੈ। ਸ਼ਰਾਬ ਮਿਲਣ ਨਾਲ ਆਬਕਾਰੀ ਐਕਟ ਤਹਿਤ ਵੱਖਰਾ ਮੁਕੱਦਮਾ ਦਰਜ ਹੋਇਆ। ਸਮੁੱਚੀ ਨਕਦੀ 7.50 ਕਰੋੜ ਹੋ ਗਈ ਹੈ।

ਸੀਬੀਆਈ ਨੇ ਭੁੱਲਰ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕਰਨ ਦੀ ਤਿਆਰੀ ਕੀਤੀ ਗਈ ਹੈ। ਉਸ ਦੀ ਤਨਖਾਹ 3.20 ਲੱਖ ਮਹੀਨੇ ਹੈ। ਸਾਲਾਨਾ ਆਮਦਨ 38.44 ਲੱਖ



ਦੱਸੀ ਗਈ ਹੈ। ਪਰ ਬਰਾਮਦ ਸੰਪਤੀ 16 ਕਰੋੜ ਦੀ ਹੈ!

**ਪ੍ਰਾਪਰਟੀ ਰਿਟਰਨ ਵਿੱਚ 8 ਜਾਇਦਾਦਾਂ ਦਾ ਜ਼ਿਕਰ:** ਜਲੰਧਰ ਕੋਟ ਕਲਾਂ: 6 ਕਨਾਲ ਫਾਰਮ ਹਾਊਸ (2 ਕਰੋੜ), ਚੰਡੀਗੜ੍ਹ ਸੈਕਟਰ 39ਬੀ: ਫਲੈਟ (1.50 ਕਰੋੜ), ਲੁਧਿਆਣਾ ਇਯਾਲੀ ਖੁਰਦ: 3 ਕਨਾਲ 18 ਮਰਲੇ ਜ਼ਮੀਨ (2.10 ਕਰੋੜ), ਮੋਹਾਲੀ ਸੈਕਟਰ 90: ਫਲੈਟ (ਕੀਮਤ ਅਣਜਾਣੀ), ਚੰਡੀਗੜ੍ਹ ਸੈਕਟਰ 40ਬੀ: 528 ਗਜ਼ ਕੋਠੀ (5 ਕਰੋੜ), ਕਪੂਰਥਲਾ ਖਾਜੂਰਾਲਾ: 5 ਕਨਾਲ ਜ਼ਮੀਨ (60 ਲੱਖ), ਲੁਧਿਆਣਾ ਮੰਡ ਸ਼ੇਰੀਆਂ: 15 ਏਕੜ ਜ਼ਮੀਨ (3 ਕਰੋੜ), ਨਿਊ ਚੰਡੀਗੜ੍ਹ: 1041 ਗਜ਼ ਪਲਾਟ (1.60 ਕਰੋੜ), ਸੋਨਾ, ਘੜੀਆਂ, ਗੱਡੀਆਂ ਵੱਖਰੇ। ਬੈਂਕ ਖਾਤੇ ਫ੍ਰੀਜ਼ ਕਰ ਦਿੱਤੇ ਗਏ ਹਨ। ਲਾਕਰ ਸੀਲ ਕਰ ਦਿੱਤੇ ਹਨ। ਹਰ ਮਹੀਨੇ ਲੱਖਾਂ ਰਿਸ਼ਵਤ ਆਉਂਦੀ ਸੀ। ਚੈਟ ਮਿਲੀਆਂ, ਜਿਨ੍ਹਾਂ ਵਿੱਚ ਪੁਲਿਸ ਇੰਸਪੈਕਟਰ, ਆਈ.ਪੀ.ਐੱਸ. ਅਤੇ ਆਈ.ਏ.ਐੱਸ. ਅਫਸਰਾਂ ਦੇ ਨਾਂ ਸ਼ਾਮਲ ਹਨ। ਸੀ.ਬੀ.ਆਈ. ਵੱਲੋਂ ਜਾਂਚ ਤੇਜ਼ ਕਰ ਦਿੱਤੀ ਗਈ ਹੈ।

(ਬਾਕੀ ਸਫ਼ਾ 27 ’ਤੇ)

## ਡੀ.ਆਈ.ਜੀ. ਭੁੱਲਰ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਸਰਕਾਰ ’ਤੇ ਵਰ੍ਹੇ ਸੁਖਪਾਲ ਖਹਿਰਾ

ਮੋਹਾਲੀ/ਏ.ਟੀ.ਨਿਊਜ਼ : ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਸੀ.ਬੀ.ਆਈ. ਵੱਲੋਂ ਡੀ.ਆਈ.ਜੀ. ਭੁੱਲਰ ਦੀ ਗ੍ਰਿਫ਼ਤਾਰੀ ਨੂੰ ਪੰਜਾਬ ਵਿੱਚ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਘੁਟਾਲਾ ਕਰਾਰ ਦਿੱਤਾ। ਉਨ੍ਹਾਂ ਨੇ ਇਸ ਨੂੰ ‘ਆਪ’ ਦੀ ਕੱਟੜ ਇਮਾਨਦਾਰ ਰਾਜਨੀਤੀ ਦੇ ਦਾਅਵਿਆਂ ਨੂੰ ਝਟਕਾ ਦੱਸਿਆ। ਖਹਿਰਾ ਨੇ ਕਿਹਾ ਕਿ ਭੁੱਲਰ ਤੋਂ ਵੱਡੀ ਮਾਤਰਾ ਵਿੱਚ



ਨਕਦੀ, ਸੋਨਾ ਅਤੇ ਜਾਇਦਾਦ ਦੀ ਬਰਾਮਦਗੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਅਤੇ ਪੁਲਿਸ ਵਿਭਾਗ ਦੀ ਭ੍ਰਿਸ਼ਟਾਚਾਰ ਰੋਕਣ ਵਿੱਚ ਅਸਫਲਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਅਨੁਸਾਰ, ਇੱਕ ਅਧਿਕਾਰੀ ਦੁਆਰਾ ਇੰਨੀ ਨਾਜਾਇਜ਼ ਦੌਲਤ ਇਕੱਠੀ ਕਰਨਾ ‘ਆਪ’ ਸਰਕਾਰ, ਪੁਲਿਸ ਅਤੇ ਸਿਵਲ ਨੌਕਰਸ਼ਾਹੀ ਵਿੱਚ ਭ੍ਰਿਸ਼ਟਾਚਾਰ ਦੀ ਡੂੰਘਾਈ ਨੂੰ ਉਜਾਗਰ ਕਰਦਾ ਹੈ। ਖਹਿਰਾ ਨੇ ‘ਆਪ’ ਦੇ ਸਾਫ਼-ਸੁਥਰੇ ਸ਼ਾਸਨ ਦੇ ਦਾਅਵਿਆਂ ਨੂੰ ਝੂਠਾ ਕਰਾਰ ਦਿੱਤਾ ਅਤੇ ਮੁੱਖ ਮੰਤਰੀ ਮਾਨ ਤੇ ਅਰਵਿੰਦ ਕੇਜਰੀਵਾਲ ਦੀ ਚੁੱਪੀ ਨੂੰ ਮਿਲੀਭੁਗਤ ਦਾ ਸਬੂਤ ਦੱਸਿਆ।

(ਬਾਕੀ ਸਫ਼ਾ 27 ’ਤੇ)

# ਭਾਖੜੇ ਦੇ ਸਾਫ਼ ਪਾਣੀ ’ਤੇ ਗੰਧਲੀ ਚਾਲ: ਕੇਂਦਰ ਨੇ ਪੰਜਾਬ ਦੇ ਹੱਕ ਖੋਹੇ !

## 39% ਖ਼ਰਚ ਕਰਨ ਦੇ ਬਾਵਜੂਦ ਪੰਜਾਬ ਨਾਲ ਧੱਕਾ

## ਬੀ.ਬੀ.ਐੱਮ.ਬੀ. ਵਿੱਚ ਰਾਜਸਥਾਨ-ਹਿਮਾਚਲ ਨੂੰ ਪੱਕੀ ਸੀਟ, ਪੰਜਾਬ ਦੀ ਵੁੱਕਤ ਘਟਾਈ

ਪੰਜਾਬ ਦੀ ਧਰਤੀ ਨੂੰ ਜ਼ਰਖੇਜ਼ ਬਣਾਉਣ ਵਾਲੇ ਭਾਖੜਾ-ਬਿਆਸ ਡੈਮ ਦੇ ਪਾਣੀ ਬਾਰੇ ਅੱਜ-ਕੱਲ੍ਹ ਗੰਧਲੀ ਸਿਆਸਤ ਚਲ ਰਹੀ ਹੈ। ਕੇਂਦਰ ਸਰਕਾਰ ਵੱਲੋਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਵਿੱਚ ਪੰਜਾਬ ਦੀ ਸਥਾਈ ਮੈਂਬਰੀ ਖੋਹਣ ਤੋਂ ਬਾਅਦ ਹੁਣ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਨੂੰ ਪੱਕੀ ਪ੍ਰਤੀਨਿਧਤਾ ਦੇਣ ਦੀ ਚਾਲ ਚੱਲੀ ਹੈ। ਇਹ ਵਿਵਹਾਰ ਪੰਜਾਬ ਨਾਲ ਖੁੱਲ੍ਹੀ ਬੇਇਨਸਾਫ਼ੀ ਹੈ, ਕਿਉਂਕਿ ਪੰਜਾਬ ਬੋਰਡ ਦਾ ਸਭ ਤੋਂ ਵੱਧ 39.58 ਫ਼ੀਸਦੀ ਖ਼ਰਚ ਝੱਲਦਾ ਹੈ, ਜਦਕਿ ਰਾਜਸਥਾਨ 24 ਫ਼ੀਸਦੀ ਅਤੇ ਹਿਮਾਚਲ ਸਿਰਫ਼ 4 ਫ਼ੀਸਦੀ ਬਰਦਾਸ਼ਤ ਕਰਦੇ ਹਨ। ਇਸ ਤਰ੍ਹਾਂ ਕੇਂਦਰ ਘੱਟ ਖ਼ਰਚ ਵਾਲੇ ਸੂਬਿਆਂ ਨੂੰ ਪੰਜਾਬ ਵਰਗੇ ਹੱਕ ਦੇਣਾ ਚਾਹੁੰਦਾ ਹੈ। ਪੰਜਾਬੀ ਚੀਕ ਰਹੇ ਹਨ—ਇਹ ਸਿਆਸੀ ਧੱਕਾ ਹੈ, ਪੰਜਾਬ ਨੂੰ ਆਪਣੇ ਹੱਕ ਲਈ ਲੜਨਾ ਪਵੇਗਾ!

ਭਾਖੜੇ ਦੀ ਇਤਿਹਾਸਕ ਮਹੱਤਤਾ: ਪੰਜਾਬ ਦਾ ਮਾਣਮੱਤਾ

ਭਾਖੜਾ ਡੈਮ ਸਿਰਫ਼ ਇੱਕ ਢਾਂਚਾ ਨਹੀਂ, ਸਗੋਂ ਪੰਜਾਬ ਦੀ ਰਗਾਂ ਵਿੱਚ ਵੱਸਿਆ ਹੈ। ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਡੈਮ, ਜੋ 1952 ਵਿੱਚ ਨਿਰਮਾਣ ਸ਼ੁਰੂ ਹੋਇਆ ਸੀ ਅਤੇ 1963 ਵਿੱਚ ਪੂਰਾ ਹੋਇਆ। ਇਸ ਨੇ ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸ ਨੇ ਹਜ਼ਾਰਾਂ ਏਕੜ ਜ਼ਮੀਨ ਨੂੰ ਸਿੰਚਾਈ ਨਾਲ ਹਰਾ-ਭਰਾ ਬਣਾਇਆ ਸੀ। ਗੋਬਿੰਦ ਸਾਗਰ ਝੀਲ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਿਆ ਹੈ, ਜੋ ਪੰਜਾਬੀਆਂ ਦੇ ਦਿਲ ਨੂੰ ਛੂੰਹਦਾ ਹੈ।

ਡੈਮ ਦਾ ਸੰਕਲਪ 1923 ਵਿੱਚ ਸਰ ਛੋਟੂ ਰਾਮ ਨੇ ਦਿੱਤਾ ਸੀ। 1945 ਵਿੱਚ ਬਿਲਾਸਪੁਰ ਰਾਜੇ ਨਾਲ ਸਮਝੌਤਾ ਹੋਇਆ ਸੀ। ਆਜ਼ਾਦੀ ਤੋਂ ਬਾਅਦ ਪੀ.ਐੱਮ. ਨਹਿਰੂ ਨੇ 1948 ਵਿੱਚ ਕੰਮ ਸ਼ੁਰੂ ਕੀਤਾ ਸੀ। ਲਾਗਤ 245.28 ਕਰੋੜ ਰੁਪਏ ਆਈ ਸੀ, ਜਿਸ ਵਿੱਚ ਸਰ ਸੋਭਾ ਸਿੰਘ ਨੇ ਵੱਡਾ ਯੋਗਦਾਨ ਪਾਇਆ ਸੀ। ਨਹਿਰੂ ਜੀ ਨੇ ਉਦਘਾਟਨ ਸਮੇਂ ਕਿਹਾ, ਇਹ ਮਜ਼ਦੂਰਾਂ ਦਾ ਭਾਰਤ ਨੂੰ ਤੋਹਫ਼ਾ ਹੈ। ਅੱਜ ਇਹੀ ਡੈਮ ਪੰਜਾਬ ਨੂੰ ਬਿਜਲੀ ਦਿੰਦਾ ਹੈ ਅਤੇ ਨਹਿਰਾਂ ਰਾਹੀਂ ਪਾਣੀ ਪਹੁੰਚਾਉਂਦਾ ਹੈ, ਪਰ ਕੇਂਦਰ ਸਰਕਾਰ ਦੀ ਪੰਜਾਬ ਵਿਰੋਧੀ ਸਿਆਸਤ ਨੇ ਇਸ ਨੂੰ ਵਿਵਾਦ ਵਿੱਚ ਧੱਕ ਦਿੱਤਾ ਹੈ।

ਖੋਹੇ ਜਾ ਰਹੇ ਨੇ ਪੰਜਾਬ ਦੇ ਹੱਕ



ਪਿਛਲੇ ਕੁਝ ਮਹੀਨਿਆਂ ਤੋਂ ਅਖ਼ਬਾਰਾਂ ਵਿੱਚ ਸੁਰਖੀਆਂ ਛਾਈਆਂ ਹਨ: ਬੀ.ਬੀ.ਐੱਮ.ਬੀ. ਵਿੱਚੋਂ ਘਟੇਗੀ ਪੰਜਾਬ ਦੀ ਵੁੱਕਤ, ਹਾਈਡਲ ਪ੍ਰਬੰਧਨ ਵਿੱਚ ਪੰਜਾਬ ਦੇ ਹੱਥ ਬੰਨ੍ਹੇ, ਭਾਖੜੇ ਪਾਣੀ ’ਤੇ ਪੰਜਾਬ-ਹਰਿਆਣਾ ਖਹਿਬੜੇ। ਕੇਂਦਰ ਨੇ 1974 ਦੇ ਰੂਲਜ਼ ਵਿੱਚ ਸੋਧ ਲਈ ਡਰਾਫਟ ਨੋਟੀਫਿਕੇਸ਼ਨ ਜਾਰੀ ਕੀਤਾ ਸੀ—‘ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼ 2025’। ਇਸ ਵਿੱਚ ਮੁੱਖ ਨੁਕਤੇ ਸਨ:

**ਮੈਂਬਰ (ਪਾਵਰ) ਅਤੇ ਮੈਂਬਰ (ਸਿੰਚਾਈ):** ਪੰਜਾਬ ਨੂੰ ਸਿਰਫ਼ ਤਰਜੀਹ ਦਿੱਤੀ ਜਾਵੇਗੀ, ਪੱਕੀ ਮੈਂਬਰੀ ਨਹੀਂ। ਚੋਣ ਕਮੇਟੀ ਵਿੱਚ ਪੰਜਾਬ ਦਾ ਕੋਈ ਨੁਮਾਇੰਦਾ ਨਹੀਂ ਹੈ! ਰਾਜਸਥਾਨ-ਹਿਮਾਚਲ ਨੂੰ ਪੱਕੀ ਸੀਟ: ਘੱਟ ਖ਼ਰਚ ਵਾਲੇ ਇਨ੍ਹਾਂ ਸੂਬਿਆਂ ਨੂੰ ਪੰਜਾਬ ਵਰਗੀ ਪ੍ਰਤੀਨਿਧਤਾ ਦਿੱਤੀ ਗਈ ਹੈ। ਇਸ ਨਾਲ ਚਾਰੇ ਸੂਬੇ (ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ) ਬਰਾਬਰ ਹੋ ਜਾਣਗੇ। ਪਾਣੀ ਵੰਡ ਵਿੱਚ ਗੁਆਂਢੀ ਤਿੰਨ ਸੂਬੇ ਇਕੱਠੇ ਹੋ ਕੇ ਪੰਜਾਬ ਨੂੰ ਘੇਰ ਲੈਣਗੇ। ਪੰਜਾਬ ਨਾਲ ਧਕਾ ਕਰਨਗੇ।

ਪੰਜਾਬ ਸਰਕਾਰ ਨੇ ਵਿਰੋਧ ਕਰਨ ਕਾਰਨ ਕੇਂਦਰ ਨੇ ਸੁਝਾਅ ਮੰਗ ਲਏ ਹਨ। ਪੰਜਾਬ ਦੇ ਵਿਧਾਇਕ ਹਰਪਾਲ ਚੀਮਾ ਕਹਿੰਦੇ ਹਨ, ਇਹ ਪੰਜਾਬ ਦੇ ਵਿਕਾਸ ਨੂੰ ਰੋਕਣ ਦੀ ਸਾਜ਼ਿਸ਼ ਹੈ। ਅਸੀਂ ਅਦਾਲਤ ਜਾਵਾਂਗੇ।

ਸੁਖਦੇਵ ਸਿੰਘ ਸੀਨੀਅਰ ਪੱਤਰਕਾਰ ਆਖਦੇ ਹਨ ਕਿ ਭਾਖੜਾ ਪੰਜਾਬ ਦੀ ਜਾਨ ਹੈ। 39.58% ਖ਼ਰਚ ਕਰਨ ਦੇ ਬਾਵਜੂਦ ਵੀ ਪੰਜਾਬ ਦੇ ਹੱਕ ਖੋਹੇ ਜਾ ਰਹੇ। ਇਸ ਸਬੰਧੀ ਇਕਜੁਟ ਹੋਕੇ ਵਿਰੋਧ ਕਰਨਾ ਚਾਹੀਦਾ ਹੈ। ਅਦਾਲਤੀ ਲੜਾਈ ਲੜਨ ਦੀ ਲੋੜ ਹੈ। ਬੀ.ਬੀ.ਐੱਮ.ਬੀ. ਵਿੱਚ ਪੰਜਾਬ ਦੀ ਵੁੱਕਤ ਘਟਣ ਨਾਲ ਸਿੰਚਾਈ ਅਤੇ ਬਿਜਲੀ ਪ੍ਰਭਾਵਿਤ ਹੋਵੇਗੀ।

**ਪੰਜਾਬ ਕੋਲ ਕੀ ਬਦਲ ਹੈ?**

ਪੰਜਾਬ ਕੋਲ ਬਹੁਤ ਬਦਲ ਹਨ। ਪਹਿਲਾ, ਸੂਬਾ ਸਰਕਾਰ ਡਰਾਫਟ ’ਤੇ ਸਖ਼ਤ ਵਿਰੋਧ ਕਰੇ। ਦੂਜਾ, ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰੋ—ਖ਼ਰਚ ਅਨੁਪਾਤ ਨੂੰ ਆਧਾਰ ਬਣਾ ਕੇ। ਤੀਜਾ, ਕਿਸਾਨ ਯੂਨੀਅਨਾਂ (ਭਾਖੜਾ ਬੀ.ਬੀ.ਐੱਮ.ਬੀ. ਕਮੇਟੀ, ਐੱਸ.ਕੇ.ਯੂ.) ਨੂੰ ਜੋੜੋ ਅਤੇ ਦਿੱਲੀ ’ਤੇ ਦਬਾਅ ਬਣਾਓ। ਚੌਥਾ, ਬੁੱਧੀਜੀਵੀ ਫੋਰਮ ਬਣਾਓ, ਜੋ ਇਤਿਹਾਸਕ ਸਬੂਤ ਨਾਲ ਲੜਨ।

# ਨਿਹੰਗਾਂ ਨੇ ਵਿਰੋਧ ਛੱਡ ਕੇ ਜਥੇਦਾਰ ਗੜਗੱਜ ਨੂੰ ਦਸਤਾਰ ਭੇਟ ਕੀਤੀ, ਪਰ ਟਕਸਾਲ ਤੇ ਸੰਤ ਸਮਾਜ ਗੈਰ-ਹਾਜ਼ਰ

## ਬਾਬਾ ਬਲਬੀਰ ਸਿੰਘ ਨੇ ਬਾਦਲ ਦਲ ਨੂੰ ਰਹਿਤ ਮਰਿਆਦਾ ਦੀ ਉਲੰਘਣਾ 'ਤੇ ਪਾਈਆਂ ਝਾੜਾਂ

### ਗਿ. ਗੜਗੱਜ ਨੇ ਕਿਹਾ ਕਿ ਪੰਥ ਨੂੰ ਗਲਵੱਕੜੀ 'ਚ ਲੈ ਕੇ ਚੁਣੌਤੀਆਂ ਦਾ ਟਾਕਰਾ ਕਰਨਗੇ

### ਕਿਉਂ ਗ਼ੈਰ ਹਾਜ਼ਰ ਰਹੀਆਂ ਪੰਥਕ ਜਥੇਬੰਦੀਆਂ, ਵਿਵਾਦ ਅਜੇ ਬਾਕੀ

ਸ੍ਰੀ ਅਨੰਦਪੁਰ ਸਾਹਿਬ ਵਿਖੇ 26 ਅਕਤੂਬਰ 2025 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਬੰਦੀ ਸਮਾਗਮ ਸੰਪੰਨ ਹੋਇਆ। ਇਹ ਸਮਾਗਮ ਮਾਰਚ 2025 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਨਿਯੁਕਤੀ ਦੇ ਵਿਰੋਧ ਨੂੰ ਸੁਲਝਾਉਣ ਦੀ ਦੂਜੀ ਕੋਸ਼ਿਸ਼ ਸੀ, ਜਿਸ ਨੂੰ ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ, ਸੰਤ ਸਮਾਜ ਅਤੇ ਹੋਰ ਸੰਪਰਦਾਵਾਂ ਨੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਾਰ ਦਿੱਤਾ ਸੀ।



ਇਸ ਮੌਕੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ (96ਵੇਂ ਕਰੋੜੀ), ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਿੰਦਰ ਸਿੰਘ ਅਤੇ ਹੋਰਾਂ ਨੇ ਗਿਆਨੀ ਗੜਗੱਜ ਨੂੰ ਸਨਮਾਨਿਤ ਕੀਤਾ। ਨਿਹੰਗ ਸਿੰਘ ਜਥੇਬੰਦੀਆਂ ਨੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਨੂੰ ਮੁੱਖ ਰੱਖਦਿਆਂ ਵਿਰੋਧ ਛੱਡ ਕੇ ਦਸਤਾਰਾਂ ਭੇਟ ਕੀਤੀਆਂ।ਪਰ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸੰਤ ਸਮਾਜ ਦੇ ਕਈ ਆਗੂ ਜਿਵੇਂ ਬਾਬਾ ਮੋਹਨ ਸਿੰਘ ਬਾਰਨ ਵਾਲੇ, ਗਿਆਨੀ ਰਾਮ ਸਿੰਘ (ਸੰਗਰਾਵਾਂ), ਨਾਨਕਸਰ ਸੰਪਰਦਾ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ ਅਤੇ ਅਖੰਡ ਕੀਰਤਨੀ ਜਥੇ ਦੇ ਮੁਖੀ ਨੇ ਸਮਾਗਮ ਵਿੱਚ ਸ਼ਮੂਲੀਅਤ ਨਹੀਂ ਕੀਤੀ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ (ਅਕਾਲੀ ਦਲ ਅੰਮ੍ਰਿਤਸਰ), ਨਵਾਂ ਅਕਾਲੀ ਦਲ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਮਿਸ਼ਨਰੀ ਕਾਲਜਾਂ ਦੇ ਨੁਮਾਇੰਦੇ ਵੀ ਗੈਰ-ਹਾਜ਼ਰ ਰਹੇ। ਇਹ ਗੈਰ-ਹਾਜ਼ਰੀ ਪੰਥਕ ਵੰਡ ਨੂੰ ਦਰਸਾਉਂਦੀ ਹੈ, ਜਿੱਥੇ ਨਿਹੰਗ ਸਿੰਘਾਂ ਨੇ ਰਹਿਤ ਮਰਿਆਦਾ ਦੀ ਪਾਲਣਾ 'ਤੇ ਜ਼ੋਰ ਦਿੱਤਾ ਪਰ ਟਕਸਾਲ ਵਰਗੀਆਂ ਸੰਪਰਦਾਵਾਂ ਤੇ ਹੋਰਨਾਂ ਪੰਥਕ ਜਥੇਬੰਦੀਆਂ ਨੇ ਨਿਯੁਕਤੀ ਪ੍ਰਕਿਰਿਆ ਨੂੰ ਅਜੇ ਵੀ ਅਸਵੀਕਾਰ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਨਿਹੰਗ ਮੁਖੀ ਬੁੱਢਾ ਦਲ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਗਿਆਨੀ ਗੜਗੱਜ ਦੀ ਮਾਰਚ 2025 ਨਿਯੁਕਤੀ ਨੂੰ ਰਹਿਤ ਮਰਿਆਦਾ ਦੀ ਸਿੱਧੀ ਉਲੰਘਣਾ ਦੱਸਿਆ। ਉਨ੍ਹਾਂ ਕਿਹਾ ਕਿ ਨਿਹੰਗ ਸਿੰਘ ਜਥੇਬੰਦੀਆਂ ਨੇ ਹਮੇਸ਼ਾ ਗੁਰੂ ਸਾਹਿਬ ਵੱਲੋਂ ਦਰਸਾਈ ਰਹਿਤ ਮਰਿਆਦਾ 'ਤੇ ਪਹਿਰਾ ਦਿੱਤਾ ਹੈ ਅਤੇ ਅੱਗੇ ਵੀ ਗੁਰਮਤੇ ਅਨੁਸਾਰ ਚੱਲਣਗੀਆਂ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਹਿਲੀ ਦਸਤਾਰਬੰਦੀ ਮਰਿਆਦਾ ਅਨੁਸਾਰ ਨਹੀਂ ਸੀ, ਜਿਸ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ ਸੀ, ਪਰ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਅੱਜ ਸ਼ਮੂਲੀਅਤ ਕੀਤੀ ਗਈ ਹੈ।

ਬਾਬਾ ਬਲਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਸ਼ਲਾਘਾ ਕੀਤੀ, ਜੋ ਪਹਿਲੇ ਦਿਨ ਤੋਂ ਵਿਵਾਦ ਸੁਲਝਾਉਣ ਲਈ ਲੱਗੇ ਹੋਏ ਸਨ। ਪਰ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਖ਼ਤ ਤਾੜਨਾ ਕੀਤੀ ਕਿ ਰਹਿਤ ਮਰਿਆਦਾ ਦੇ ਉਲਟ ਕੀਤੇ ਕਾਰਜਾਂ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਨੇ ਮੰਗ ਕੀਤੀ ਕਿ ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੱਕੇ ਜਥੇਦਾਰ ਦੀ ਨਿਯੁਕਤੀ ਸਮੂਹ ਜਥੇਬੰਦੀਆਂ, ਸਭਾ ਸੁਸਾਇਟੀਆਂ ਅਤੇ ਸੰਪਰਦਾਵਾਂ ਨਾਲ ਗੁਰਮਤਾ ਕਰਕੇ ਕੀਤੀ ਜਾਵੇ। ਪੱਤਰਕਾਰਾਂ ਨਾਲ ਗੱਲਬਾਤ ਵਿੱਚ ਉਨ੍ਹਾਂ ਨੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾਮੁਕਤੀ ਦੀ ਪ੍ਰਕਿਰਿਆ ਨੂੰ ਜਲਦ ਨੇਪਰੇ ਚਾੜਨ ਦੀ ਮੰਗ ਕੀਤੀ ਤਾਂ ਜੋ ਪੰਥ ਅਜਿਹੇ ਵਿਵਾਦਾਂ ਤੋਂ ਬਚੇ।

ਇਹ ਸਮਾਗਮ ਵਿੱਚ ਹਾਜ਼ਰ ਧਾਮੀ, ਡਾ. ਦਲਜੀਤ ਸਿੰਘ ਚੀਮਾ ਅਤੇ ਹੋਰਾਂ ਦੇ ਮੱਥੇ 'ਤੇ ਮੁੜ੍ਹਕਾ ਵੇਖਿਆ ਗਿਆ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਾਬਾ ਬਲਬੀਰ ਸਿੰਘ ਦੇ ਸਖ਼ਤ ਲਫ਼ਜ਼ਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਰੋਮ-ਰੋਮ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਿਤ ਹੈ। ਉਹ ਰਹਿਤ ਮਰਿਆਦਾ ਦੇ ਉਲਟ ਕੋਈ ਕਾਰਜ ਨਹੀਂ ਕਰਨਗੇ ਅਤੇ ਢਾਈ ਦਹਾਕਿਆਂ ਦੇ ਜੀਵਨ ਵਿੱਚ ਕਦੇ ਉਲੰਘਣਾ ਨਹੀਂ ਕੀਤੀ। ਉਨ੍ਹਾਂ ਨੇ ਵਾਅਦਾ ਕੀਤਾ ਕਿ ਸਮੁੱਚੇ ਪੰਥ ਨੂੰ ਗਲਵੱਕੜੀ ਵਿੱਚ ਲੈ ਕੇ ਵਡੇਰੇ ਹਿੱਤਾਂ ਲਈ ਤਨਦੇਹੀ ਨਾਲ ਸੇਵਾਵਾਂ ਨਿਭਾਉਣਗੇ। ਪੰਥ ਅੱਗੇ ਵੱਡੀਆਂ ਚੁਣੌਤੀਆਂ ਹਨ, ਜਿਨ੍ਹਾਂ ਲਈ ਇੱਕ ਪੰਥਕ ਰਾਏ ਬਣਾਈ ਜਾਵੇਗੀ।

ਉਨ੍ਹਾਂ ਨੇ ਚੀਫ ਖ਼ਾਲਸਾ ਦੀਵਾਨ ਅਤੇ ਹੋਰ ਵਿੱਦਿਅਕ ਸੰਸਥਾਵਾਂ ਨਾਲ ਗੱਲਬਾਤ ਕਰਕੇ ਮਾਝੇ ਵਿੱਚ ਗ਼ਰੀਬ, ਦਲਿਤ ਅਤੇ ਕਮਜ਼ੋਰ ਵਰਗਾਂ ਲਈ ਮੁਫ਼ਤ ਸਿੱਖਿਆ ਵਾਲੀਆਂ ਸੰਸਥਾਵਾਂ ਸ਼ੁਰੂ ਕਰਨ ਦੀ ਯੋਜਨਾ ਦਾ ਜ਼ਿਕਰ ਕੀਤਾ। ਉਹ ਪੰਥਕ ਔਕੜਾਂ ਦਾ ਮੋਹਰੀ ਰੋਲ ਅਦਾ ਕਰਨਗੇ। ਜਥੇਦਾਰ ਗੜਗੱਜ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਮਾਨਤਾ ਲਈ ਯਤਨ ਜਾਰੀ ਰੱਖਣ ਦਾ ਸੰਕੇਤ ਦਿੱਤਾ।

ਪੰਥਕ ਹਲਕਿਆਂ ਵਿੱਚ ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਬ) ਨੇ ਗੜਗੱਜ ਨੂੰ ਇੱਕ ਤਖ਼ਤ 'ਤੇ ਮਾਨਤਾ ਦਿਵਾ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਵੀਂ ਭਾਲ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਸ਼ਤਾਬਦੀ ਵਿੱਚ ਟਕਰਾਅ ਨਾ ਹੋਵੇ।ਪਰ ਸ਼੍ਰੋਮਣੀ ਕਮੇਟੀ ਹਾਲੇ ਤੱਕ ਜਥੇਦਾਰਾਂ ਦੀ ਨਿਯੁਕਤੀ ਲਈ ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਬਣਾ ਸਕੀ। ਪੰਥਕ ਵਿਦਵਾਨਾਂ ਮੁਤਾਬਕ, ਗੁਰੂ ਕਾਲ ਤੋਂ ਤਖ਼ਤਾਂ ਦੇ ਜਥੇਦਾਰ ਸਰਬੱਤ ਖ਼ਾਲਸਾ ਜਾਂ ਪੰਥਕ ਇਕੱਠ ਵਿੱਚ ਚੁਣੇ ਜਾਂਦੇ ਸਨ, ਪਰ ਬ੍ਰਿਟਿਸ਼ ਕਾਲ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਪੰਥਕ ਮਰਿਯਾਦਾ ਤੋਂ ਬਾਹਰ ਜਾਕੇ ਇਸ ਨੂੰ ਆਪਣੇ ਹੱਥ ਵਿੱਚ ਲੈ ਲਿਆ।

## ਕੇਂਦਰੀ ਸਿੱਖ ਅਜਾਇਬ ਘਰ 'ਚ ਸਿਰਫ ਮਹਾਪੁਰਸ਼ਾਂ ਦੀਆਂ ਤਸਵੀਰਾਂ ਲਾਈਆਂ ਜਾਣ: ਦਾਦੂਵਾਲ

ਗੂਹਲਾ ਚੀਕਾ/ ਏ.ਟੀ.ਨਿਊਜ਼: ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਸਿੱਖ ਪੰਥ ਨੇ ਸ਼ਹਾਦਤਾਂ ਦੇ ਕੇ ਇਤਿਹਾਸਿਕ ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਕਰਵਾਏ ਅਤੇ ਚੰਗੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਸੀ। ਸ਼੍ਰੋਮਣੀ ਕਮੇਟੀ ਦੇ ਚੁਣੇ ਪ੍ਰਬੰਧਕ ਗੁਰਦੁਆਰਿਆਂ ਦੇ ਮਾਲਕ ਨਹੀਂ ਸਗੋਂ ਕੇਅਰ ਟੇਕਰ ਸੇਵਾਦਾਰ ਹੁੰਦੇ ਹਨ ਤੇ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਤਿਹਾਸਿਕ ਗੁਰਦੁਆਰਿਆਂ ਦੇ ਚੰਗੇ ਪ੍ਰਬੰਧ ਦੇ ਨਾਲ ਨਾਲ ਧਰਮ ਪ੍ਰਚਾਰ ਪ੍ਰਸਾਰ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠ ਆਉਂਦੇ ਅਦਾਰਿਆਂ ਵਿੱਚ ਜੇ ਝੂਠ ਦਾ ਪਸਾਰ ਹੋਵੇ ਤਾਂ ਆਉਣ ਵਾਲੀ ਪੀੜ੍ਹੀ ਲਈ ਮੁਸੀਬਤ ਖੜ੍ਹੀ ਹੋ ਜਾਵੇਗੀ। ਉਨ੍ਹਾਂ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਪੰਥ ਦੀ ਇਤਿਹਾਸਿਕ ਵਿਰਾਸਤ ਹੈ ਜਿੱਥੇ ਸਿੱਖ ਪੰਥ ਲਈ ਕੁਰਬਾਨੀਆਂ ਕਰਨ ਤੇ ਸੇਵਾ ਸਿਮਰਨ ਕਰਨ ਵਾਲਿਆਂ ਦੀਆਂ ਯਾਦਾਂ ਨੂੰ ਸੰਭਾਲਿਆ ਜਾਣਾ ਚਾਹੀਦਾ ਹੈ ਪਰ ਮੌਜੂਦਾ ਸਮੇਂ ਪ੍ਰਬੰਧਕਾਂ ਦੀ ਅਣਗਹਿਲੀ ਜਾਂ ਮਨਮਾਨੀ ਨਾਲ ਅਜਾਇਬ ਘਰ ਵਿੱਚ ਝੂਠ ਪਰੋਸਿਆ ਜਾ ਰਿਹਾ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਕੇਂਦਰੀ ਅਜਾਇਬ ਘਰ ਵਿੱਚ ਸਿੱਖ ਪੰਥ ਲਈ ਕੁਰਬਾਨੀ ਕਰਨ ਵਾਲੇ ਯੋਧਿਆਂ ਸੇਵਾ ਸਿਮਰਨ ਧਰਮ ਪ੍ਰਚਾਰ ਪ੍ਰਸਾਰ ਕਰਨ ਵਾਲੇ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ ਨਾ ਕਿ ਪੰਥ ਨਾਲ ਗਦਾਰੀ ਕਰਨ ਵਾਲਿਆਂ ਦੀਆਂ ਤਸਵੀਰਾਂ ਕੇਂਦਰੀ ਅਜਾਇਬ ਘਰ ਵਿੱਚ ਲਾਈਆਂ ਜਾਣ।



## ਗੁਰਪੁਰਬ 'ਤੇ ਪਾਕਿਸਤਾਨ ਜਾਣ ਲਈ ਅਪਲਾਈ ਕੀਤੇ ਸਾਰੇ 170 ਸ਼ਰਧਾਲੂਆਂ ਨੂੰ ਵੀਜ਼ੇ ਮਿਲੇ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਜਾਣ ਲਈ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ 170 ਸ਼ਰਧਾਲੂਆਂ ਨੇ ਵੀਜ਼ੇ ਅਪਲਾਈ ਕੀਤੇ ਸਨ, ਉਨ੍ਹਾਂ ਸਾਰਿਆਂ ਨੂੰ ਵੀਜ਼ੇ ਮਿਲ ਗਏ ਹਨ ਅਤੇ ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪੋ ਆਪਣੇ ਪਾਸਪੋਰਟ ਦਿੱਲੀ ਗੁਰਦੁਆਰਾ ਕਮੇਟੀ ਦੇ ਦਫ਼ਤਰ ਤੋਂ ਲੈ ਲੈਣ।

ਇਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਸ੍ਰ. ਕਾਲਕਾ ਤੇ ਸ੍ਰ. ਕਾਹਲੋਂ ਨੇ ਦੱਸਿਆ ਕਿ ਇਸ ਸਾਲ ਪਹਿਲਾਂ ਭਾਰਤ ਸਰਕਾਰ ਨੇ ਗੁਰਪੁਰਬ 'ਤੇ ਪਾਕਿਸਤਾਨ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ ਪਰ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੀਤੀ ਅਪੀਲ ਮਗਰੋਂ ਭਾਰਤ ਸਰਕਾਰ ਨੇ ਜੱਥੇ ਨੂੰ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਸੀ।

ਉਨ੍ਹਾਂ ਦੱਸਿਆ ਕਿ ਕੁੱਲ 170 ਸ਼ਰਧਾਲੂਆਂ ਨੇ ਦਿੱਲੀ ਗੁਰਦੁਆਰਾ ਕਮੇਟੀ ਰਾਹੀਂ ਵੀਜ਼ੇ ਅਪਲਾਈ ਕੀਤਾ ਸੀ ਤੇ ਸਾਰੇ 170 ਸ਼ਰਧਾਲੂਆਂ ਨੂੰ ਵੀਜ਼ੇ ਮਿਲ ਗਏ ਹਨ। ਉਨ੍ਹਾਂ ਕਿਹਾ ਕਿ ਸ਼ਰਧਾਲੂ ਆਪੋ ਆਪਣੇ ਪਾਸਪੋਰਟ ਦਿੱਲੀ ਗੁਰਦੁਆਰਾ ਕਮੇਟੀ ਦੇ ਦਫਤਰ ਤੋਂ ਇਕੱਤਰ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਰਕਾਰ ਨੇ ਪਾਕਿਸਤਾਨ ਵਿੱਚ ਦਾਖਲੇ ਵਾਸਤੇ 4 ਨਵੰਬਰ ਦੀ ਤਾਰੀਕ ਮੁਕੱਰਰ ਕੀਤੀ ਹੈ ਪਰ ਭਾਰਤ ਸਰਕਾਰ ਯਤਨਸ਼ੀਲ ਹੈ ਕਿ ਸ਼ਰਧਾਲੂ 3 ਨਵੰਬਰ ਨੂੰ ਹੀ ਪਾਕਿਸਤਾਨ ਵਿੱਚ ਦਾਖਲ ਹੋਣ ਤੇ ਇਸ ਸਬੰਧੀ ਅੰਤਿਮ ਫੈਸਲਾ ਇੱਕ ਦੋ ਦਿਨਾਂ ਵਿਚ ਹੋ ਜਾਵੇਗਾ। ਜੱਥੇ ਵਾਸਤੇ ਇਹ ਦੌਰਾ 10 ਦਿਨਾਂ ਦਾ ਹੋਵੇਗਾ ਤੇ 10 ਦਿਨਾਂ ਦੇ ਮੁਕੰਮਲ ਹੋਣ 'ਤੇ ਜੱਥਾ ਵਾਪਸ ਭਾਰਤ ਆਵੇਗਾ।



ਪਾਕਿਸਤਾਨ ਯਾਤਰਾ ਦੌਰਾਨ ਜੱਥੇ ਦੇ ਮੈਂਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਬੰਧਿਤ ਗੁਰਧਾਮਾਂ ਦੇ ਦਰਸ਼ਨ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਹ ਜੱਥਾ ਯਾਤਰਾ ਦੇ ਚੇਅਰਮੈਨ ਪਰਮਜੀਤ ਸਿੰਘ ਚਢੋਕ, ਰਮਿੰਦਰ ਸਿੰਘ ਸਵੀਟਾ ਤੇ ਜਗਜੀਤ ਸਿੰਘ ਦਰਦੀ ਦੀ ਅਗਵਾਈ ਹੇਠ ਜਾਵੇਗਾ, ਜੋ ਯਾਤਰੂਆਂ ਦੇ ਠਹਿਰਣ ਸਮੇਤ ਹਰ ਤਰੀਕੇ ਦੀਆਂ ਸਹੂਲਤਾਂ ਦੇ ਪ੍ਰਬੰਧ ਯਕੀਨੀ ਬਣਾਉਣਗੇ।

## ਗੁਰੂ ਤੇਗ਼ ਬਹਾਦਰ ਸਾਹਿਬ ਸਾਰੇ ਭਾਰਤੀ ਧਰਮਾਂ ਦੇ ਰੱਖਿਅਕ ਸਨ: ਫੜਨਵੀਸ

### ਮਹਾਰਾਸ਼ਟਰ ਸਰਕਾਰ ਨੇ ਮੁੰਬਈ ਵਿੱਚ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਰੋਹ ਕਰਵਾਇਆ

ਮੁੰਬਈ/ਏ.ਟੀ.ਨਿਊਜ਼: ਮਹਾਰਾਸ਼ਟਰ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੂਬਾ ਪੱਧਰੀ ਸਮਾਰੋਹ ਮੁੰਬਈ ਦੇ ਦਾਦਰ ਸਥਿਤ ਯੋਗੀ ਹਾਲ ਵਿੱਚ ਕੀਤਾ ਗਿਆ। ਇਸ ਸਮਾਰੋਹ ਦੀ ਅਗਵਾਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕੀਤੀ। ਸਮਾਗਮ ਦੌਰਾਨ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਜੀਵਨਗਾਥਾ ਨੂੰ ਸਮਰਪਿਤ ਗਾਇਕ ਸਤਿੰਦਰ ਸਰਤਾਜ ਦਾ ਨਵਾਂ ਗੀਤ 'ਹਿੰਦ ਦੀ ਚਾਦਰ' ਜਾਰੀ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮੰਤਰੀ ਫੜਨਵੀਸ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਰੇ ਭਾਰਤੀ ਧਰਮਾਂ ਦੇ ਰੱਖਿਅਕ ਸਨ, ਇਸੇ ਕਰ ਕੇ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਔਰੰਗਜ਼ੇਬ ਨੇ ਕਸ਼ਮੀਰੀ ਪੰਡਤਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਲਈ ਮਜਬੂਰ ਕੀਤਾ, ਤਾਂ ਗੁਰੂ ਸਾਹਿਬ ਨੇ ਉਨ੍ਹਾਂ ਦੀ ਰੱਖਿਆ ਲਈ ਆਪਣਾ ਸੀਸ ਅਰਪਣ ਕੀਤਾ ਸੀ। ਉਨ੍ਹਾਂ ਦੀ ਸ਼ਹਾਦਤ ਨੇ ਜ਼ੁਲਮ ਖ਼ਿਲਾਫ਼ ਸੱਚ ਦੀ ਆਵਾਜ਼ ਬੁਲੰਦ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਜਿਹੜੀ ਆਜ਼ਾਦੀ, ਧਾਰਮਿਕ ਆਜ਼ਾਦੀ ਤੇ ਵਿਸ਼ਵਾਸ ਦੀ ਖੁੱਲ੍ਹੀ ਹਵਾ ਵਿੱਚ ਅਸੀਂ ਸਾਹ ਲੈ ਰਹੇ ਹਾਂ, ਉਹ ਗੁਰੂ ਤੇਗ ਬਹਾਦਰ ਸਾਹਿਬ ਦੀ (ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਹੋਵੇਗੀ ਤਰਨ ਤਾਰਨ ਜ਼ਿਮਨੀ ਚੋਣ

ਪੰਜਾਬ ਦੇ ਪੰਥਕ ਮੰਨੇ ਜਾਂਦੇ ਵਿਧਾਨ ਸਭਾ ਹਲਕੇ ਤਰਨ ਤਾਰਨ ਵਿੱਚ ਹੋ ਰਹੀ ਜ਼ਿਮਨੀ ਚੋਣ ਲਈ ਚੋਣ ਪ੍ਰਚਾਰ ਇਸ ਸਮੇਂ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਇਸ ਚੋਣ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਚੋਣ ਪੰਜਾਬ ਦੀ ਸਿਆਸਤ ਦੀ ਨਵੀਂ ਦਸ਼ਾ ਅਤੇ ਦਿਸ਼ਾ ਤੈਅ ਕਰੇਗੀ। ਇਸੇ ਕਾਰਨ ਇਸ ਚੋਣ ਨੂੰ ਅਗਾਮੀ ਵਿਧਾਨ ਸਭਾ ਚੋਣਾਂ ਦੇ ਸੈਮੀਫਾਈਨਲ ਵਜੋਂ ਵੇਖਿਆ ਜਾ ਰਿਹਾ ਹੈ।

ਇਸ ਵਿਧਾਨ ਸਭਾ ਹਲਕੇ ਵਿੱਚ ਅਨੇਕਾਂ ਉਮੀਦਵਾਰ ਆਪਣੀ ਕਿਸਮਤ ਅਜਮਾਅ ਰਹੇ ਹਨ ਪਰ ਅਕਾਲੀ ਦਲ ਵਾਰਿਸ ਪੰਜਾਬ ਦੇ, ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦਲ ਬਾਦਲ ਅਤੇ ਭਾਜਪਾ ਵੱਲੋਂ ਇਹ ਚੋਣ ਜਿੱਤਣ ਲਈ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ। ਇਹਨਾਂ ਸਾਰੀਆਂ ਪਾਰਟੀਆਂ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਇਸ ਚੋਣ ਵਿੱਚ ਉਹਨਾਂ ਦੀ ਹੀ ਪਾਰਟੀ ਦਾ ਉਮੀਦਵਾਰ ਜੇਤੂ ਰਹੇਗਾ। ਜੇ ਇਸ ਹਲਕੇ ਦੇ ਵੋਟਰਾਂ ਦੀ ਗੱਲ ਕੀਤੀ ਜਾਵੇ ਤਾਂ ਇਸ ਹਲਕੇ ਦੇ ਵੋਟਰਾਂ ਨੇ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਨੂੰ ਖੁੱਲ੍ਹ ਕੇ ਸਮਰਥਨ ਨਹੀਂ ਦਿੱਤਾ ਭਾਵੇਂ ਕਿ ਸਾਰੀਆਂ ਸਿਆਸੀ ਪਾਰਟੀਆਂ ਵੋਟਰਾਂ ਦਾ ਭਰਪੂਰ ਸਮਰਥਨ ਅਤੇ ਹਮਾਇਤ ਮਿਲਣ ਦੇ ਦਾਅਵੇ ਕਰ ਰਹੀਆਂ ਹਨ। ਇਸ ਹਲਕੇ ਵਿੱਚ ਅਜੇ ਤੱਕ ਕਿਸੇ ਵੀ ਉਮੀਦਵਾਰ ਜਾਂ ਸਿਆਸੀ ਪਾਰਟੀ ਦੇ ਹੱਕ ਵਿੱਚ ਸਿਆਸੀ ਹਵਾ ਨਹੀਂ ਚੱਲੀ ਅਤੇ ਵੋਟਰਾਂ ਨੇ ਭੇਦ ਭਰੀ ਚੁੱਪ ਧਾਰੀ ਹੋਈ ਹੈ।

ਪੰਜਾਬ ਦੀ ਸਿਆਸਤ ਲਈ ਇਹ ਚੋਣ ਬਹੁਤ ਮਹੱਤਵਪੂਰਨ ਹੈ ਕਿਉਂਕਿ ਜਿਸ ਪਾਰਟੀ ਦਾ ਉਮੀਦਵਾਰ ਇਸ ਚੋਣ ਵਿੱਚ ਜੇਤੂ ਰਹੇਗਾ, ਉਸ ਪਾਰਟੀ ਦਾ ਹੱਥ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਉੱਚਾ ਰਹਿਣ ਦੇ ਆਸਾਰ ਬਣ ਸਕਦੇ ਹਨ। ਇਸੇ ਕਾਰਨ ਇਸ ਚੋਣ ਨੂੰ ਜਿੱਤਣ ਲਈ ਸਿਆਸੀ ਪਾਰਟੀਆਂ ਹਰ ਹੀਲਾ ਵਰਤ ਰਹੀਆਂ ਹਨ। ਅਕਾਲੀ ਸਿਆਸਤ ਲਈ ਵੀ ਇਹ ਚੋਣ ਮਹੱਤਵਪੂਰਨ ਹੈ ਕਿਉਂਕਿ ਇਸ ਚੋਣ ਰਾਹੀਂ ਅਸਲੀ ਅਕਾਲੀ ਦਲ ਦਾ ਫੈਸਲਾ ਵੀ ਹੋ ਸਕਦਾ ਹੈ ਕਿਉਂਕਿ ਇਸ ਸਮੇਂ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਅਕਾਲੀ ਦਲ ਬਾਦਲ ਭਾਵ ਦੋਵਾਂ ਅਕਾਲੀ ਦਲਾਂ ਦੇ ਆਗੂਆਂ ਵੱਲੋਂ ਆਪੋ ਆਪਣੀ ਪਾਰਟੀ ਨੂੰ ਅਸਲੀ ਅਕਾਲੀ ਦਲ ਕਿਹਾ ਜਾ ਰਿਹਾ ਹੈ। ਹੁਣ ਦੋਵਾਂ ਅਕਾਲੀ ਦਲਾਂ ਦੇ ਉਮੀਦਵਾਰਾਂ ਵਿਚੋਂ ਜਿਸ ਪਾਰਟੀ ਦੇ ਉਮੀਦਵਾਰ ਨੂੰ ਵਧੇਰੇ ਵੋਟਾਂ ਪੈ ਗਈਆਂ, ਉਸ ਅਕਾਲੀ ਦਲ ਨੂੰ ਅਸਲੀ ਮੰਨਿਆ ਜਾ ਸਕਦਾ ਹੈ।

ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜੇ ਕਈ ਸਿਆਸੀ ਆਗੂਆਂ ਦੇ ਭਰਮ ਭੁਲੇਖੇ ਵੀ ਦੂਰ ਕਰ ਸਕਦੇ ਹਨ। ਇਸ ਸਮੇਂ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣ ਦੀ ਦੇਰ ਹੈ ਕਿ ਅਕਾਲੀ ਸਰਕਾਰ ਬਣੀ ਕਿ ਬਣੀ। ਦੂਜੇ ਪਾਸੇ ਕਾਂਗਰਸ ਦੇ ਆਗੂ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਹੋਰ ਆਗੂ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ। ਆਮ ਆਦਮੀ ਪਾਰਟੀ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਬਣੇਗੀ। ਇਸੇ ਤਰ੍ਹਾਂ ਐਮ.ਪੀ. ਭਾਈ ਅੰਮ੍ਰਿਤਪਾਲ ਸਿੰਘ ਦੇ ਸਮਰਥਕ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਉਹਨਾਂ ਦੀ ਪਾਰਟੀ ਦੀ ਬਣ ਸਕਦੀ ਹੈ ਅਤੇ ਭਾਈ ਅੰਮ੍ਰਿਤਪਾਲ ਸਿੰਘ ਪੰਜਾਬ ਦੇ ਅਗਲੇ ਮੁੱਖ ਮੰਤਰੀ ਬਣ ਸਕਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਪੰਜਾਬ ਵਿੱਚ ਆਪਣੀ ਪਾਰਟੀ ਦੀ ਅਗਲੀ ਸਰਕਾਰ ਬਣਨ ਦਾ ਸੁਪਨਾ ਵੇਖ ਰਹੇ ਹਨ। ਪਰ ਪੰਜਾਬ ਵਿੱਚ ਅਗਲੀ ਸਰਕਾਰ ਕਿਸ ਦੀ ਬਣੇਗੀ, ਇਹ ਕਹਿਣਾ ਅਜੇ ਮੁਸ਼ਕਿਲ ਹੈ ਪਰ ਤਰਨ ਤਾਰਨ ਜ਼ਿਮਨੀ ਚੋਣ ਦਾ ਨਤੀਜਾ ਅਗਲੀਆਂ ਵਿਧਾਨ ਸਭਾ ਚੋਣਾਂ ’ਤੇ ਕੁਝ ਹੱਦ ਤਕ ਪ੍ਰਭਾਵ ਪਾ ਸਕਦਾ ਹੈ ਕਿਉਂਕਿ ਇਸ ਚੋਣ ਦੇ ਨਤੀਜੇ ਤੋਂ ਪਤਾ ਚੱਲ ਜਾਵੇਗਾ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ।

ਤਰਨ ਤਾਰਨ ਸੀਟ ’ਤੇ ਇਸ ਸਮੇਂ ਵੱਖ ਵੱਖ ਉਮੀਦਵਾਰਾਂ ਵਿਚਾਲੇ ਗਹਿਗੱਚ ਮੁਕਾਬਲਾ ਹੋ ਰਿਹਾ ਹੈ ਅਤੇ ਸਾਰੇ ਹੀ ਉਮੀਦਵਾਰਾਂ ਦੇ ਸਮਰਥਕ ਆਮ ਲੋਕਾਂ ਨਾਲ ਸੰਪਰਕ ਕਰਕੇ ਆਪੋ ਆਪਣੇ ਉਮੀਦਵਾਰ ਦੀ ਜਿੱਤ ਪੱਕੀ ਕਰਨ ਦੇ ਯਤਨ ਕਰ ਰਹੇ ਹਨ। ਇਸ ਚੋਣ ਵਿੱਚ ਕਾਂਗਰਸ ਵੱਲੋਂ ਰਾਸ਼ਟਰਵਾਦ ਦਾ ਮੁੱਦਾ ਵੀ ਉਭਾਰ ਦਿੱਤਾ ਗਿਆ ਹੈ। ਕਾਂਗਰਸੀ ਆਗੂ ਰਾਜਾ ਵੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਇਸ ਹਲਕੇ ਵਿੱਚ ਚੋਣ ਪ੍ਰਚਾਰ ਕਰਦਿਆਂ ਵਾਰ ਵਾਰ ਕਹਿ ਰਹੇ ਹਨ ਕਿ ਕਾਂਗਰਸ ਦੇ ਅਨੇਕਾਂ ਆਗੂਆਂ ਨੇ ਕੁਰਬਾਨੀਆਂ ਦੇ ਕੇ ਪੰਜਾਬ ਵਿੱਚ ਅਮਨ ਸ਼ਾਂਤੀ ਲਿਆਂਦੇ ਹਨ। ਦੂਜੇ ਪਾਸੇ ਪੰਥਕ ਆਗੂ ਕਹਿ ਰਹੇ ਹਨ ਕਿ ਕਾਂਗਰਸ ਨੇ ਹੀ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ’ਤੇ ਫ਼ੌਜੀ ਹਮਲੇ ਕਰਵਾਏ ਸਨ ਅਤੇ ਸੰਨ 1984 ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦੀ ਨਸਲਕੁਸ਼ੀ ਵੀ ਕਾਂਗਰਸ ਨੇ ਹੀ ਕਰਵਾਈ ਸੀ।

ਇਸ ਚੋਣ ਵਿੱਚ ਧਰਮੀ ਫ਼ੌਜੀਆਂ ਦਾ ਮਾਮਲਾ ਵੀ ਉਭਰਿਆ ਹੋਇਆ ਹੈ। ਵੱਖ ਵੱਖ ਪੰਥਕ ਧਿਰਾਂ ਧਰਮੀ ਫ਼ੌਜੀਆਂ ਦੀਆਂ ਵੋਟਾਂ ਲੈਣ ਲਈ ਯਤਨਸ਼ੀਲ ਹਨ, ਜਦੋਂਕਿ ਕੁਝ ਧਰਮੀ ਫ਼ੌਜੀ ਕਹਿ ਰਹੇ ਹਨ ਕਿ ਜਦੋਂ ਪੰਜਾਬ ਵਿੱਚ ਅਕਾਲੀ ਸਰਕਾਰ ਸੀ ਤਾਂ ਉਸ ਸਮੇਂ ਸਰਕਾਰ ਨੇ ਧਰਮੀ ਫ਼ੌਜੀਆਂ ਦੀ ਸਹਾਇਤਾ ਕਿਉਂ ਨਹੀਂ ਕੀਤੀ? ਹੁਣ ਚੋਣਾਂ ਵੇਲੇ ਧਰਮੀ ਫ਼ੌਜੀਆਂ ਦੀ ਅਕਾਲੀ ਦਲ ਬਾਦਲ ਨੂੰ ਯਾਦ ਕਿਉਂ ਆ ਗਈ ਹੈ?

ਇਸ ਸਮੇਂ ਸਭ ਦੀਆਂ ਨਜ਼ਰਾਂ ਤਰਨ ਤਾਰਨ ਜ਼ਿਮਨੀ ਚੋਣ ਵੱਲ ਲੱਗੀਆਂ ਹੋਈਆਂ ਹਨ। ਇਸ ਚੋਣ ਵਿੱਚ ਕਿਹੜਾ ਉਮੀਦਵਾਰ ਜਿੱਤੇਗਾ ਇਹ ਕਹਿਣਾ ਮੁਸ਼ਕਿਲ ਹੈ, ਹਾਂ! ਇੱਕ ਗੱਲ ਜ਼ਰੂਰ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਸ ਚੋਣ ਦੇ ਨਤੀਜੇ ਜੋ ਮਰਜ਼ੀ ਹੋਣ ਪਰ ਉਹ ਨਤੀਜੇ ਪੰਜਾਬ ਦੀ ਸਿਆਸਤ ’ਤੇ ਵੱਡਾ ਪ੍ਰਭਾਵ ਪਾਉਣਗੇ।

# ਰੂਸ-ਅਮਰੀਕਾ ਵਿਚਕਾਰ ਵਧਦਾ ਟਕਰਾਅ-ਭਾਰਤ ਕੀ ਕਰੇ?

**ਨਿਤਿਆ ਚਕਰਵਰਤੀ**



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕੂਟਨੀਤਕ ਪ੍ਰੇਸ਼ਾਨੀਆਂ ਵਧਦੀਆਂ ਜਾ ਰਹੀਆਂ ਹਨ ਕਿਉਂਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ 5-6 ਦਸੰਬਰ ਨੂੰ ਹੋਣ ਵਾਲੀ ਭਾਰਤ ਯਾਤਰਾ ਦਾ ਸਮਾਂ ਨੇੜੇ ਆ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਵੰਬਰ ਤੱਕ ਰੂਸੀ ਤੇਲ ਦੀ ਭਾਰਤੀ ਦਰਾਮਦ ਵਿਚ ਲੋੜੀਂਦੀ ਕਮੀ ਨੂੰ ਯਕੀਨੀ ਬਣਾਉਣ ਲਈ ਜ਼ੋਰ ਪਾ ਰਹੇ ਹਨ ਅਤੇ ਇਸ ਨੂੰ ਅਗਲੇ ਹਫ਼ਤੇ ਵਾਸ਼ਿੰਗਟਨ ਵਿੱਚ ਹੋਣ ਵਾਲੀ ਭਾਰਤ-ਅਮਰੀਕੀ ਵਪਾਰਕ ਗੱਲਬਾਤ ਦੇ ਅਗਲੇ ਦੌਰ ਦੀ ਪ੍ਰਗਤੀ ਨਾਲ ਜੋੜਿਆ ਜਾ ਰਿਹਾ ਹੈ।

ਟਰੰਪ ਨੇ ਇਹ ਦਾਅਵਾ ਕਰਕੇ ਭਾਰਤੀ ਪ੍ਰਧਾਨ ਮੰਤਰੀ ਨੂੰ ਪਹਿਲਾਂ ਹੀ ਸ਼ਰਮਿੰਦਾ ਕਰ ਦਿੱਤਾ ਹੈ, ਕਿ ਉਨ੍ਹਾਂ ਦੇ ਚੰਗੇ ਦੋਸਤ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ਭਾਰਤ ਰੂਸ ਤੋਂ ਤੇਲ ਨਹੀਂ ਖਰੀਦੇਗਾ ਤੇ ਇਸ ਸੰਬੰਧੀ ਕੁਝ ਪ੍ਰਕਿਰਿਆ ਚੱਲ ਰਹੀ ਹੈ, ਜੋ ਜਲਦੀ ਹੀ ਪੂਰੀ ਹੋ ਜਾਵੇਗੀ। ਵਿਦੇਸ਼ ਮੰਤਰਾਲੇ ਨੇ ਇਸ ਗੱਲ ਦਾ ਤੁਰੰਤ ਖੰਡਨ ਕੀਤਾ ਕਿ ਮੋਦੀ ਦੀ ਟਰੰਪ ਨਾਲ ਕੋਈ ਗੱਲਬਾਤ ਨਹੀਂ ਹੋਈ। ਇਹ ਤੱਥਾਂ ’ਤੇ ਆਧਾਰਿਤ ਸਹੀ ਸੀ, ਪਰ ਬਾਅਦ ਵਿਚ ਟਰੰਪ ਨੇ ਖ਼ੁਦ ਹੀ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਨੇ ਇਹ ਗੱਲ ਪਿਛਲੇ ਹਫ਼ਤੇ ਨਵੀਂ ਦਿੱਲੀ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਾਲ ਅਮਰੀਕੀ ਰਾਜਦੂਤ ਸਰਗੇਈ ਗੋਰ ਦੀ ਹੋਈ ਲੰਬੀ ਗੱਲਬਾਤ ਤੋਂ ਬਾਅਦ ਮਿਲੀ ਜਾਣਕਾਰੀ ਦੇ ਆਧਾਰ ’ਤੇ ਕਹੀ ਸੀ। ਵਿਦੇਸ਼ ਮੰਤਰਾਲੇ ਨੇ ਇਸ ਗੱਲ ਦਾ ਖੰਡਨ ਨਹੀਂ ਕੀਤਾ। ਸੱਚਾਈ ਇਹ ਹੈ ਕਿ ਨਰਿੰਦਰ ਮੋਦੀ ਨੇ ਰੂਸ ਤੋਂ ਤੇਲ ਦਰਾਮਦ ਘੱਟ ਕਰਨ ਦਾ ਕੋਈ ਭਰੋਸਾ ਜ਼ਰੂਰ ਦਿੱਤਾ ਹੋਵੇਗਾ, ਪਰ ਇਸ ਦਾ ਮਤਲਬ ਪੂਰੀ ਤਰ੍ਹਾਂ ਨਾਲ ਤੇਲ ਦਰਾਮਦ ਬੰਦ ਕਰਨਾ ਨਹੀਂ ਹੋ ਸਕਦਾ। ਟਰੰਪ ਨੇ ਹਮੇਸ਼ਾ ਦੀ ਤਰ੍ਹਾਂ ਗੱਲਬਾਤ ਨੂੰ ਵਧਾ-ਚੜ੍ਹਾਅ ਕੇ ਪੇਸ਼ ਕਰਦਿਆਂ ਕਿਹਾ ਕਿ ਮੋਦੀ ਤੇਲ ਸਪਲਾਈ ਰੋਕਣ ’ਤੇ ਸਹਿਮਤ ਹੋ ਗਏ ਹਨ। ਦਰਅਸਲ ਮੁੱਖ ਮੁੱਦਾ ਇਹ ਹੈ ਕਿ ਟਰੰਪ ਆਪਣੀ ਸੋਚੀ-ਸਮਝੀ ਨੀਤੀ ਦੇ ਤਹਿਤ ਮੋਦੀ ’ਤੇ ਰੂਸ ਤੋਂ ਤੇਲ ਦਰਾਮਦ ਘੱਟ ਕਰਨ ਲਈ ਕੋਈ ਮਜ਼ਬੂਤ ਕਦਮ ਚੁੱਕਣ ਲਈ ਦਬਾਅ ਪਾ ਰਹੇ ਹਨ ਅਤੇ ਉਨ੍ਹਾਂ (ਟਰੰਪ) ਨੇ ਇਸ ਨੂੰ ਭਾਰਤ-ਅਮਰੀਕਾ ਵਪਾਰਕ ਗੱਲਬਾਤ ਨੂੰ ਅੱਗੇ ਵਧਾਉਣ ਨਾਲ ਜੋੜਿਆ ਹੈ, ਜਿਸ ਦਾ ਸਿੱਟਾ ਭਾਰਤੀ ਪ੍ਰਧਾਨ ਮੰਤਰੀ ਲਈ ਵਿਸ਼ੇਸ਼ ਤੌਰ ’ਤੇ ਮਹੱਤਵ ਰੱਖਦਾ ਹੈ।

ਭਾਰਤ ਵੱਲੋਂ ਰੂਸੀ ਤੇਲ ਦਰਾਮਦ ’ਤੇ ਦਬਾਅ ਬਣਾਉਣ ਦੀਆਂ ਇਨ੍ਹਾਂ ਸਾਰੀਆਂ ਰਣੀਤੀਆਂ ਕਰਕੇ ਪ੍ਰਧਾਨ ਮੰਤਰੀ ਲਈ ਸਮਾਂ ਚਿੰਤਾਜਨਕ ਹੋ ਗਿਆ ਹੈ, ਜੋ ਦਸੰਬਰ ’ਚ ਰੂਸੀ ਰਾਸ਼ਟਰਪਤੀ ਨਾਲ ਸਲਾਨਾ ਦੋ-ਪੱਖੀ ਵਾਰਤਾ ਦੀ ਯੋਜਨਾ ਬਣਾ ਰਹੇ ਹਨ। 31 ਅਗਸਤ ਨੂੰ ਚੀਨ ਵਿੱਚ ਐਸ.ਸੀ.ਓ. ਸਿਖਰ ਸੰਮੇਲਨ ਦੌਰਾਨ ਰਾਸ਼ਟਰਪਤੀ ਪੁਤਿਨ ਤੇ ਪ੍ਰਧਾਨ ਮੰਤਰੀ ਮੋਦੀ ਦੋਵਾਂ ਨੇ ਤੇਲ ਦਰਾਮਦ ਜਾਰੀ ਰੱਖਣ ’ਤੇ ਲੰਬੀ ਚਰਚਾ ਕਰਦਿਆਂ ਨਵੇਂ ਖੇਤਰਾਂ ਵਿੱਚ ਵਿਸਤਾਰ ਬਾਰੇ ਵੀ ਗੱਲਬਾਤ ਕੀਤੀ ਸੀ। ਰੂਸ ਤੋਂ ਤੇਲ ਦੀ ਦਰਾਮਦ ਰੋਕਣ ਨੂੰ ਭਾਰਤ ਅਮਰੀਕੀ ਵਪਾਰ ਗੱਲਬਾਤ ਦੀ ਪ੍ਰਗਤੀ ਨਾਲ ਜੋੜਨ ’ਤੇ ਟਰੰਪ ਦਾ ਜ਼ੋਰ ਇਸ ਸਮੇਂ ਨਰਿੰਦਰ ਮੋਦੀ ਲਈ ਇਕ ਵੱਡੀ ਸਮੱਸਿਆ ਬਣ ਗਿਆ ਹੈ। ਹੁਣ ਉਨ੍ਹਾਂ ਸਾਹਮਣੇ




ਚੁਣੌਤੀ ਇਹ ਹੈ ਕਿ ਪੁਤਿਨ ਅਤੇ ਟਰੰਪ ਦੋਵਾਂ ਨੂੰ ਖ਼ੁਸ਼ ਰੱਖਦੇ ਹੋਏ ਭਾਰਤੀ ਹਿੱਤਾਂ ਵਿਚ ਕਿਵੇਂ ਸੰਤੁਲਨ ਬਣਾਇਆ ਜਾਵੇ। ਮੌਜੂਦਾ ਸਮੇਂ ਭਾਰਤ ਅਮਰੀਕੀ ਬਾਜ਼ਾਰ ਵਿਚ ਆਪਣੀ ਬਰਾਮਦ ਤੋਂ 50 ਫ਼ੀਸਦੀ ਟੈਰਿਫ ਦਾ ਵਾਧਾ ਝੱਲ ਰਿਹਾ ਹੈ। ਮੂਲ ਵਾਧਾ ਤੋਂ 25 ਫ਼ੀਸਦੀ ਹੈ ਅਤੇ ਪਰ ਟਰੰਪ ਨੇ ਰੂਸ ਤੋਂ ਤੇਲ ਦਰਾਮਦ ਕਰਨ ’ਤੇ ਜੁਰਮਾਨਾ ਲਗਾਉਂਦਿਆਂ ਇਸ ਸਾਲ ਅਗਸਤ ਵਿੱਚ 25 ਫ਼ੀਸਦੀ ਦਾ ਹੋਰ ਵਾਧਾ ਕਰ ਦਿੱਤਾ ਸੀ, ਕਿਉਂਕਿ ਟਰੰਪ ਦਾ ਮੰਨਣਾ ਹੈ ਕਿ ਭਾਰਤ ਵੱਲੋਂ ਤੇਲ ਦਰਾਮਦ ਕਾਰਨ ਰੂਸ ਨੂੰ ਯੁੱਧ ਦੌਰਾਨ ਮਾਲੀ ਮਦਦ ਮਿਲ ਰਹੀ ਹੈ। ਜੇਕਰ ਭਾਰਤ ਰੂਸ ਤੋਂ ਤੇਲ ਦਰਾਮਦ ਬੰਦ ਕਰ ਦਿੰਦਾ ਹੈ ਤਾਂ 25 ਫ਼ੀਸਦੀ ਦਾ ਜੁਰਮਾਨਾ ਆਪਣੇ ਆਪ ਹੀ ਵਾਪਸ ਲੈ ਲਿਆ ਜਾਵੇਗਾ। ਇਸ ਤੋਂ ਇਲਾਵਾ ਇਹ ਫ਼ੈਸਲਾ ਭਾਰਤ-ਅਮਰੀਕਾ ਵਪਾਰ ਗੱਲਬਾਤ ਨੂੰ ਇਕ ਫ਼ੈਸਲਾਕੁੰਨ ਸਮਝੌਤੇ ਵੱਲ ਲੈ ਜਾਣ ਵਿੱਚ ਵੀ ਮਦਦ ਕਰ ਸਕਦਾ ਹੈ।

ਭਾਰਤ ਵੱਲੋਂ ਰੂਸ ਤੋਂ ਤੇਲ ਦਰਾਮਦ ਕਰਨ ਦੀ ਜ਼ਮੀਨੀ ਹਕੀਕਤ ਕੀ ਹੈ? ਚੀਨ ਤੋਂ ਬਾਅਦ ਰੂਸ ਤੋਂ ਕੱਚੇ ਤੇਲ ਦਾ ਭਾਰਤ ਦੂਜਾ ਸਭ ਤੋਂ ਵੱਡਾ ਖਰੀਦਦਾਰ ਹੈ ਅਤੇ ਯੂਕਰੇਨ ਯੁੱਧ ਦੇ ਆਖਰੀ 3 ਸਾਲਾਂ ਤੋਂ ਰੂਸ ਨਾਲ ਭਾਰਤ ਦਾ ਆਪਸੀ ਵਪਾਰ ਰਵਾਇਤੀ ਮੁੱਲਾਂ ਪ੍ਰਾਪਤ ਤੇਲ ਦਰਾਮਦ ਵਿੱਚ ਭਾਰੀ ਵਾਧੇ ਕਾਰਨ ਵਧਿਆ ਹੈ, ਜਿਸ ਨਾਲ ਭਾਰਤ ਨੂੰ ਭੁਗਤਾਨ ਸੰਤੁਲਨ ਦੀ ਸਮੱਸਿਆ ਨਾਲ ਕਾਫੀ ਹੱਦ ਤਕ ਨਜਿੱਠਣ ਵਿੱਚ ਸਹਾਇਤਾ ਮਿਲੀ ਹੈ। ਮੌਜੂਦਾ ਸਮੇਂ ਕੱਚੇ ਤੇਲ ਦੇ ਬਾਜ਼ਾਰ ਦੇ ਵਿਵਹਾਰ ਨੂੰ ਵੇਖਦਿਆਂ ਭਾਰਤ ਆਪਣੀ ਵਿਦੇਸ਼ੀ ਮੁਦਰਾ ਦੀ ਵੱਡੀ ਕੀਮਤ ’ਤੇ ਆਪਣੀ ਦਰਾਮਦ ਨੂੰ ਘੱਟ ਕਰਨ ਦਾ ਜੋਖ਼ਮ ਉਠਾ ਸਕਦਾ ਹੈ। ਭਾਰਤ ਤੇ ਰੂਸ ਵਿਚਾਲੇ ਦੁਪਾਸੜ ਵਪਾਰ ਵਿੱਤੀ ਸਾਲ 2024-25 ਦੌਰਾਨ 68.7 ਅਰਬ ਅਮਰੀਕੀ ਡਾਲਰ ਦੇ ਰਿਕਾਰਡ ਉੱਚ ਪੱਧਰ ’ਤੇ ਪਹੁੰਚ ਗਿਆ, ਜੋ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਦੇ 10.1 ਅਰਬ ਡਾਲਰ ਨਾਲੋਂ 6.8 ਗੁਣਾ ਜ਼ਿਆਦਾ ਹੈ। ਇਸ ਵਿੱਚ ਭਾਰਤ ਦਾ 4.88 ਅਰਬ ਡਾਲਰ ਦਾ ਨਿਰਯਾਤ ਅਤੇ ਰੂਸ ਤੋਂ 63.84 ਅਰਬ ਡਾਲਰ ਦਾ ਆਯਾਤ ਸ਼ਾਮਿਲ ਹੈ। ਇਸ ਦੁਪਾਸੜ ਵਪਾਰ ਵਿੱਚ ਇਹ ਤੇਜ਼ ਵਾਧਾ ਮੁੱਖ ਤੌਰ ’ਤੇ ਇਸ ਵਿੱਤੀ ਸਾਲ ਦੌਰਾਨ ਰੂਸੀ ਤੇਲ ਤੇ ਪੈਟ੍ਰੋਲੀਅਮ ਉਤਪਾਦਾਂ ਦੀ ਵਧੇਰੇ ਆਯਾਤ ਕਾਰਨ ਹੋਇਆ ਹੈ। ਰੂਸ ਤੋਂ ਹੋਣ ਵਾਲੇ ਪ੍ਰਮੁੱਖ ਆਯਾਤ ’ਚ ਪੈਟ੍ਰੋਲੀਅਮ ਉਤਪਾਦ, ਖਾਦ, ਬਿਟੂਮਿਨਸ ਪਦਾਰਥ, ਖਣਿਜ ਈਂਧਨ ਤੇ ਮੋਮ, ਮਸ਼ੀਨਰੀ, ਉਪਕਰਣ, ਕੀਮਤੀ ਧਾਤਾਂ ਤੇ ਪੱਥਰ, ਲੱਕੜ, ਲੁਗਦੀ ਤੇ ਕਾਗਜ਼ ਉਤਪਾਦ ਅਤੇ ਬਨਸਪਤੀ ਤੇਲ ਸ਼ਾਮਿਲ ਹਨ। ਦੋਵੇਂ ਧਿਰਾਂ ਨੂੰ 2030 ਤੱਕ ਇਸ ਦੁਪਾਸੜ ਵਪਾਰ ਦੇ 100 ਅਰਬ ਅਮਰੀਕੀ ਡਾਲਰ ਤੱਕ ਅੱਪੜ ਜਾਣ ਦੀ ਉਮੀਦ ਹੈ। ਰਾਸ਼ਟਰਪਤੀ ਪੁਤਿਨ ਖ਼ੁਦ ਭਾਰਤੀ ਪ੍ਰਧਾਨ ਮੰਤਰੀ ਦੇ ਨਾਲ ਸਿਖਰ ਸੰਮੇਲਨ ’ਤੇ ਵਿਸ਼ੇਸ਼ ਜ਼ੋਰ ਦੇ ਰਹੇ ਹਨ, ਕਿਉਂਕਿ ਭਾਰਤ ਜਿਹੇ ਵੱਡੇ ਦੇਸ਼ ਦੇ ਨਾਲ ਸਾਂਝੇਦਾਰੀ ਦਾ ਪ੍ਰਚਾਰ ਕਰਕੇ ਉਹ ਯੂਕਰੇਨ ’ਚ ਸਾਢੇ 3 ਸਾਲਾਂ ਤੋਂ ਚੱਲ ਰਹੇ ਯੁੱਧ ਦੇ ਬਾਅਦ ਵੀ ਗਲੋਬਲ ਦੱਖਣ ਤੇ ਹੋਰ ਦੇਸ਼ਾਂ ਨੂੰ ਇੱਕ ਰਾਜਨੀਤਕ ਨੇਤਾ ਵਜੋਂ ਆਪਣੀ ਸਵੀਕਾਰਤਾ ਨੂੰ ਦਿਖਾ ਸਕਦੇ ਹਨ। ਰਾਸ਼ਟਰਪਤੀ ਪੁਤਿਨ ਭਾਰਤੀ ਪ੍ਰਧਾਨ ਮੰਤਰੀ ਦੇ ਇਤਰਾਜ਼ਾਂ ਦੇ ਬਾਵਜੂਦ ਭਾਰਤ-ਰੂਸ-ਚੀਨ ਨੂੰ ਇਕ ਤ੍ਰਿਮੂਰਤੀ ਦੇ ਰੂਪ ਵਿੱਚ ਕੰਮ ਕਰਨ ਲਈ ਇਕਜੁੱਟ ਕਰਨ ਵਿੱਚ ਵੀ ਦਿਲਚਸਪੀ ਰੱਖਦੇ ਹਨ। ਦਰਅਸਲ ਭਾਰਤ-ਰੂਸ ਸਹਿਯੋਗ ’ਤੇ ਅਧਿਕਾਰਤ ਪੱਧਰ ਦੇ ਚਰਚਿਆਂ ਵਿੱਚ ਪ੍ਰਸ਼ਾਂਤ ਖੇਤਰ ਵਿਸ਼ੇਸ਼ ਰੂਪ ਵਿੱਚ ਉੱਤਰੀ ਸਮੁੰਦਰੀ ਮਾਰਗ ਸ਼ਾਮਿਲ ਹੈ, ਜਿੱਥੇ ਰੂਸੀ ਵਿਗਿਆਨਕ ਪਹਿਲਾਂ ਹੀ ਸਰਗਰਮ ਹਨ। ਕੁਝ ਪ੍ਰਮੁੱਖ ਖੇਤਰਾਂ ਵਿੱਚ ਰੂਸ ਤੋਂ ਹੋਰ ਜ਼ਿਆਦਾ ਨਿਵੇਸ਼ ਕਰਨ ਦੇ ਲਈ ਗੱਲਬਾਤ ਹੋਵੇਗੀ। ਭਾਵੇਂ ਦੁਪਾਸੜ ਵਪਾਰ ਵਧਿਆ ਹੈ, ਪਰ ਨਿਵੇਸ਼ ਸਥਿਰ ਹੈ। ਰੂਸ ਇਸ ਖੇਤਰ ਵਿੱਚ ਕੁਝ ਕਾਮਯਾਬੀ ਹਾਸਲ ਕਰਨਾ ਚਾਹੁੰਦਾ ਹੈ। ਪੁਤਿਨ ਤੇ ਭਾਰਤੀ ਪ੍ਰਧਾਨ ਮੰਤਰੀ ਮੋਦੀ ਵਿਚਾਲੇ ਦਸੰਬਰ ਵਿੱਚ ਹੋਣ ਵਾਲੀ ਇਸ ਵਾਰਤਾ ਦੇ ਦੌਰਾਨ ਸੰਯੁਕਤ ਨਿਵੇਸ਼ ਪ੍ਰੋਗਰਾਮਾਂ ਦੀਆਂ ਸੰਭਾਵਨਾਵਾਂ ’ਤੇ ਦੋਵੇਂ ਦੇਸ਼ ਨਵੇਂ ਸਿਰੇ ਤੋਂ ਵਿਚਾਰ ਕਰ ਸਕਦੇ ਹਨ। ਭਾਵੇਂ ਭਾਰਤ-ਰੂਸ ਵਾਰਤਾ ਦਾ ਮੁੱਖ ਮੁੱਦਾ ਕੱਚੇ ਤੇਲ ਦੀ ਸਪਲਾਈ ਸਮੇਤ ਊਰਜਾ ਖੇਤਰ ਵਿੱਚ ਸਹਿਯੋਗ ਹੈ। ਟਰੰਪ ਦੀਆਂ ਧਮਕੀਆਂ ਦੇ ਚਲਦਿਆਂ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਇਸ ਮਹੱਤਵਪੂਰਨ ਖੇਤਰ ਨੂੰ ਲੈ ਕੇ ਬੱਝੇ ਹੋਏ ਹਨ। ਰਾਸ਼ਟਰਪਤੀ ਪੁਤਿਨ ਵੀ ਟਰੰਪ ਦੀ ਟਿੱਪਣੀ ਬਾਅਦ ਨਵੇਂ ਘਟਨਾਕ੍ਰਮਾਂ ’ਤੇ ਨਜ਼ਰ ਰੱਖ ਰਹੇ ਹਨ। ਅਗਲੇ ਕੁਝ ਹਫ਼ਤਿਆਂ ਦੌਰਾਨ ਪਤਾ ਲੱਗ ਸਕੇਗਾ ਕਿ ਪ੍ਰਧਾਨ ਮੰਤਰੀ ਮੋਦੀ ਰੂਸ ਤੋਂ ਤੇਲ ਦੀ ਭਾਰਤੀ ਦਰਾਮਦ ਨਾਲ ਨਜਿੱਠਣ ਲਈ ਕੀ ਕਦਮ ਉਠਾਉਂਦੇ ਹਨ ਅਤੇ ਅਗਲੀ ਭਾਰਤ-ਅਮਰੀਕਾ ਵਪਾਰ ਵਾਰਤਾ ਦੇ ਦੌਰਾਨ ਭਾਰਤੀ ਵਫ਼ਦ ਨੂੰ ਕੀ ਨਿਰਦੇਸ਼ ਦਿੱਤੇ ਜਾਂਦੇ ਹਨ? ਇਸ ਸੰਬੰਧੀ ਬਹੁਤ ਕੁਝ ਰੂਸੀ ਤੇ ਅਮਰੀਕੀ ਦੋਹਾਂ ਨੇਤਾਵਾਂ ਦੇ ਨਾਲ ਗੱਲਬਾਤ ਵਿੱਚ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਮੁਹਾਰਤ ’ਤੇ ਨਿਰਭਰ ਕਰੇਗਾ।

# ਸਮਾਜ ਵਿੱਚ ਕਮਜ਼ੋਰ ਕਿਉਂ ਨਹੀਂ ਹੋ ਰਿਹਾ ਜਾਤੀਵਾਦ ?



ਯੋਗੇਂਦਰ ਯਾਦਵ
ਰਾਸ਼ਟਰੀ ਕਨਵੀਨਰ 'ਭਾਰਤ ਜੋੜੋ' ਅਭਿਆਨ

ਹਾਲ ਹੀ 'ਚ ਵਾਪਰੀਆਂ ਤਿੰਨ ਘਟਨਾਵਾਂ ਨੇ ਮੈਨੂੰ ਲਗਭਗ 25 ਸਾਲ ਪਹਿਲਾਂ ਸੁਣੀ ਇੱਕ ਗੁੜ-ਚਨੇ ਦੀ ਕਹਾਣੀ ਦੀ ਯਾਦ ਦਿਵਾ ਦਿੱਤੀ ਹੈ। ਮੈਂ ਇੱਕ ਹੁਸ਼ਿਆਰ ਤੇ ਸਪੱਸ਼ਟਵਾਦੀ ਦਲਿਤ ਵਿਦਿਆਰਥੀ ਨੂੰ ਜਾਣਦਾ ਹਾਂ, ਜੋ ਇੱਕ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਇੱਕ ਅਧਿਕਾਰੀ ਬਣਿਆ ਸੀ। ਜਦੋਂ ਮੈਂ ਉਸ ਨੂੰ ਦੁਬਾਰਾ ਮਿਲਿਆ ਤਾਂ ਉਸ ਦਾ ਵਿਆਹ ਇੱਕ ਅਮੀਰ ਪਰਿਵਾਰ 'ਚ ਹੋ ਚੁੱਕਾ ਸੀ ਅਤੇ ਉਸ ਦੀ ਪਤਨੀ 'ਐੱਸ.ਸੀ.' ਦਾ ਟੈਗ ਹਟਾ ਕੇ ਅਧਿਕਾਰੀਆਂ ਦੇ 'ਜਨਰਲ' ਸਮਾਜ ਵਿੱਚ ਰਲਣ ਲਈ ਉਤਸੁਕ ਸੀ, ਸ਼ਾਇਦ ਉਹ ਵੀ ਅਜਿਹਾ ਹੀ ਚਾਹੁੰਦਾ ਸੀ। ਇਸ ਤੋਂ ਪਹਿਲਾਂ ਕਿ ਮੈਂ ਉਸ ਦੇ ਇਸ ਪਾਣ-ਚੜ੍ਹੇ ਸੁਭਾਅ 'ਤੇ ਕੋਈ ਟਿੱਪਣੀ ਕਰਦਾ, ਉਸ ਨੇ ਝਿਜਕਦਿਆਂ ਕਿਹਾ 'ਅਡਜਸਟਮੈਂਟ ਕਰ ਲਿਆ ਹੈ, ਸਰ'। ਮੈਂ ਇਸ ਭਾਰਤੀ ਪ੍ਰਗਟਾਵੇ ਦੀ ਲਚਕਤਾ 'ਤੇ ਹੈਰਾਨ ਰਹਿ ਗਿਆ, ਜਿਸ ਵਿੱਚ ਹਾਲਾਤ ਦੀ ਅਨੁਕੂਲਤਾ ਤੋਂ ਲੈ ਕੇ ਆਤਮਸਾਤ ਕਰਨ ਤੇ ਸਮਰਪਣ ਤੱਕ ਸਭ ਕੁਝ ਸ਼ਾਮਿਲ ਸੀ। ਇਸ ਤੋਂ ਕੁਝ ਸਾਲਾਂ ਬਾਅਦ ਜਦੋਂ ਮੈਂ ਉਸ ਨੂੰ ਮਿਲਣ ਗਿਆ ਤਾਂ ਉਨ੍ਹਾਂ ਦੇ ਡਰਾਇੰਗ ਰੂਮ ਵਿੱਚ ਅੰਬੇਡਕਰ ਦੀ ਤਸਵੀਰ ਦੇਖ ਕੇ ਹੈਰਾਨ ਰਹਿ ਗਿਆ। ਉਸ ਨੇ ਮੇਰੀਆਂ ਅੱਖਾਂ ਵਿੱਚ ਸਵਾਲ ਦੇਖ ਕੇ ਮੇਰੇ ਪੁੱਛਣ ਤੋਂ ਪਹਿਲਾਂ ਹੀ ਇੱਕ ਕਹਾਣੀ ਸੁਣਾ ਦਿੱਤੀ, ਜਿਸ ਦਿਨ ਉਨ੍ਹਾਂ ਦੇ ਜੇਠੇ ਪੁੱਤਰ ਨੇ ਤੁਰਨਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਰਿਵਾਜ ਅਨੁਸਾਰ ਅਫ਼ਸਰਾਂ ਦੀ ਕਾਲੋਨੀ ਵਿੱਚ ਆਪਣੇ ਗੁਆਂਢੀਆਂ ਨਾਲ ਗੁੜ-ਚਨੇ ਵੰਡ ਕੇ ਆਪਣੀ ਖੁਸ਼ੀ ਸਾਂਝੀ ਕੀਤੀ। ਪਰ ਇਸ ਜੋੜੇ ਨੇ ਸ਼ਾਮ ਨੂੰ ਸੈਰ ਕਰਦੇ ਸਮੇਂ ਦੇਖਿਆ ਕਿ ਕਈ ਗੁਆਂਢੀਆਂ ਨੇ ਉਨ੍ਹਾਂ ਦੁਆਰਾ ਵੰਡੇ ਗੁੜ-ਚਨੇ ਨੂੰ ਆਪਣੇ ਘਰਾਂ ਦੇ ਬਾਹਰ ਕੂੜੇ ਦੇ ਢੇਰ ਵਿੱਚ ਸੁੱਟਿਆ ਹੋਇਆ ਸੀ। ਉਨ੍ਹਾਂ ਨੂੰ ਇੱਕ ਪਲ ਵਿੱਚ ਸਮਾਜ ਦੀ ਸੱਚਾਈ ਦਾ ਪਤਾ ਲੱਗ ਗਿਆ ਕਿ ਇਹ ਜਾਤ ਹੈ, ਜੋ ਕਿ ਜਾਂਦੀ ਨਹੀਂ। ਜੋ ਟੈਗ ਉਹ ਹਟਾਉਣਾ ਚਾਹੁੰਦੇ ਸਨ, ਉਸ ਨੇ ਉਨ੍ਹਾਂ ਦਾ ਪਿੱਛਾ ਨਾ ਛੱਡਿਆ ਤਾਂ ਉਨ੍ਹਾਂ ਨੇ ਵੀ ਉਸ ਨੂੰ ਅਪਣਾ ਲਿਆ।

ਮੈਂ ਤਿੰਨ ਸਧਾਰਨ ਨੁਕਤੇ ਸਮਝਾਉਣ ਲਈ ਇਹ ਕਹਾਣੀ ਕਈ ਵਾਰ ਸੁਣਾਈ ਹੈ। ਪਹਿਲੀ ਜਾਤ ਸਾਡਾ ਅਤੀਤ ਨਹੀਂ ਹੈ; ਇਹ ਸਾਡੇ ਵਰਤਮਾਨ ਦੀ ਹਕੀਕਤ ਹੈ ਅਤੇ ਇਸ ਦੇ ਸਾਡੇ ਭਵਿੱਖ ਦਾ ਹਿੱਸਾ ਬਣੇ ਰਹਿਣ ਦਾ ਵੀ ਖ਼ਦਸ਼ਾ ਹੈ। ਦੂਜਾ ਇਹ ਪਿਛੜਾਪਣ ਸਿਰਫ਼ ਪੇਂਡੂ ਜਾਂ ਰਵਾਇਤੀ ਇਲਾਕਿਆਂ ਤੱਕ ਸੀਮਿਤ ਨਹੀਂ ਹੈ; ਸਗੋਂ ਸਾਡੇ ਸਮਾਜ ਦੇ ਆਧੁਨਿਕ ਤਬਕਿਆਂ ਵਿਚ ਵੀ ਜਾਤ ਨਵੇਂ ਮਖੌਟੇ ਪਹਿਨਦੀ ਹੈ। ਜਾਤ-ਅਧਾਰਿਤ ਜ਼ੁਲਮ ਤੇ ਬੇਇਨਸਾਫ਼ੀ ਸਪੱਸ਼ਟ ਰੂਪ ਵਿੱਚ ਪ੍ਰਗਟ ਨਹੀਂ ਹੁੰਦੀ, ਸਗੋਂ ਪਰਤਾਂ ਵਿੱਚ ਲਪੇਟੀ ਹੁੰਦੀ ਹੈ। ਤੀਜਾ ਜਾਤ ਚਿੰਬੜਵਾਂ ਭੈੜ ਹੈ; ਜਿਸ ਦੇ ਪ੍ਰਭਾਵ ਖ਼ਤਮ ਕਰਨੇ ਸੌਖੇ ਨਹੀਂ ਅਤੇ ਜਾਤੀਗਤ ਅਸਮਾਨਤਾਵਾਂ ਦਾ ਮੁਕਾਬਲਾ ਕਰਨ ਲਈ ਸਿੱਖਿਆ ਤੇ ਨੌਕਰੀਆਂ ਜ਼ਰੂਰੀ ਹਨ, ਪਰ ਇਹ ਵੀ ਕਾਫ਼ੀ ਨਹੀਂ ਹਨ। ਪਿਛਲੇ ਹਫ਼ਤੇ ਤਿੰਨ ਘਟਨਾਵਾਂ ਵਾਪਰਨ ਤੋਂ ਬਾਅਦ ਇਹ ਤਿੰਨੋਂ ਸਬਕ ਮੈਨੂੰ ਮੁੜ ਯਾਦ ਆ ਗਏ- ਰਾਏਬਰੇਲੀ ਵਿਚ ਹਰੀਓਮ ਵਾਲਮੀਕਿ ਦੀ 'ਲਿੰਚਿੰਗ', ਚੰਡੀਗੜ੍ਹ ਵਿੱਚ ਆਈ.ਪੀ.ਐੱਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ ਅਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬੀ. ਆਰ. ਗਵੱਈ ਦੀ ਅਦਾਲਤ ਵਿਚ ਉਨ੍ਹਾਂ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕਰਨਾ।

ਇਹ ਤਿੰਨੋਂ ਘਟਨਾਵਾਂ ਵੱਖ-ਵੱਖ ਹੈਸੀਅਤ ਵਾਲੇ 3 ਵਿਅਕਤੀਆਂ ਦੇ ਵਿਰੁੱਧ ਸਨ, ਜਿਨ੍ਹਾਂ ਨੂੰ ਜੋੜਨ ਵਾਲਾ ਕੋਈ ਕਾਰਨ ਨਹੀਂ ਸਿਵਾਏ ਇਸ ਦੇ ਕਿ ਉਹ ਸਾਰੇ ਦਲਿਤ ਸਨ। ਮੀਡੀਆ ਰਿਪੋਰਟਾਂ ਅਨੁਸਾਰ ਹਰੀਓਮ ਨੂੰ ਕੁੱਟ-ਕੁੱਟ ਕੇ ਮਾਰਨ (ਲਿੰਚਿੰਗ) ਦੀ ਘਟਨਾ ਇਸ ਲਈ ਨਹੀਂ ਵਾਪਰੀ ਕਿ ਉਹ ਇੱਕ ਦਲਿਤ ਸੀ, ਸਗੋਂ ਇਸ ਲਈ ਵਾਪਰੀ ਕਿ ਉਹ ਭੀੜ ਨੂੰ ਸਹੀ ਜਵਾਬ ਨਹੀਂ ਦੇ ਸਕਿਆ, ਕਿਉਂਕਿ ਭੀੜ ਨੂੰ ਉਸ 'ਤੇ ਚੋਰ ਹੋਣ ਦਾ ਸ਼ੱਕ ਸੀ। ਮੰਨਿਆ ਜਾਂਦਾ ਹੈ ਕਿ ਜਸਟਿਸ ਗਵੱਈ 'ਤੇ ਹਮਲਾ ਕਰਨ ਦੀ ਕੋਸ਼ਿਸ਼ ਉਸ ਦੀ ਜਾਤ ਕਰਕੇ ਨਹੀਂ, ਸਗੋਂ ਹਿੰਦੂ ਧਰਮ ਪ੍ਰਤੀ ਉਨ੍ਹਾਂ ਦੀ ਕਥਿਤ ਅਪਮਾਨਜਨਕ ਟਿੱਪਣੀ ਕਰਕੇ ਹੋਈ ਹੈ, ਜਦਕਿ ਨੌਕਰਸ਼ਾਹੀ ਘੁਸਰ-ਮੁਸਰ ਦੇ ਅਨੁਸਾਰ ਪੂਰਨ ਕੁਮਾਰ ਆਪਣੇ ਖੁਦਕੁਸ਼ੀ ਨੋਟ ਵਿੱਚ ਜ਼ਿਕਰ ਕੀਤੇ ਜਾਤੀ-ਆਧਾਰਿਤ ਵਿਤਕਰੇ ਨਾਲੋਂ ਜ਼ਿਆਦਾ ਦਫ਼ਤਰ ਦੀ ਅੰਦਰੂਨੀ ਸ਼ਰੀਕੇਬਾਜ਼ੀ ਦਾ ਸ਼ਿਕਾਰ ਹੋਇਆ ਹੈ। ਹੁਣ ਸਾਨੂੰ ਇਸ ਭਰਮਪਾਊ ਪਰਤ ਨੂੰ ਇੱਕ ਉਲਟ ਸਵਾਲ ਪੁੱਛ ਕੇ ਦੂਰ ਕਰ ਦੇਣਾ ਚਾਹੀਦਾ ਹੈ: ਕੀ ਹੁੰਦਾ ਜੇਕਰ ਸਾਰੇ ਪੀੜਤ ਵਿਅਕਤੀ ਦਲਿਤ ਨਾ ਹੁੰਦੇ ? ਕੀ ਤਾਂ ਵੀ ਉਨ੍ਹਾਂ ਦਾ ਇਹੀ ਹਾਲ ਹੁੰਦਾ ? ਕੀ ਹੁੰਦਾ ਜੇਕਰ ਭੀੜ ਵਿੱਚ ਘਿਰਿਆ ਹੋਇਆ ਹਰੀਓਮ ਜਿਸ 'ਤੇ ਚੋਰ ਹੋਣ ਦਾ ਸ਼ੱਕ ਸੀ, ਉਹ ਕਹਿ ਦਿੰਦਾ ਕਿ ਉਹ ਠਾਕੁਰ ਹੈ ? ਹੋ ਸਕਦਾ ਹੈ ਕਿ ਉਹ ਫਿਰ ਵੀ ਅਪਮਾਨ ਤੇ ਕੁੱਟਮਾਰ ਤੋਂ ਨਾ ਬਚ ਸਕਦਾ, ਪਰ ਕੀ ਉਸ ਨੂੰ ਫਿਰ ਵੀ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਅਤੇ ਕੋਈ ਵੀ ਉਸ ਦੇ ਬਚਾਅ ਲਈ ਨਾ ਆਉਂਦਾ ?ਕੀ ਉਸ ਦੀ ਲਾਸ਼ ਨੂੰ ਇਸੇ ਤਰ੍ਹਾਂ ਸੜਨ ਲਈ ਛੱਡ ਦਿੱਤਾ ਜਾਂਦਾ ? ਕੀ ਪੁਲਿਸ ਤੇ ਪ੍ਰਸ਼ਾਸਨ ਕਾਰਵਾਈ ਕਰਨ ਵਿਚ ਇੰਨੀ ਹੀ ਦੇਰੀ ਕਰਦੇ ? ਹਰੀਓਮ ਦਾ ਇਹ ਹਾਲ ਇੱਕ ਅਪਰਾਧੀ ਹੋਣ ਦੇ ਸ਼ੱਕ ਜਾਂ ਉਸ ਦੇ ਮਾਨਸਿਕ ਹਾਲਤ ਕਰਕੇ ਨਹੀਂ, ਸਗੋਂ ਉਸ ਦੇ ਇਕ ਵਾਲਮੀਕਿ ਹੋਣ ਕਰਕੇ ਹੋਇਆ ਹੈ।

ਜੋ ਕੁਝ ਚੀਫ਼ ਜਸਟਿਸ ਗਵੱਈ ਦੀ ਅਦਾਲਤ ਵਿੱਚ ਹੋਇਆ ਹੁਣ ਉਸ ਮਾਮਲੇ ਨੂੰ ਲੈ ਲਓ, ਤੁਸੀਂ ਜੱਜ ਦੇ ਸਮਾਜਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਕਿਸੇ ਪਾਗਲ ਵਿਅਕਤੀ ਦੁਆਰਾ ਕਿਸੇ ਵੀ ਅਦਾਲਤ ਵਿੱਚ ਅਜਿਹਾ ਕੁਝ ਕਰਨ ਤੋਂ ਇਨਕਾਰ ਨਹੀਂ ਕਰ ਸਕਦੇ। ਪਰ ਕੀ ਇੱਕ 'ਸੰਤੁਲਿਤ' ਵਕੀਲ ਦੇਸ਼ ਦੇ ਮੁੱਖ ਜੱਜ ਦੀ ਅਦਾਲਤ ਵਿੱਚ ਅਜਿਹਾ ਕਰਦਾ, ਜੇਕਰ ਉਸ ਦੀਆਂ ਨਜ਼ਰਾਂ ਵਿੱਚ ਜਾਤ ਬਾਰੇ ਅਜਿਹਾ ਕੁਝ ਨਾ ਹੁੰਦਾ, ਤਾਂ ਕੀ ਉਨ੍ਹਾਂ ਦੇ ਅਹੁਦੇ ਦੇ ਰੁਤਬੇ ਨੂੰ ਘਟਾਉਂਦਾ ? ਕੀ ਉਸ ਲਈ 'ਸਨਾਤਨ' ਦਾ ਅਪਮਾਨ ਸਿਰਫ਼ ਧਾਰਮਿਕ ਪਰੰਪਰਾ ਤੱਕ ਹੀ ਸੀਮਤ ਸੀ ? ਕੀ ਉਸ ਦੇ ਕਹਿਣ ਅਨੁਸਾਰ ਜਾਤੀਗਤ ਹਿੰਦੂ ਸਰਬਉੱਚਤਾ ਹੀ ਸਭ ਕੁਝ ਸੀ ? ਦੂਜੇ ਸ਼ਬਦਾਂ ਵਿੱਚ ਕੀ ਉਹ ਸਿਰਫ਼ ਕਹੀ ਗਈ ਉਸ ਗੱਲ 'ਤੇ ਹੀ ਨਹੀਂ, ਸਗੋਂ ਇਹ ਕਹਿਣ ਵਾਲੇ 'ਤੇ ਵੀ ਪ੍ਰਤੀਕਿਰਿਆ ਦੇ ਰਿਹਾ ਸੀ ? ਐਨ ਸੁਕੁਮਾਰ ਇਸ ਨੂੰ 'ਨਫ਼ਰਤ ਦੇ ਜਾਤੀਵਾਦੀ ਪ੍ਰਗਟਾਵੇ' ਵਜੋਂ ਦਰਸਾਉਂਦਾ ਹੈ, ਜੋ ਸਾਡੇ ਸਮਿਆਂ ਵਿੱਚ ਆਮ ਹੋ ਚੁੱਕਾ ਹੈ। ਕੀ ਹੁੰਦਾ ਜੇਕਰ ਇਸੇ ਤਰ੍ਹਾਂ ਦੀ ਘਟਨਾ ਪਹਿਲਾਂ ਵਾਲੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਦਾਲਤ ਵਿੱਚ ਵਾਪਰੀ ਹੁੰਦੀ ਅਤੇ ਅਪਰਾਧੀ ਕੋਈ ਮੁਸਲਮਾਨ ਹੁੰਦਾ ? ਕੀ ਤਾਂ ਵੀ ਪੂਰਾ ਦੇਸ਼ ਇਸੇ ਤਰ੍ਹਾਂ ਸ਼ਾਂਤੀ ਨਾਲ ਪ੍ਰਤੀਕਿਰਿਆ ਦਿੰਦਾ, ਜਿਵੇਂ ਹੁਣ ਇਸ ਮਾਮਲੇ ਵਿੱਚ ਹੋਇਆ ਹੈ ? ਕੀ ਗ੍ਰਹਿ ਮੰਤਰਾਲਾ ਅਤੇ ਰਾਸ਼ਟਰੀ ਸੁਰੱਖਿਆ ਸੰਸਥਾਨ ਵੀ ਇਸੇ ਤਰ੍ਹਾਂ ਜਵਾਬ ਦਿੰਦੇ, ਜਿਸ ਤਰ੍ਹਾਂ ਉਨ੍ਹਾਂ ਹੁਣ ਕੀਤਾ ਹੈ ? ਕੀ ਟੀ.ਵੀ. ਚੈਨਲ ਇਸ ਨੂੰ ਕਈ ਦਿਨਾਂ ਤੱਕ ਨਾ ਦਿਖਾਉਂਦੇ ? ਕੀ ਅਸੀਂ ਅਪਰਾਧੀ ਨੂੰ ਕਈ ਹਲਕੇ ਪੱਧਰ ਦੇ ਇੰਟਰਵਿਊਆਂ ਦੇ ਨਾਲ ਬਚਾਅ ਕਰਦਾ ਹੋਇਆ ਦੇਖਦੇ ? ਕੀ ਅਸੀਂ ਅਪਰਾਧੀ ਦਾ ਸਮਰਥਨ ਅਤੇ ਉਸਤਤ ਕਰਨ ਲਈ ਸੋਸ਼ਲ-ਮੀਡੀਆ ਮੁਹਿੰਮਾਂ ਦੀ ਕਲਪਨਾ ਕਰਦੇ, ਜਿਵੇਂ ਕਿ ਇਸ ਮਾਮਲੇ ਵਿਚ ਹੋਇਆ ਹੈ ? ਜਸਟਿਸ ਗਵੱਈ ਸੰਵਿਧਾਨਕ ਵਿਵਸਥਾ 'ਚ ਸਭ ਤੋਂ ਉੱਚੇ ਨਿਆਂਇਕ ਅਹੁਦੇ 'ਤੇ ਬਿਰਾਜਮਾਨ ਹੋ ਸਕਦੇ ਹਨ, ਪਰ ਇਸ ਨਾਲ ਵੀ ਉਨ੍ਹਾਂ ਦੀ ਸਮਾਜਿਕ ਸਥਿਤੀ ਵਿੱਚ ਕੋਈ ਫਰਕ ਨਹੀਂ ਪਵੇਗਾ। ਅੰਤ ਵਿੱਚ ਕੀ ਹੁੰਦਾ ਜੇਕਰ ਪੂਰਨ ਕੁਮਾਰ ਦਲਿਤ ਨਾ ਹੁੰਦਾ ? ਅਫ਼ਸਰਾਂ ਵਿੱਚ ਸ਼ਰੀਕੇਬਾਜ਼ੀ ਅਤੇ ਅਸੁਵਿਧਾਜਨਕ ਆਵਾਜ਼ਾਂ ਦਾ ਅੱਤਿਆਚਾਰ ਬਾਬੂਆਂ ਦੀ ਦੁਨੀਆ ਵਿੱਚ ਕੋਈ ਨਵੀਂ ਗੱਲ ਨਹੀਂ ਹੈ। ਪਰ ਕੁਮਾਰ ਦਾ ਅੰਤਿਮ ਨੋਟ ਇਕ ਤੋਂ ਬਾਅਦ ਇੱਕ ਸੀਨੀਅਰਾਂ ਦੁਆਰਾ ਉਸ ਨੂੰ ਲਗਾਤਾਰ ਹਾਸ਼ੀਏ 'ਤੇ ਧੱਕਣ ਦੀ ਕਹਾਣੀ ਬਿਆਨ ਕਰਦਾ ਹੈ। ਜੇਕਰ ਉਹ ਆਪਣੇ ਹੀ ਭਾਈਚਾਰੇ ਦੇ ਅਫ਼ਸਰਾਂ ਦੇ ਸੋਸ਼ਲ ਨੈੱਟਵਰਕ ਨਾਲ ਘਿਰਿਆ ਹੁੰਦਾ ਤਾਂ ਕੀ ਉਸ ਨੂੰ ਇਸ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ? ਉਸ ਨੇ ਖੁਦ ਆਪਣੇ ਨਾਲ ਹੋਏ ਅੱਤਿਆਚਾਰ ਦਾ ਮੂਲ ਕਾਰਨ ਜਾਤੀ ਵਿਤਕਰੇ ਨੂੰ ਦੱਸਿਆ ਹੈ। ਹਾਲਾਂਕਿ ਇਸ ਘਟਨਾ 'ਤੇ ਵਿਆਪਕ ਚਿੰਤਾ ਪ੍ਰਗਟਾਉਂਦਿਆਂ ਆਈ.ਏ.ਐੱਸ. ਐਸੋਸੀਏਸ਼ਨ ਨੇ ਸਮਰਥਨ ਪੱਤਰ ਅਤੇ ਆਈ.ਪੀ.ਐੱਸ ਭਾਈਚਾਰੇ ਦਾ ਰਸਮੀ ਪੱਤਰ ਭੇਜਿਆ ਹੈ, ਪਰ ਇਨ੍ਹਾਂ ਵਿੱਚ ਘਟਨਾ ਦੇ ਜਾਤੀਗਤ ਪਹਿਲੂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ ਅਤੇ ਨਾ ਹੀ ਇਸ 'ਤੇ ਕੋਈ ਚਰਚਾ ਹੋਈ ਹੈ। ਜਿਵੇਂ ਕਿ ਸੁਮੀਤ ਮਹਾਸਕਰ ਅਤੇ ਪ੍ਰਬੋਧਨ ਪੋਲ ਨੇ ਅਖਬਾਰ ਵਿੱਚ ਦੱਸਿਆ ਹੈ ਕਿ ਇਹ ਘਟਨਾ ਇੱਕ ਵਾਰ ਫਿਰ ਸਾਬਤ ਕਰਦੀ ਹੈ ਕਿ 'ਜਾਤੀ ਰਹਿਤ ਨੌਕਰਸ਼ਾਹ ਸਿਰਫ਼ ਇੱਕ ਮਿੱਥ ਹੈ'।

ਜੋ ਗੁੜ-ਚਨਾ ਵਾਲੀ ਕਹਾਣੀ ਦੱਸੀ ਹੈ, ਉਸ ਦੇ ਨਤੀਜੇ ਵਜੋਂ ਬਾਬਾ ਸਾਹਿਬ ਦੀ ਤਸਵੀਰ ਸਥਾਪਤ ਹੋਈ ਹੈ। ਕੀ ਇਹ ਤਿੰਨੋਂ ਕਹਾਣੀਆਂ ਬਾਬਾ ਸਾਹਿਬ ਦੇ ਜਾਤੀ ਦੇ ਖ਼ਾਤਮੇ ਦੇ ਸੰਕਲਪ ਨੂੰ ਦੁਬਾਰਾ ਸਥਾਪਿਤ ਕਰਨਗੀਆਂ ?

# ਕਿਸਾਨਾਂ ਨੂੰ ਯੋਗ ਅਗਵਾਈ ਤੇ ਸਿਖਲਾਈ ਦੇਵੇ ਸਰਕਾਰ

ਭਗਵਾਨ ਦਾਸ

ਖੇਤੀਬਾੜੀ ਰੁਜ਼ਗਾਰ ਦਾ ਸਭ ਤੋਂ ਵੱਡਾ ਸਾਧਨ ਹੈ। ਸਿੱਧੇ ਤੇ ਅਸਿੱਧੇ ਢੰਗ ਨਾਲ 70 ਫ਼ੀਸਦੀ ਆਬਾਦੀ ਨੂੰ ਖੇਤੀ ਰੁਜ਼ਗਾਰ ਮੁਹੱਈਆ ਕਰਦੀ ਹੈ। ਆਮਦਨ ਵਧਾਉਣ ਲਈ ਖੇਤੀਬਾੜੀ ਕਿੱਤਿਆਂ 'ਚ ਆਮਦਨੀ ਵਧਾਉਣੀ ਪਵੇਗੀ। ਪੰਜਾਬ ਦੀ ਆਰਥਿਕਤਾ ਦਾ ਆਧਾਰ ਤਾਂ ਹੈ ਹੀ ਖੇਤੀ ਤੇ ਜਿਣਸਾਂ ਦਾ ਮੰਡੀਕਰਨ। ਜਿਣਸਾਂ ਦੀਆਂ ਕੀਮਤਾਂ ਤੇ ਫ਼ਸਲਾਂ ਦੀ ਉਤਪਾਦਕਤਾ ਤੇ ਹਰੇ-ਭਰੇ ਖੇਤ ਹੀ ਇਸ ਦੀ ਆਰਥਿਕਤਾ ਦਾ ਧੁਰਾ ਹਨ। ਜੇ ਇਕ ਸਾਲ ਫ਼ਸਲਾਂ ਖ਼ਰਾਬ ਹੋ ਜਾਣ ਤਾਂ ਆਮ ਕਿਸਾਨਾਂ 'ਚ ਮੰਦਹਾਲੀ ਦਾ ਮਾਹੌਲ ਬਣ ਜਾਂਦਾ ਹੈ। ਇਸ ਸਾਲ ਤਾਂ ਭਾਰੀ ਮੀਹਾਂ, ਹੜ੍ਹਾਂ, ਚਾਈਨਾ ਵਾਇਰਸ (ਬੂਟਿਆਂ ਦੇ ਮਧਰੇਪਣ ਦੀ ਬਿਮਾਰੀ), ਝੁਲਸ ਰੋਗ ਤੇ ਹਲਦੀ ਰੋਗ ਨੇ ਖ਼ਰੀਫ਼ ਦੀ ਮੁੱਖ ਫ਼ਸਲ ਝੋਨੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਬਾਸਮਤੀ ਨੂੰ ਹੋਰ ਵੀ ਸੱਟ ਲੱਗੀ ਹੈ। ਇਸ ਦੀ ਗੁਣਵੱਤਾ ਖ਼ਰਾਬ ਹੋ ਗਈ ਹੈ, ਜਿਸ ਕਾਰਨ ਇਸ ਦਾ ਭਾਅ ਕਿਸਾਨਾਂ ਨੂੰ ਲਾਹੇਵੰਦ ਨਹੀਂ ਮਿਲ ਰਿਹਾ।

ਵਿਗਿਆਨੀਆਂ ਨੂੰ ਕਿਸਾਨਾਂ ਦੀ ਮਦਦ ਕਰਨ ਦੀ ਲੋੜ ਹੈ ਕਿ ਉਹ ਉਨ੍ਹਾਂ ਨੂੰ ਹਾੜ੍ਹੀ ਵਿਸ਼ੇਸ਼ ਕਰਕੇ ਕਣਕ ਜੋ ਸੀਜ਼ਨ ਦੀ ਮੁੱਖ ਫ਼ਸਲ ਹੈ, ਤੋਂ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਖੋਜ ਕਰ ਕੇ ਸੇਧ ਦੇਣ। ਉਨ੍ਹਾਂ ਨੂੰ ਸਹੀ ਤੌਰ 'ਤੇ ਦੱਸਣ ਕਿ ਬਿਜਾਈ ਲਈ ਕਿਸ ਸਮੇਂ ਕਿਹੜੀ ਕਿਸਮ ਲਗਾਉਣ ਤਾਂ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਝਾੜ ਦੀ ਪ੍ਰਾਪਤੀ ਹੋਵੇ ਅਤੇ ਮੁਨਾਫ਼ਾ ਮਿਲੇ। ਮੰਡੀ 'ਚ ਝੋਨੇ ਦੀ ਆਮਦ ਦਾ 185 ਲੱਖ ਟਨ ਅਨੁਮਾਨ ਲਗਾਇਆ ਜਾ ਰਿਹਾ ਸੀ, ਜਿਸ ਨੂੰ ਘਟਾ ਕੇ 170-175 ਲੱਖ ਟਨ ਕਰ ਦਿੱਤਾ ਗਿਆ। ਇਸ 'ਚੋਂ ਅਜੇ ਮਸ੍ਹਾਂ 25-30 ਫ਼ੀਸਦੀ ਝੋਨਾ ਹੀ ਮੰਡੀਆਂ 'ਚ ਵਿਕਣ ਲਈ ਆਇਆ ਹੈ। ਝੋਨੇ ਦੀ ਕਟਾਈ ਦੇਰੀ ਨਾਲ ਹੋਣ ਕਾਰਨ ਤੇ ਫ਼ਸਲ ਅਜੇ ਖੇਤਾਂ 'ਚ ਖੜ੍ਹੀ ਹੋਣ ਕਾਰਨ ਕਣਕ ਦੀ ਬਿਜਾਈ ਵੀ ਪਛੇਤੀ ਪੈ ਜਾਵੇਗੀ, ਜਿਸ ਕਾਰਨ ਉਤਪਾਦਕਤਾ ਘਟੇਗੀ। ਵਿਗਿਆਨੀਆਂ ਨੂੰ ਇਸ ਲਈ ਵੀ ਲੋੜੀਂਦੀ ਜਾਣਕਾਰੀ ਕਿਸਾਨਾਂ ਨੂੰ ਦੇਣ ਦੀ ਲੋੜ ਹੈ।



ਖੋਜ ਲਈ ਝੋਨੇ ਤੇ ਕਣਕ ਤੋਂ ਇਲਾਵਾ ਤੇਲ ਬੀਜਾਂ, ਦਾਲਾਂ ਆਦਿ ਦੇ ਖੇਤਰਾਂ ਨੂੰ ਮਜ਼ਬੂਤ ਕੀਤੇ ਜਾਣ ਦੀ ਲੋੜ ਤਾਂ ਹੈ ਹੀ, ਪਰ ਇਸ ਸਾਲ ਵਿਗਿਆਨੀਆਂ ਨੂੰ ਕਣਕ ਦੀ ਕਾਸ਼ਤ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਜਿੱਥੋਂ ਤੱਕ ਹੋ ਸਕੇ ਦੇਰੀ ਨਾਲ ਬਿਜਾਈ ਹੋਣ ਕਾਰਨ ਜਾਂ ਜ਼ਮੀਨ ਦੀ ਉਪਜਾਊ ਸ਼ਕਤੀ ਗਾਰ ਆਦਿ ਵਿੱਛਣ ਦੀ ਵਜ੍ਹਾ ਨਾਲ ਘਟਣ ਸਦਕਾ ਪ੍ਰਤੀ ਹੈਕਟੇਅਰ ਝਾੜ ਪ੍ਰਭਾਵਿਤ ਨਾ ਹੋਵੇ। ਜੋ ਕਿਸਾਨ ਹੁਣ ਝੋਨੇ ਦੀ ਕਟਾਈ ਤੋਂ ਬਾਅਦ ਕਣਕ ਬੀਜਣਗੇ, ਉਹ ਲੋੜ ਅਤੇ ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਤੋਂ ਪਰ੍ਹੇ ਜਾ ਕੇ ਕਣਕ ਲਈ ਯੂਰੀਆ ਤੇ ਡੀ.ਏ.ਪੀ ਪਾਈ ਜਾਣਗੇ। ਯੂਰੀਆ ਦੇ ਚਾਰ-ਚਾਰ, ਪੰਜ-ਪੰਜ ਥੈਲ੍ਹੇ ਪਾਈ ਜਾਂਦੇ ਹਨ, ਜਦਕਿ ਸਿਫ਼ਾਰਸ਼ ਦੋ ਥੈਲਿਆਂ ਤੋਂ ਥੋੜ੍ਹੀ ਜਿਹੀ ਮਿਕਦਾਰ ਵੱਧ ਦੀ ਕੀਤੀ ਗਈ ਹੈ। ਨਾਈਟਰੋਜਨ ਯੂਰੀਆ ਵੱਧ ਪਾਉਣ ਨਾਲ ਅਸਲ 'ਚ ਕਈ ਸਮੱਸਿਆਵਾਂ ਆਉਂਦੀਆਂ ਹਨ। ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਫ਼ਸਲ ਨੂੰ ਸਾਹਮਣਾ ਕਰਨਾ ਪੈਂਦਾ ਹੈ। ਕਿਸਾਨਾਂ ਨੂੰ ਨਦੀਨਨਾਸ਼ਕਾਂ ਅਤੇ ਕੀਟਨਾਸ਼ਕਾਂ ਦੇ ਵਧੇਰੇ ਸਪਰੇਅ ਕਰਨੇ ਪੈਂਦੇ ਹਨ, ਜਿਨ੍ਹਾਂ 'ਤੇ ਵਾਧੂ ਖ਼ਰਚ ਆਉਂਦਾ ਹੈ।

ਕਿਸਾਨਾਂ 'ਚ ਵਧੇਰੇ ਛੋਟੇ ਤੇ ਦਰਮਿਆਨੇ ਕਿਸਾਨ ਹਨ। ਇਨ੍ਹਾਂ ਦੀ ਆਮਦਨ ਵਧਾਉਣ ਲਈ ਮੰਡੀਕਰਨ 'ਚ ਵੀ ਸੁਧਾਰ ਲਿਆਉਣ ਦੀ ਲੋੜ ਹੈ। ਇੱਕ ਤਾਂ ਉਤਪਾਦਕਤਾ ਘਟੀ ਅਤੇ ਦੂਜੇ ਕਿਸਾਨਾਂ ਨੂੰ ਮੰਡੀਆਂ 'ਚ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਰਿਹਾ, ਜਿਸ ਨਾਲ ਉਨ੍ਹਾਂ ਦੀ ਹਾਲਤ ਹੋਰ ਪਤਲੀ ਹੁੰਦੀ ਜਾਂਦੀ ਹੈ। ਗ਼ੈਰ-ਖੇਤੀ ਖੇਤਰ ਵੀ ਕਿਸਾਨਾਂ ਦੀ ਆਮਦਨ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਆਮਦਨ ਦਾ ਫੈਲਾਅ ਖੇਤੀ ਅਤੇ ਗ਼ੈਰ-ਖੇਤੀ ਖੇਤਰ ਦੋਹਾਂ 'ਚ ਹੋਣਾ ਚਾਹੀਦਾ ਹੈ। ਗ਼ੈਰ-ਖੇਤੀ ਖੇਤਰ ਵਿੱਚ ਜੇ ਆਮਦਨ ਵਧੇਗੀ ਤਾਂ ਖੇਤੀ ਪਦਾਰਥਾਂ ਦੀ ਮੰਗ ਵਧੇਗੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਯੋਗ ਕੀਮਤ ਮਿਲੇਗੀ। ਰਹਿਣ-ਸਹਿਣ ਦਾ ਮਿਆਰ ਵਧਣ ਕਾਰਨ ਅਨਾਜ ਦੀ ਖਪਤ ਘਟ ਗਈ ਹੈ ਅਤੇ ਸਬਜ਼ੀਆਂ, ਫਲ਼ਾਂ, ਮੱਛੀ, ਅੰਡੇ ਅਤੇ ਡੇਅਰੀ ਪਦਾਰਥਾਂ ਦੀ ਮੰਗ ਵਧ ਗਈ ਹੈ। ਖੇਤੀ ਪਦਾਰਥਾਂ ਦੀ ਯੋਗ ਕੀਮਤ ਕਿਸਾਨਾਂ ਨੂੰ ਮਿਲੇ, ਇਸ ਲਈ ਪ੍ਰੋਸੈਸਿੰਗ ਸਹੂਲਤਾਂ ਦਾ ਵਿਕਾਸ ਵੀ ਹੋਣਾ ਜ਼ਰੂਰੀ ਹੈ। ਖੇਤੀ ਵਿਚ ਸਰਕਾਰੀ ਲਾਗਤ ਲੋੜੀਂਦੀ ਪੱਧਰ ਦੇ ਮੁਤਾਬਿਕ ਨਹੀਂ, ਇਸ ਲਈ ਨਿੱਜੀ ਖੇਤਰ 'ਚ ਲਾਗਤ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਨਿੱਜੀ ਖੇਤਰ ਵਿੱਚ ਲਾਗਤ ਤਾਂ ਹੀ ਵਧੇਗੀ, ਜੇ ਖੇਤੀ ਆਧਾਰਿਤ ਉਦਯੋਗਾਂ ਦੀਆਂ ਸਹੂਲਤਾਂ 'ਚ ਸੁਧਾਰ ਆਵੇਗਾ। ਅਨਾਜ ਦੀ ਪੈਦਾਵਾਰ ਲਗਭਗ ਹਰ ਮੁਲਕ ਵਿੱਚ ਵਧ ਰਹੀ ਹੈ। ਦਰਾਮਦ ਤੇ ਬਰਾਮਦ ਦਾ ਘੇਰਾ ਬੜਾ ਸੀਮਤ ਹੈ, ਕਿਉਂਕਿ ਦੂਜੇ ਦੇਸ਼ਾਂ ਦੇ ਉਤਪਾਦਨ ਤੇ ਉਤਪਾਦਕਤਾ ਵਿੱਚ ਵੀ ਇਜ਼ਾਫ਼ਾ ਹੋ ਰਿਹਾ ਹੈ। ਉਨ੍ਹਾਂ ਦੀ ਕਣਕ, ਝੋਨੇ ਦੀ ਅੰਤਰਰਾਸ਼ਟਰੀ ਕੀਮਤ ਘਰੇਲੂ ਐਮ.ਐੱਸ.ਪੀ. ਨਾਲੋਂ ਘੱਟ ਹੈ। ਬਾਸਮਤੀ ਦੀ ਬਰਾਮਦ ਵਧਾਉਣ ਦੀ ਕਾਫ਼ੀ ਗੁੰਜਾਇਸ਼ ਹੈ ਪਰ ਬਾਸਮਤੀ ਦੀ ਗੁਣਵੱਤਾ 'ਤੇ ਜ਼ੋਰ ਦੇਣਾ ਜ਼ਰੂਰੀ ਹੈ।

ਭੰਡਾਰ ਦੀਆਂ ਸਹੂਲਤਾਂ ਨਾ ਹੋਣ ਕਾਰਨ ਅਨਾਜ ਦਾ ਕਾਫ਼ੀ ਹਿੱਸਾ ਖ਼ਰਾਬ ਹੋ ਜਾਂਦਾ ਹੈ, ਜੋ ਯੋਗ ਪੌਂਦ ਸੁਰੱਖਿਆ ਨਾਲ ਹੀ ਬਚਾਇਆ ਜਾ ਸਕਦਾ ਹੈ। ਭਾਵੇਂ ਭਾਰਤ ਵਿਸ਼ਵ ਦਾ ਚੌਥਾ ਵੱਡਾ ਖੇਤੀ ਕੀਟਨਾਸ਼ਕਾਂ ਦਾ ਨਿਰਮਾਤਾ ਹੈ ਅਤੇ ਇਨ੍ਹਾਂ ਨੂੰ ਬਰਾਮਦ ਵੀ ਕਰਦਾ ਹੈ, ਪਰ ਕੀਟਨਾਸ਼ਕਾਂ ਦੀ ਵਰਤੋਂ ਇੱਥੇ ਦੂਜੇ ਮੁਲਕਾਂ ਦੇ ਮੁਕਾਬਲੇ ਸੂਝ-ਬੂਝ ਅਤੇ ਸਹੀ ਮਿਕਦਾਰ 'ਚ ਨਹੀਂ ਕੀਤੀ ਜਾਂਦੀ। ਇਸ ਲਈ ਕਿਸਾਨਾਂ ਨੂੰ ਯੋਗ ਅਗਵਾਈ ਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਖੇਤੀ ਪ੍ਰਸਾਰ ਸੇਵਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਆਪਣੀਆਂ ਸੇਵਾਵਾਂ ਨਿਪੁੰਨ ਬਣਾ ਕੇ ਇਨ੍ਹਾਂ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਕੀਟਨਾਸ਼ਕਾਂ ਦੀ ਵਰਤੋਂ ਸੰਬੰਧੀ ਸੋਚ ਵਿਚ ਸੁਧਾਰ ਲਿਆਉਣ ਦੀ ਲੋੜ ਹੈ। ਕਿਸਾਨਾਂ ਦੇ ਮਸਲੇ ਸਾਉਣੀ ਦੀ ਮੁੱਖ ਫ਼ਸਲ ਝੋਨਾ ਤੇ ਬਾਸਮਤੀ ਦੇ ਖ਼ਰਾਬੇ ਕਾਰਨ ਉਲਝਣ ਵਾਲੀ ਸਥਿਤੀ ਵਿੱਚ ਹਨ। ਇਨ੍ਹਾਂ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇ ਕੇ ਕਿਸਾਨਾਂ ਦੇ ਨੁਕਸਾਨ ਦੀ ਪੂਰਤੀ ਕਰਨੀ ਚਾਹੀਦੀ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਮਜ਼ਬੂਤ ਕਰ ਕੇ ਕਿਸਾਨਾਂ 'ਚ ਹਾੜ੍ਹੀ ਦੀਆਂ ਫ਼ਸਲਾਂ, ਵਿਸ਼ੇਸ਼ ਕਰਕੇ ਕਣਕ ਦੇ ਬਿਹਤਰ ਉਤਪਾਦਨ ਲਈ ਯੋਗ ਅਗਵਾਈ ਕਰਨ ਦੀ ਲੋੜ ਹੈ।

# ਸਿੱਖ, ਸਿੰਘ ਅਤੇ ਖ਼ਾਲਸੇ ਦੀ ਪਹਿਚਾਣ

**ਡੇਜੀ ਵਾਲੀਆ**

ਅੱਜ ਦੇ ਅਜੋਕੇ ਯੁੱਗ ਦੇ ਸਮੇਂ ਵਿੱਚ ਸਿੱਖ ਧਰਮ ਨੂੰ ਸਮਝਣ ਲਈ ਸਿੱਖ, ਸਿੰਘ ਅਤੇ ਖ਼ਾਲਸਾ ਸ਼ਬਦ ਦੇ ਅਰਥਾਂ ਨੂੰ ਸਮਝਣਾ ਬਹੁਤ ਜਰੂਰੀ ਹੈ ਕਿਉਂਕਿ ਦੇਸ਼ ਵਿਦੇਸ਼ਾਂ ਅਤੇ ਹੋਰ ਧਰਮਾਂ ਮੁਤਾਬਿਕ ਸਿੱਖ, ਸਿੰਘ ਅਤੇ ਖ਼ਾਲਸਾ ਦੇ ਰੂਪ ਨੂੰ ਵੱਖੋ-ਵੱਖਰੇ ਨਜ਼ਰੀਏ ਦੇ ਨਾਲ ਵੇਖਿਆ ਤੇ ਸਮਝਿਆ ਜਾ ਰਿਹਾ ਹੈ। ਜਦ ਕਿ ਇਹ ਤਿੰਨੇ ਸ਼ਬਦਾਂ ਦਾ ਅਰਥ ਸਿੱਖ ਸਿਧਾਂਤਾਂ ਮੁਤਾਬਿਕ ਇੱਕ ਹੀ ਰੂਪ ਹਨ। ਸਾਨੂੰ ਇਹਨਾਂ ਤਿੰਨਾਂ ਸ਼ਬਦ ਰੂਪ ਅਰਥਾਂ ਨੂੰ ਸਮਝਣ ਲਈ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨੂੰ ਵਿਚਾਰਨਾ ਪਵੇਗਾ।

ਸਿੱਖ ਧਰਮ 550 ਸਾਲ ਤੋਂ ਵੀ ਪੁਰਾਣਾ ਹੈ। ਸਿੱਖ ਧਰਮ ਦੀ ਨੀਂਹ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਵੱਲੋਂ ਰੱਖੀ ਗਈ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿਦੇਸ਼ਾਂ ਵਿੱਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ ਲਈ ਚਾਰ ਉਦਾਸੀਆਂ ਕੀਤੀਆਂ ਗਈਆਂ। ਦੁਨੀਆਂ ਵਿੱਚ ਜਿਨ੍ਹਾਂ ਲੋਕਾਂ ਨੇ ਬਾਬਾ ਨਾਨਕ ਦੇ ਵਿਚਾਰਾਂ ਨੂੰ ਸੁਣਿਆ ਤੇ ਸਿਧਾਂਤਾਂ ਨੂੰ ਅਪਣਾਇਆ ਉਹ ਗੁਰੂ ਦੇ ਸਿੱਖ ਬਣਦੇ ਗਏ। ਗੁਰੂ ਜੀ ਨੇ ਸਮਝਾਇਆ ਕਿ ਸਿੱਖ ਸ਼ਬਦ ਦਾ ਮਤਲਬ ਹੈ, ਸਿੱਖਿਆ ਲੈਣ ਵਾਲਾ ਇੱਕ ਵਿਦਿਆਰਥੀ। ਉਸ ਵਕਤ ਦੀ ਦੁਨੀਆਂ ਦੇ ਲੋਕ ਜੋ ਵਹਿਮਾਂ-ਭਰਮਾਂ ਅਤੇ ਜਾਤਾਂ-ਪਾਤਾਂ ਵਿੱਚ ਫਸੇ ਹੋਏ ਸਨ, ਉਹਨਾਂ ਨੂੰ ਇਹਨਾਂ ਵਹਿਮਾਂ-ਭਰਮਾਂ ਵਿੱਚੋਂ ਬਾਹਰ ਕੱਢਦਿਆਂ ਗੁਰੂ ਜੀ ਨੇ ਲੋਕਾਂ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਤਿੰਨ ਸਿਧਾਂਤ ਦਿੱਤੇ ਅਤੇ ਏਕ ਨੂਰ ਤੇ ਸਭੁ ਜਗੁ ਉਪਜਿਆ ਦਾ ਪਾਠ ਪੜ੍ਹਾਉਂਦਿਆਂ ਹੋਇਆਂ ਇੱਕ ਹੀ ਰੱਬ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਥਾਂ-ਥਾਂ ਗੁਰੂ ਜੀ ਦੇ ਸਿੱਖ ਬਣਦੇ ਗਏ।



ਗੁਰੂ ਨਾਨਕ ਦੇਵ ਜੀ ਜਦੋਂ ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਪ੍ਰਗਟ ਹੋਏ। ਉਸ ਸਮੇਂ ਗੁਰੂ ਜੀ ਵੱਲੋਂ ਮਨੁੱਖਤਾ ਅੰਦਰ ਸਾਹਸ ਅਤੇ ਨਿਡਰਤਾ ਪੈਦਾ ਕਰਨ ਲਈ ਸਿੰਘ ਖ਼ਾਲਸਾ ਦੀ ਨੀਂਹ ਰੱਖੀ ਗਈ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ 13 ਅਪ੍ਰੈਲ 1699 ਦੀ ਵਿਸਾਖੀ ਮੌਕੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਪੰਜ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ, ਹਰ ਨਾਮ ਪਿੱਛੇ ਸਿੰਘ ਅਤੇ ਕੌਰ ਲਗਾਉਣ ਦਾ ਹੁਕਮ ਦਿੱਤਾ ਅਤੇ ਖ਼ਾਲਸਾ ਰੂਪ ਦੀ ਸਾਜਨਾ ਕੀਤੀ। ਗੁਰੂ ਜੀ ਵੱਲੋਂ ਹਰ ਖ਼ਾਲਸੇ ਨੂੰ ਪੰਜ ਕੱਕੇ ਧਾਰਨ ਕਰਨ ਲਈ ਹੁਕਮ ਦਿੱਤਾ। ਪੰਜ ਕੱਕੇ (ਕੱਛ, ਕੜਾ, ਕ੍ਰਿਪਾਨ, ਕੰਘਾ ਤੇ ਕੇਸ) ਧਾਰਨਾ ਹੀ ਖ਼ਾਲਸੇ ਦੇ ਰੂਪ ਦੀ ਪਹਿਚਾਣ ਬਣੀ।

ਸਿੰਘ ਅਤੇ ਖ਼ਾਲਸਾ ਸ਼ਬਦ ਦਾ ਇੱਕ ਵਿਸ਼ੇਸ਼ ਮਤਲਬ ਹੈ। ਸਿੰਘ ਦਾ ਮਤਲਬ ਸ਼ੇਰ ਦੀ ਤਰ੍ਹਾਂ ਬਹਾਦੁਰ ਅਤੇ ਖ਼ਾਲਸਾ ਦਾ ਮਤਲਬ ਮਿਲਾਵਟ ਤੋਂ ਰਹਿਤ ਸ਼ੁੱਧ ਵਿਚਾਰਾਂ ਵਾਲਾ। ਦੁਨੀਆਂ ਭਰ ਵਿੱਚ ਕੋਈ ਵੀ ਇਨਸਾਨ ਧਰਮ ਦੇ ਵਿਤਕਰਿਆਂ ਅਤੇ ਭਰਮਾਂ ਤੋਂ ਉਪਰ ਉੱਠਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਮੁਤਾਬਿਕ ਸਿੰਘ-ਖ਼ਾਲਸਾ ਸੱਜ ਸਕਦਾ ਹੈ। ਬਸ ਸਾਨੂੰ ਆਪਣੇ ਖ਼ਾਲਸਾ ਰੂਪ ਨੂੰ ਬਰਕਰਾਰ ਰੱਖਦੇ ਹੋਏ ਸਾਰੀ ਦੁਨੀਆਂ ਵਿੱਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ ਦੀ ਜਰੂਰਤ ਹੈ। ਅੱਜ ਖ਼ਾਲਸੇ ਨੇ ਦੂਰ-ਦੁਰਾਂਡੇ ਦੇਸ਼ਾਂ-ਵਿਦੇਸ਼ਾਂ ਵਿੱਚ ਜਾ ਕੇ ਵੱਡੇ-ਵੱਡੇ ਮੁਕਾਮ ਹਾਸਿਲ ਕੀਤੇ ਹਨ, ਪਰ ਹਾਲੇ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਕੁੱਝ ਵਿਤਕਰੇ ਕੀਤੇ ਜਾਂਦੇ ਹਨ। ਜਿਨ੍ਹਾਂ ਨੂੰ ਦੂਰ ਕਰਨ ਦੀ ਸਖ਼ਤ ਜਰੂਰਤ ਹੈ। ਸਿੰਘ ਖ਼ਾਲਸਾ ਜਿੱਥੇ ਅਕਾਲ ਪੁਰਖ ਦੇ ਸਿਮਰਨ ਨਾਲ ਜੁੜ ਕੇ ਰਹਿੰਦਾ ਹੈ, ਉਥੇ ਨਾਲ ਹੀ ਹਰ ਇੱਕ ਇਨਸਾਨ ਨੂੰ ਪਰਮੇਸ਼ਵਰ ਰੂਪ ਜਾਣ ਕੇ ਇਨਸਾਨੀਅਤ ਦੀ ਸੇਵਾ ਕਰਨ ਲਈ ਤਿਆਰ ਰਹਿੰਦਾ ਹੈ। ਸਿੰਘ-ਖ਼ਾਲਸਾ ਮੁੱਢ ਤੋਂ ਹੀ ਦੁਨੀਆਂ ਭਰ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਅਤੇ ਦੂਜਿਆਂ ਦੀ ਇੱਜਤ-ਪਤ ਦੀ ਸੁਰੱਖਿਆ ਕਰਨ ਲਈ ਕ੍ਰਿਪਾਨ ਸ਼ਸਤਰ ਧਾਰ ਕੇ ਰੱਖਦਾ ਹੈ। ਜੋ ਕਿ ਸਾਡੇ ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਹੋਇਆ ਕਕਾਰ ਹੈ। ਇਸੀ ਤਰ੍ਹਾਂ ਸਿੰਘ ਅਤੇ ਖ਼ਾਲਸਾ ਕੇਸ ਅਤੇ ਦਾੜ੍ਹਾ ਵੀ ਵਾਹਿਗੁਰੂ ਦੀ ਦਿੱਤੀ ਦਾਤ ਸਮਝ ਕੇ ਖ਼ਾਲਸੇ ਰੂਪ ਨੂੰ ਪੂਰਨ ਕਰਨ ਵਾਸਤੇ ਸਾਂਭ ਕੇ ਰੱਖਦਾ ਹੈ।

ਅਜੋਕੇ ਸਮੇਂ ਵਿੱਚ ਇੰਝ ਹੀ ਖਾਲਸ-ਥਾਨ ਸ਼ਬਦ ਦੁਨੀਆਂ ਭਰ ਵਿੱਚ ਆਪੋ ਆਪਣੀ ਸਮਝ ਮੁਤਾਬਿਕ ਚਰਚਾ ਵਿੱਚ ਰਹਿੰਦਾ ਹੈ। ਪਤਾ ਨਹੀਂ ਖ਼ਾਲਸ-ਥਾਨ ਦਾ ਮਤਲਬ ਗਲਤ ਕਿਉਂ ਕੱਢਿਆ ਜਾਂਦਾ ਹੈ। ਜਦ ਕਿ ਖ਼ਾਲਸ ਦਾ ਮਤਲਬ ਸ਼ੁੱਧ ਅਤੇ ਥਾਨ ਦਾ ਮਤਲਬ ਜਗਾ ਹੈ - (ਖ਼ਾਲਸ-ਥਾਨ)। ਇਸ ਤੋਂ ਇਲਾਵਾ ਇਸ ਦਾ ਕੋਈ ਵੀ ਮਤਲਬ ਕੱਢ ਲੈਣਾ ਇਹ ਗੱਲ ਲੋਕਾਂ ਨੂੰ ਸਮਝਣ ਦੀ ਲੋੜ ਹੈ। ਖ਼ਾਲਸ-ਥਾਨ ਕਿਸੇ ਇੱਕ ਕਸਬੇ ਜਾਂ ਇੱਕ ਦੇਸ਼ ਦਾ ਨਾਮ ਨਹੀਂ ਬਲਕਿ ਸਿੱਖਾਂ ਨੇ ਜਿਸ ਜਿਸ ਜਗ੍ਹਾ 'ਤੇ ਵੀ ਖ਼ਾਲਸ ਨਿਸ਼ਾਨ ਸਾਹਿਬ ਲਗਾਇਆ ਹੈ, ਉਸ ਨੂੰ ਵਿਤਕਰਿਆਂ, ਭਰਮਾਂ ਤੋਂ ਰਹਿਤ, ਸਰਬ ਸਾਂਝੀ ਵਾਲਤਾ ਦਾ ਉਪਦੇਸ਼ ਦਿੰਦਿਆਂ ਖ਼ਾਲਸ (ਸ਼ੁੱਧ) ਥਾਨ (ਜਗ੍ਹਾ) ਬਣਾਇਆ ਹੈ। ਅਸੀਂ ਛੋਟਾ ਨਾ ਸੋਚੀਏ ਸਿੰਘ-ਖ਼ਾਲਸਾ ਦੁਨੀਆਂ ਭਰ ਵਿੱਚ ਜਾ ਕੇ ਵੱਸੇ ਅਤੇ ਹਰ ਦੇਸ਼ ਵਿੱਚ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਸਿੱਖੀ ਦਾ ਪ੍ਰਚਾਰ ਕਰੀਏ:

ਸਿੱਖੀ ਸਿਧਾਂਤਾਂ ਨੂੰ ਦੂਰ ਦੂਰ ਤੱਕ ਪਹੁੰਚਾਈਏ
ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ
ਮਤਲਬ ਸਾਰੀ ਦੁਨੀਆ ਨੂੰ ਸਮਝਾਈਏ।

ਅਖੀਰ ਵਿੱਚ ਇੱਥੇ ਮੈਂ ਬਾਬਾ ਨਾਨਕ ਦੀ ਇੱਕ ਸਾਖੀ ਦਾ ਜ਼ਿਕਰ ਕਰਨਾ ਜਰੂਰੀ ਸਮਝਦੀ ਹਾਂ: ਜਿਸ ਵਕਤ ਗੁਰੂ ਨਾਨਕ ਦੇਵ ਜੀ ਕੰਗਨਪੁਰ ਨਗਰ ਵਿੱਚ ਪਹੁੰਚੇ ਉੱਥੋਂ ਦੇ ਰਹਿਣ ਵਾਲਿਆਂ ਲੋਕਾਂ ਨੇ ਗੁਰੂ ਜੀ ਦੇ ਨਾਲ ਬਦ-ਸਲੂਕੀ ਕੀਤੀ ਅਤੇ ਮੰਦੇ ਸ਼ਬਦ ਬੋਲੇ ਤੇ ਮਾੜਾ ਵਿਵਹਾਰ ਕੀਤਾ ਗਿਆ। ਇਸ ਨਗਰ ਤੋਂ ਚਲਦਿਆਂ ਗੁਰੂ ਜੀ ਨੇ ਉੱਥੋਂ ਦੇ ਲੋਕਾਂ ਨੂੰ ਵੱਸਦੇ ਰਹਿਣ ਦਾ ਵਰ ਦਿੱਤਾ ਅਤੇ ਉਸ ਤੋਂ ਬਾਅਦ ਜਦ ਗੁਰੂ ਜੀ ਚਲ ਕੇ ਨਜ਼ਦੀਕ ਦੇ ਪਿੰਡ ਮਾਨਕ ਪਹੁੰਚੇ। ਉਥੋਂ ਦੇ ਰਹਿਣ ਵਾਲੇ ਨੇ ਲੋਕਾਂ ਨੇ ਗੁਰੂ ਜੀ ਦਾ ਬੜੀ ਭਾਵਨਾ ਦੇ ਨਾਲ ਸਤਿਕਾਰ ਕੀਤਾ ਅਤੇ ਗੁਰੂ ਜੀ ਦਾ ਉਪਦੇਸ਼ ਲਿਆ। ਉਹਨਾਂ ਦੀ ਸਦਭਾਵਨਾ ਅਤੇ ਭਾਈਚਾਰੇ ਨੂੰ ਦੇਖ ਕੇ ਗੁਰੂ ਜੀ ਨੇ ਉਹਨਾਂ ਨੂੰ ਉੱਜੜ ਜਾਣ ਦਾ ਆਸ਼ੀਰਵਾਦ ਦਿੱਤਾ। ਇਹ ਸਭ ਸੁਣ ਕੇ ਭਾਈ ਮਰਦਾਨਾ ਜੀ, ਜੋ ਹਰ ਵੇਲੇ ਗੁਰੂ ਜੀ ਦੇ ਨਾਲ ਰਹਿੰਦੇ ਸਨ, ਇੱਕ ਸਵਾਲ ਗੁਰੂ ਜੀ ਤੋਂ ਪੁੱਛਿਆ ਕਿ ਜਿਨ੍ਹਾਂ ਪਿੰਡ ਵਾਸੀਆਂ ਨੇ ਮਾੜਾ ਸਲੂਕ ਕੀਤਾ ਸੀ, ਉਹਨਾਂ ਨੂੰ ਤੁਸੀਂ ਵੱਸਦੇ ਰਹਿਣ ਤੇ ਜਿਨ੍ਹਾਂ ਨੇ ਵਧੀਆ ਸਲੂਕ ਕੀਤਾ, ਉਹਨਾਂ ਨੂੰ ਉੱਜੜ ਜਾਣ ਵਾਸਤੇ ਕਿਉਂ ਕਿਹਾ। ਬਾਬਾ ਨਾਨਕ ਜੀ ਨੇ ਭਾਈ ਮਰਦਾਨਾ ਜੀ ਨੂੰ ਸਮਝਾਉਂਦਿਆਂ ਦੱਸਿਆ ਕਿ ਚੰਗੇ ਲੋਕ ਜਿੱਥੇ ਵੀ ਜਾਣਗੇ ਉੱਥੇ ਬਾਕੀਆਂ ਨੂੰ ਵੀ ਆਪਣੇ ਵਰਗਾ ਚੰਗਾ ਹੀ ਬਣਾਉਣਗੇ। ਇਸ ਲਈ ਉਹਨਾਂ ਦਾ ਉੱਜੜਨਾ ਹੀ ਚੰਗਾ ਹੈ ਅਤੇ ਮਾੜੇ ਤੇ ਭੈੜੇ ਖਿਆਲਾਂ ਵਾਲੇ ਲੋਕਾਂ ਦਾ ਇਕੋ ਜਗ੍ਹਾ ਹੀ ਵਸਣਾ ਠੀਕ ਹੈ ਕਿਉਂਕਿ ਉਹ ਜਿੱਥੇ ਵੀ ਜਾਣਗੇ ਆਪਣੀਆਂ ਭੈੜੀਆਂ ਆਦਤਾਂ ਬਾਕੀਆਂ ਨੂੰ ਵੀ ਵੰਡਣਗੇ।

ਆਖਰ ਵਿੱਚ ਮੈਂ ਇਹੋ ਕਹਿਣਾ ਚਾਹੁੰਗੀ ਕਿ ਜਿਵੇਂ ਉਸ ਯੁੱਗ ਵਿੱਚ ਬਾਬਾ ਨਾਨਕ ਜੀ ਨੇ ਕਈ ਵਿਦੇਸ਼ਾਂ ਤੱਕ ਪਹੁੰਚ ਕੇ ਸਿੱਖੀ ਦਾ ਪ੍ਰਚਾਰ ਕੀਤਾ ਸੀ। ਹੁਣ ਸਾਡਾ ਸਾਰਿਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਪੂਰੀ ਦੁਨੀਆਂ ਵਿੱਚ ਜਾ ਕੇ ਸਿੱਖ, ਸਿੰਘ ਅਤੇ ਖ਼ਾਲਸਾ ਦਾ ਮਤਲਬ ਅਤੇ ਪਹਿਚਾਣ ਨੂੰ ਸਮਝਾਈਏ। ਬਾਣੀ ਵਿੱਚ ਜੋ ਰੱਬੀ ਗਿਆਨ ਹੈ ਉਸ ਸਭ ਨੂੰ ਘਰ-ਘਰ ਪਹੁੰਚਾਈਏ।

ਜਿਵੇਂ ਕਿ:-ਭਾਈਚਾਰਾ, ਸਦਭਾਵਨਾ, ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਕਮਜ਼ੋਰ ਦੀ ਮਦਦ ਕਰਨਾ, ਹਰ ਧਰਮ ਦੀ ਆਜ਼ਾਦੀ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਦਾ ਤਿਆਗ, ਸਤਿ ਸੰਤੋਖ, ਸਬਰ ਸ਼ੁੱਕਰ ਰੱਖਣ ਦੀ ਜਰੂਰਤ, ਦਸਵੰਧ ਕੱਢਣ ਦੀ ਮਰਿਆਦਾ ਆਦਿ ਦਾ ਸੰਦੇਸ਼ ਪੂਰੀ ਦੁਨੀਆ ਵਿੱਚ ਪਹੁੰਚਾਉਣਾ ਹੀ ਸਿੱਖ-ਸਿੰਘ ਅਤੇ ਖ਼ਾਲਸੇ ਦਾ ਉਦੇਸ਼ ਹੈ।

# ਡਰੱਗ ਦੇ ਕਥਿਤ ਸੌਦਾਗਰ ਜਾਂ ਡਰੱਗ ਵਿਰੋਧੀ ਨਾਇਕ, ਭ੍ਰਿਸ਼ਟਾਚਾਰੀ ਵੱਡੇ ਪੁਲਿਸ ਅਫ਼ਸਰ, ਆਪ ਸਰਕਾਰ ਕਿਉਂ ਫੇਲ੍ਹ ?

**ਰਜਿੰਦਰ ਸਿੰਘ ਪੁਰੇਵਾਲ**




ਪੰਜਾਬ ਦਾ ਰਾਜਨੀਤਿਕ ਅਤੇ ਪ੍ਰਸ਼ਾਸਕੀ ਮੰਚ ਹੁਣੇ ਹੀ ਇੱਕ ਵੱਡੀ ਘਟਨਾ ਨਾਲ ਹਿੱਲ ਗਿਆ ਹੈ। ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਸਰਕਾਰ ਦੀ 'ਜ਼ੀਰੋ ਟਾਲਰੈਂਸ' ਨੀਤੀ ਨੂੰ ਦੁਹਰਾਉਂਦੇ ਹੋਏ, ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਹਰਚਰਨ ਸਿੰਘ ਭੁੱਲਰ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਅਧਿਕਾਰੀ ਨੂੰ ਹਾਲ ਹੀ ਵਿੱਚ ਕੇਂਦਰੀ ਏਜੰਸੀ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। 16 ਅਕਤੂਬਰ 2025 ਤੋਂ ਉਹ ਮੁਅੱਤਲ ਰਹੇਗਾ। ਹਰਚਰਨ ਸਿੰਘ ਭੁੱਲਰ ਇੱਕ ਆਈ.ਪੀ.ਐਸ. ਅਧਿਕਾਰੀ ਹੈ, ਜਿਸ ਨੂੰ 2022 ਵਿੱਚ ਆਪ ਸਰਕਾਰ ਆਉਣ ਤੋਂ ਬਾਅਦ ਨਸ਼ਾ ਮੁਕਤ ਪੰਜਾਬ ਮੁਹਿੰਮ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਚੁਣਿਆ ਗਿਆ ਸੀ। ਉਸ ਨੇ ਸੈਂਕੜੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਪਰ ਹੁਣ ਉਸ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ - ਪੈਸੇ ਵੰਡਣ, ਆਪਣੇ ਲਾਭ ਲਈ ਪੁਲਿਸ ਤਾਕਤ ਦੀ ਵਰਤੋਂ ਅਤੇ ਨਸ਼ਾ ਮਾਮਲਿਆਂ ਵਿੱਚ ਲਾਪਰਵਾਹੀ। ਕੇਂਦਰੀ ਏਜੰਸੀ ਵੱਲੋਂ ਗ੍ਰਿਫ਼ਤਾਰੀ ਤੋਂ ਬਾਅਦ ਮੁੱਖ ਮੰਤਰੀ ਨੇ ਤੁਰੰਤ ਮੁਅੱਤਲੀ ਦਾ ਐਲਾਨ ਕੀਤਾ ਹੈ। ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ 'ਕੋਈ ਵੀ ਅਧਿਕਾਰੀ ਜਾਂ ਸਿਆਸਤਦਾਨ, ਭਾਵੇਂ ਉਸਦਾ ਅਹੁਦਾ ਵੱਡਾ ਹੋਵੇ, ਭ੍ਰਿਸ਼ਟਾਚਾਰ ਵਿੱਚ ਫਸਿਆ ਤਾਂ ਬਖਸ਼ਿਆ ਨਹੀਂ ਜਾਵੇਗਾ।'

ਇਹ ਘਟਨਾ ਪੰਜਾਬ ਦੀ ਸਰਕਾਰ ਲਈ ਵੱਡੀ ਚੁਣੌਤੀ ਵੀ ਹੈ। ਜੋ ਅਧਿਕਾਰੀ ਨਸ਼ਾ ਮੁਹਿੰਮ ਦਾ ਹੀਰੋ ਸੀ, ਉਹ ਖੁਦ ਭ੍ਰਿਸ਼ਟਾਚਾਰ ਵਿੱਚ ਫਸ ਗਿਆ। ਇਹ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਸਿਸਟਮ ਵਿੱਚ ਭ੍ਰਿਸ਼ਟਾਚਾਰ ਇੰਨਾ ਡੂੰਘਾ ਹੈ ਕਿ ਵੱਡੇ-ਵੱਡੇ ਅਧਿਕਾਰੀ ਵੀ ਇਸ ਦੇ ਸ਼ਿਕਾਰ ਹੋ ਜਾਂਦੇ ਹਨ। 2022 ਵਿੱਚ ਆਪ ਸਰਕਾਰ ਆਉਣ ਤੋਂ ਬਾਅਦ ਉਹਨਾਂ ਨੇ ਵਾਅਦਾ ਕੀਤਾ ਸੀ ਕਿ ਨਸ਼ਾ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਮੁਕਾਇਆ ਜਾਵੇਗਾ। ਚਾਰ ਸਾਲ ਬੀਤ ਗਏ ਹਨ, ਪਰ ਨਸ਼ੇ ਦੀ ਵਿਕਰੀ ਅੱਜ ਵੀ ਜਾਰੀ ਹੈ। ਪੰਜਾਬ ਵਿੱਚ ਹਰ ਸਾਲ ਹਜ਼ਾਰਾਂ ਨੌਜਵਾਨ ਨਸ਼ੇ ਕਾਰਨ ਜ਼ਿੰਦਗੀ ਗੁਆ ਰਹੇ ਹਨ। ਇੱਕ ਰਿਪੋਰਟ ਮੁਤਾਬਕ, 2024 ਵਿੱਚ ਪੰਜਾਬ ਵਿੱਚ ਨਸ਼ੇ ਨਾਲ ਜੁੜੇ 15,000 ਤੋਂ ਵੱਧ ਮਾਮਲੇ ਰਜਿਸਟਰ ਹੋਏ, ਪਰ ਗ੍ਰਿਫ਼ਤਾਰੀਆਂ ਦੀ ਗਿਣਤੀ ਘੱਟ ਹੀ ਰਹੀ ਸੀ। ਅਤੇ ਹੁਣ ਉਹੀ ਅਧਿਕਾਰੀ ਜੋ ਇਸ ਮੁਹਿੰਮ ਨੂੰ ਲੀਡ ਕਰ ਰਿਹਾ ਸੀ, ਖੁਦ ਭ੍ਰਿਸ਼ਟ ਨਿਕਲਿਆ। ਇਹ ਕੀ ਦਰਸਾਉਂਦਾ ਹੈ ? ਕਿ ਸਰਕਾਰ ਦੀ ਨੀਤੀ ਤਾਂ ਚੰਗੀ ਹੈ, ਪਰ ਲਾਗੂ ਕਰਨ ਵਾਲੇ ਲੋਕ ਇਮਾਨਦਾਰ ਨਹੀਂ। ਜਾਂ ਫਿਰ ਇਹ ਪੂਰਾ ਸਿਸਟਮ ਗਲਿਆ ਹੋਇਆ ਹੈ ?

ਪੰਜਾਬ ਦੇ ਇਤਿਹਾਸ ਵਿੱਚ ਵੇਖੀਏ ਤਾਂ ਭ੍ਰਿਸ਼ਟਾਚਾਰ ਕੋਈ ਨਵੀਂ ਚੀਜ਼ ਨਹੀਂ। ਅਕਾਲੀ-ਕਾਂਗਰਸ ਸਰਕਾਰਾਂ ਦੇ ਸਮੇਂ ਵਿੱਚ ਇਹ ਇੰਨਾ ਵਧ ਗਿਆ ਸੀ ਕਿ ਲੋਕ ਵੋਟ ਨਾਲ ਵੀ ਇਸ ਨੂੰ ਨਹੀਂ ਰੋਕ ਸਕੇ। ਇਮਾਨਦਾਰ ਸਰਕਾਰ ਨਹੀਂ ਭਾਲ ਸਕੇ। ਆਪ ਨੇ 2022 ਦੀਆਂ ਚੋਣਾਂ ਵਿੱਚ ਇਸੇ ਇਸ਼ੂ 'ਤੇ ਜਿੱਤ ਹਾਸਲ ਕੀਤੀ। ਪਰ ਅੱਜ ਤਿੰਨ ਸਾਲ ਬਾਅਦ ਵੀ ਲੋਕ ਨਸ਼ਿਆਂ ਤੇ ਭ੍ਰਿਸ਼ਟਾਚਾਰ ਕਾਰਨ ਦੁਖੀ ਹਨ। ਟਰਾਂਸਪੋਰਟ ਵਿਭਾਗ ਤੋਂ ਲੈ ਕੇ ਪੁਲਿਸ ਤੱਕ, ਹਰ ਜਗ੍ਹਾ ਭ੍ਰਿਸ਼ਟਾਚਾਰ ਦੀਆਂ ਖਬਰਾਂ ਆ ਰਹੀਆਂ ਹਨ। ਇੱਕ ਤਾਜ਼ਾ ਸਰਵੇਅ ਮੁਤਾਬਕ, ਪੰਜਾਬ ਵਿੱਚ 70 ਫੀਸਦੀ ਲੋਕ ਮੰਨਦੇ ਹਨ ਕਿ ਭ੍ਰਿਸ਼ਟਾਚਾਰ ਵਧ ਰਿਹਾ ਹੈ। ਅਤੇ ਇਸ ਘਟਨਾ ਨੇ ਇਸ ਨੂੰ ਹੋਰ ਪੱਕਾ ਕਰ ਦਿੱਤਾ। ਜੇਕਰ ਨਸ਼ਾ ਮੁਹਿੰਮ ਦਾ ਹੀਰੋ ਭ੍ਰਿਸ਼ਟ ਹੈ, ਤਾਂ ਆਮ ਲੋਕ ਕਿਵੇਂ ਵਿਸ਼ਵਾਸ ਕਰਨ ? ਇਹ ਘਟਨਾ ਸਰਕਾਰ ਲਈ ਵੱਡਾ ਝਟਕਾ ਹੈ, ਕਿਉਂਕਿ ਇਹ ਉਹਨਾਂ ਦੇ ਇਮਾਨਦਾਰੀ ਦੇ ਦਾਅਵੇ ਨੂੰ ਚੁਣੌਤੀ ਦਿੰਦੀ ਹੈ। ਸਰਕਾਰ ਨੂੰ ਹੁਣ ਵੱਡੇ ਪੱਧਰ 'ਤੇ ਰਿਫਾਰਮ ਕਰਨੇ ਪੈਣਗੇ। ਪਹਿਲਾਂ ਤਾਂ ਪੁਲਿਸ ਡਿਪਾਰਟਮੈਂਟ ਵਿੱਚ ਅੰਦਰੂਨੀ ਨਿਗਰਾਨੀ ਸਿਸਟਮ ਮਜ਼ਬੂਤ ਕਰੋ। ਹਰ ਅਧਿਕਾਰੀ ਦੇ ਬੈਂਕ ਖਾਤੇ ਅਤੇ ਜਾਇਦਾਦ ਦੀ ਜਾਂਚ ਹੋਵੇ। ਦੂਜਾ, ਨਸ਼ਾ ਮੁਹਿੰਮ ਨੂੰ ਨਵਾਂ ਚਿਹਰਾ ਦਿਓ - ਨਵੇਂ ਇਮਾਨਦਾਰ ਅਧਿਕਾਰੀਆਂ ਨੂੰ ਲਿਆਓ ਅਤੇ ਲੋਕਾਂ ਨੂੰ ਸ਼ਾਮਲ ਕਰੋ। ਤੀਜਾ, ਕਾਨੂੰਨੀ ਤਹਿਤ ਭ੍ਰਿਸ਼ਟ ਅਧਿਕਾਰੀਆਂ ਦੀ ਜਾਇਦਾਦ ਜ਼ਬਤ ਕਰੋ ਅਤੇ ਉਹਨਾਂ ਨੂੰ ਜਲਦੀ ਸਜ਼ਾ ਦਿਓ। ਚੌਥਾ, ਵਿੱਤ ਵਿਭਾਗ ਅਤੇ ਟੈਂਡਰ ਪ੍ਰਕਿਰਿਆ ਵਿੱਚ ਡਿਜੀਟਲਾਈਜ਼ੇਸ਼ਨ ਵਧਾਓ ਤਾਂ ਜੋ ਰਿਸ਼ਵਤ ਖ਼ਤਮ ਹੋ ਜਾਵੇ। ਪੰਜਾਬ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਇੱਕ ਵਿਸ਼ੇਸ਼ ਅਥਾਰਟੀ ਬਣਾਈ ਜਾਵੇ, ਜੋ ਸੁਤੰਤਰ ਹੋਵੇ। ਇਸ ਘਟਨਾ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਵੀ ਤਬਦੀਲੀ ਆਵੇਗੀ।

ਵਿਰੋਧੀ ਪਾਰਟੀਆਂ - ਅਕਾਲੀ ਦਲ ਅਤੇ ਕਾਂਗਰਸ - ਇਸ ਨੂੰ ਆਪ ਦੇ ਖਿਲਾਫ਼ ਹਥਿਆਰ ਬਣਾ ਰਹੀਆਂ ਹਨ। ਜੇਕਰ ਸਰਕਾਰ ਆਪਣੇ ਵਾਅਦਿਆਂ ਤੇ ਕਾਇਮ ਰਹੀ ਤਾਂ ਪੰਜਾਬ ਸੱਚਮੁੱਚ ਭ੍ਰਿਸ਼ਟਾਚਾਰ ਮੁਕਤ ਬਣੇਗਾ। ਨਹੀਂ ਤਾਂ ਲੋਕਾਂ ਦਾ ਵਿਸ਼ਵਾਸ ਟੁੱਟ ਜਾਵੇਗਾ ਅਤੇ ਅਗਲੀਆਂ ਚੋਣਾਂ ਵਿੱਚ ਇਹ ਆਪ ਨੂੰ ਭਾਰੀ ਪੈ ਸਕਦਾ ਹੈ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਸਰਕਾਰ, ਸੀ.ਬੀ.ਆਈ. ਨੂੰ ਨਸ਼ਿਆਂ ਤੇ ਭ੍ਰਿਸ਼ਟਾਚਾਰ ਬਾਰੇ ਆਪਣੀਆਂ ਸ਼ਿਕਾਇਤਾਂ ਭੇਜੋ। ਸਰਕਾਰ ਨੂੰ ਚਾਹੀਦਾ ਹੈ ਕਿ ਨਾਅਰੇ ਨਹੀਂ, ਕਾਰਵਾਈ ਕਰੋ। ਪੰਜਾਬ ਨੂੰ ਇੱਕ ਸਾਫ਼-ਸੁਥਰਾ ਰਾਜ ਬਣਾਉਣ ਦਾ ਸਮਾਂ ਆ ਗਿਆ ਹੈ। ਜੇਕਰ ਅੱਜ ਨਹੀਂ, ਤਾਂ ਕਦੋਂ ? ਇਹ ਘਟਨਾ ਇੱਕ ਮੌਕਾ ਹੈ, ਇਸ ਨੂੰ ਹਥੋਂ ਨਾ ਗੁਆਉ।

# ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਸਮੇਂ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਦੀ ਭੂਮਿਕਾ



ਡਾ. ਐਸ. ਐਸ. ਛੀਨਾ



ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਵਿਦਿਆਰਥੀ, ਅਧਿਆਪਕ, ਗਵਰਨਿੰਗ ਕੌਂਸਲ ਦਾ ਮੈਂਬਰ ਅਤੇ ਮੈਨੇਜਮੈਂਟ 'ਚ ਰਹਿਣ ਕਰਕੇ ਕਾਲਜ ਨਾਲ ਸੰਬੰਧਿਤ ਇਤਿਹਾਸ ਤੇ ਘਟਨਾਵਾਂ ਬਾਰੇ ਮੇਰੀ ਖ਼ਾਸ ਦਿਲਚਸਪੀ ਰਹਿਣੀ ਇੱਕ ਸੁਭਾਵਿਕ ਗੱਲ ਸੀ। ਲੰਮੇ ਸਮਾਂ ਤੱਕ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਅੰਗਰੇਜ਼ ਰਹੇ ਸਨ, ਪਰ ਉਨ੍ਹਾਂ ਸਾਰਿਆਂ 'ਚੋਂ ਮਿਸਟਰ ਜੀ.ਏ. ਵਾਦਨ ਇਕ ਵਿਲੱਖਣ ਸ਼ਖਸ਼ੀਅਤ ਸਨ। ਉਨ੍ਹਾਂ ਦਾ ਜ਼ਿਕਰ ਮੈਂ ਉਨ੍ਹਾਂ ਦੇ ਵਿਦਿਆਰਥੀ ਪੱਖੀ ਤੇ ਵਿਦਿਆਰਥੀਆਂ ਨੂੰ ਬੱਚਿਆਂ ਵਾਲਾ ਪਿਆਰ ਦੇਣ ਸੰਬੰਧੀ ਤਾਂ ਕਾਫ਼ੀ ਵਾਰ ਸੁਣਿਆ ਸੀ, ਪਰ ਉਨ੍ਹਾਂ ਦੀ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਮੌਕੇ ਨਿਭਾਈ ਭੂਮਿਕਾ ਬਾਰੇ ਮੈਂ ਉਸ ਵਕਤ ਪੜ੍ਹਿਆ, ਜਦੋਂ ਮੈਂ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਸੰਬੰਧੀ ਆਪ ਇੱਕ ਪੁਸਤਕ ਲਿਖ ਰਿਹਾ ਸੀ।

ਉਸ ਦੁਖਾਂਤ ਦੀ ਸ਼ੁਰੂਆਤ 6 ਅਪ੍ਰੈਲ, 1919 ਨੂੰ ਉਸ ਸਮੇਂ ਹੋਈ, ਜਦੋਂ ਅੰਮ੍ਰਿਤਸਰ ਦੇ ਸ਼ਹਿਰੀ ਭਾਰਤ ਦੇ ਹੋਰ ਹਿੱਸਿਆਂ ਵਾਂਗ ਹੜਤਾਲ ਕਰਨੀ ਚਾਹੁੰਦੇ ਸਨ। ਪਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਇਰਵਿੰਗ ਨੇ ਸ਼ਹਿਰ ਦੇ ਕੁਝ ਲੋਕਾਂ ਨੂੰ ਬੁਲਾ ਕੇ ਹੜਤਾਲ ਨਾ ਕਰਨ ਲਈ ਕਿਹਾ ਅਤੇ ਉਹ ਵੀ ਮੰਨ ਗਏ ਪਰ ਜਦੋਂ ਸ਼ਾਮ ਨੂੰ ਇਸ ਗੱਲ ਦਾ ਪਤਾ ਡਾ. ਕਿਚਲੂ ਅਤੇ ਡਾ. ਸਤਪਾਲ ਨੂੰ ਲੱਗਾ ਤਾਂ ਉਨ੍ਹਾਂ ਨੇ ਕੋਈ 9 ਵਜੇ ਦੇ ਕਰੀਬ ਡਾ. ਕਿਚਲੂ ਦੇ ਘਰ ਕਾਂਗਰਸੀ ਲੀਡਰਾਂ ਦੀ ਮੀਟਿੰਗ ਬੁਲਾਈ ਤਾਂ 10 ਕੁ ਵਜੇ ਤੱਕ ਉੱਥੇ ਕੋਈ 200 ਵਰਕਰ ਇਕੱਠੇ ਹੋ ਗਏ ਅਤੇ ਉਨ੍ਹਾਂ ਫ਼ੈਸਲਾ ਕੀਤਾ ਕਿ ਕੱਲ੍ਹ ਅੰਮ੍ਰਿਤਸਰ 'ਚ ਹੜਤਾਲ ਹੋਵੇਗੀ। ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਸਾਰੇ ਭਾਰਤ ਵਿੱਚ ਹੜਤਾਲ ਹੋਵੇ ਪਰ ਅੰਮ੍ਰਿਤਸਰ 'ਚ ਨਾ ਹੋਵੇ। ਉਨ੍ਹਾਂ ਵਰਕਰਾਂ ਨੇ ਰਾਤ ਦੇ 2 ਵਜੇ ਤੱਕ ਹੜਤਾਲ ਕਰਨ ਦੇ ਇਸ਼ਤਿਹਾਰ ਵੀ ਲਾ ਦਿੱਤੇ।

ਅਗਲੇ ਦਿਨ ਸ਼ਹਿਰ ਵਿੱਚ ਹੜਤਾਲ ਹੋਈ, ਸਭ ਦੁਕਾਨਾਂ ਬੰਦ ਸਨ। ਇੱਥੋਂ ਤੱਕ ਕਿ ਟਾਂਗੇ ਵੀ ਨਾ ਚੱਲੇ ਅਤੇ ਆਉਣ-ਜਾਣ ਵਾਲਿਆਂ ਨੂੰ ਤੁਰ ਕੇ ਹੀ ਲੰਮਾ ਸਫ਼ਰ ਕਰਨਾ ਪਿਆ। ਸ਼ਹਿਰ ਵਿੱਚ ਕ੍ਰਿਕਟ ਮੈਚ ਹੋ ਰਿਹਾ ਸੀ, ਜਿਸ ਨੂੰ ਚੱਲਦਾ ਰਹਿਣ ਦਿੱਤਾ ਗਿਆ। ਇਸ ਵੱਡੀ ਹੜਤਾਲ ਦਾ ਪੰਜਾਬ ਦੇ ਪ੍ਰਬੰਧਕਾਂ 'ਤੇ ਬਹੁਤ ਪ੍ਰਭਾਵ ਪਿਆ ਅਤੇ ਆਉਣ ਵਾਲੇ ਸਮੇਂ 'ਚ ਕਿਸੇ ਵੱਡੇ ਵਿਦਰੋਹ ਦੀ ਸੰਭਾਵਨਾ ਨੂੰ ਵੇਖਦਿਆਂ ਡਿਪਟੀ ਕਮਿਸ਼ਨਰ ਨੇ ਵੱਡੇ ਅਫ਼ਸਰਾਂ ਦੀ ਮੀਟਿੰਗ ਆਪਣੇ ਘਰ ਬੁਲਾਈ ਅਤੇ ਹੜਤਾਲ ਦੀ ਖ਼ਬਰ ਗਵਰਨਰ ਨੂੰ ਦਿੱਤੀ ਗਈ। ਇੱਥੇ ਡਾ. ਸਤਪਾਲ ਤੇ ਡਾ. ਕਿਚਲੂ ਬਹੁਤ ਵੱਡੇ ਨੇਤਾ ਸਾਬਿਤ ਹੋਏ, ਜਿਨ੍ਹਾਂ ਕਾਰਨ ਇਸ ਥੋੜ੍ਹੇ ਜਿਹੇ ਸਮੇਂ ਦੇ ਨੋਟਿਸ 'ਤੇ ਇੰਨੀ ਸਫ਼ਲ ਹੜਤਾਲ ਹੋ ਗਈ ਸੀ। ਫ਼ੈਸਲਾ ਕੀਤਾ ਗਿਆ ਕਿ ਸਤਪਾਲ ਤੇ ਕਿਚਲੂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। 9 ਅਪ੍ਰੈਲ, 1919 ਨੂੰ ਰਾਮਨੌਮੀ ਵਾਲੇ ਦਿਨ ਸ਼ਹਿਰ 'ਚ ਹਿੰਦੂ, ਮੁਸਲਿਮ ਤੇ ਸਿੱਖਾਂ ਨੇ ਮਿਲ ਕੇ ਬਹੁਤ ਵੱਡਾ ਜਲੂਸ ਕੱਢਿਆ। ਅੰਗਰੇਜ਼ ਅਧਿਕਾਰੀਆਂ ਅਨੁਸਾਰ ਲੋਕਾਂ ਦੀ ਇਹ ਏਕਤਾ ਉਨ੍ਹਾਂ ਦੇ ਹੁਕਮਰਾਨਾਂ ਵਾਸਤੇ ਬੜੀ ਖ਼ਤਰਨਾਕ ਸੀ, ਇਸ ਲਈ ਉਹ ਸਤਪਾਲ ਤੇ ਕਿਚਲੂ ਨੂੰ ਗ੍ਰਿਫ਼ਤਾਰ ਕਰਨ ਤੋਂ ਡਰਦੇ ਵੀ ਸਨ।

10 ਅਪ੍ਰੈਲ, 1919 ਨੂੰ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਦੋਵਾਂ ਨੂੰ ਬਹਾਨੇ ਨਾਲ ਆਪਣੇ ਘਰ ਬੁਲਾ ਕੇ ਮਿਲਟਰੀ ਨੂੰ ਫੜਾ ਦਿੱਤਾ ਅਤੇ ਉਹ ਉਨ੍ਹਾਂ ਨੂੰ ਧਰਮਸ਼ਾਲਾ ਲੈ ਗਈ। ਜਦੋਂ ਇਸੇ ਦਿਨ ਇਹ ਖ਼ਬਰ ਸ਼ਹਿਰੀਆਂ ਨੂੰ ਮਿਲੀ ਤਾਂ ਉਨ੍ਹਾਂ 'ਚ ਗੁੱਸੇ ਦੀ ਵੱਡੀ ਲਹਿਰ ਦੌੜ ਗਈ। ਉਹ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਸਿਵਲ ਲਾਈਨ ਵੱਲ ਵਧਣ ਲੱਗੇ, ਜਿੱਧਰ ਦਫ਼ਤਰ ਤੇ ਅੰਗਰੇਜ਼ ਅਫ਼ਸਰਾਂ ਦੀ ਰਿਹਾਇਸ਼ ਸੀ। ਪੁਲਿਸ ਉਨ੍ਹਾਂ ਨੂੰ ਰੋਕ ਰਹੀ ਸੀ। ਇਸੇ ਤਕਰਾਰ ਦੌਰਾਨ ਪੁਲਿਸ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਤਿੰਨ-ਚਾਰ ਵਿਅਕਤੀ ਮਾਰੇ ਗਏ ਅਤੇ ਕਾਫ਼ੀ ਜ਼ਖ਼ਮੀ ਹੋ ਗਏ। ਜਦੋਂ ਹਸਪਤਾਲ 'ਤੋਂ ਉਨ੍ਹਾਂ ਨੂੰ ਲਿਜਾਣ ਲਈ ਸਟਰੈਚਰ ਆਏ ਤਾਂ ਉੱਥੇ ਤਾਇਨਾਤ ਡੀ.ਐਸ.ਪੀ. ਨੇ ਵਾਪਸ ਮੋੜ ਦਿੱਤੇ ਤੇ ਕਿਹਾ ਕਿ ਇਹ ਆਪਣਾ ਇੰਤਜ਼ਾਮ ਖ਼ੁਦ ਕਰਨ। ਇਸ 'ਤੇ ਭੀੜ ਹੋਰ ਭੜਕ ਗਈ ਤੇ ਉਨ੍ਹਾਂ ਨੇ ਸਟੇਸ਼ਨ 'ਤੇ ਇੱਕ ਅੰਗਰੇਜ਼ ਕਰਮਚਾਰੀ ਨੂੰ ਮਾਰ ਦਿੱਤਾ। ਮਿਸਿਜ਼ ਸ਼ੇਰਵੁੱਡ, ਜਿਹੜੀ ਪਿਛਲੇ 15 ਸਾਲ ਤੋਂ ਉੱਥੇ ਰਹਿ ਰਹੀ ਸੀ, ਉਹ ਉਸ ਤਰਫ਼ ਆ ਰਹੀ ਸੀ, ਜਿਸ ਨੂੰ ਬਹੁਤ ਕੁੱਟਿਆ ਗਿਆ ਤੇ ਮਰੀ ਹੋਈ ਸਮਝ ਕੇ ਉੱਥੇ ਹੀ ਛੱਡ ਦਿੱਤਾ ਗਿਆ। ਨੈਸ਼ਨਲ ਬੈਂਕ ਦੇ ਅੰਗਰੇਜ਼ ਅਫ਼ਸਰ ਮਿਸਟਰ ਸਟੀਵਰਟ ਤੇ ਉਸ ਦੇ ਸਹਾਇਕ ਸਕਾਟ ਨੂੰ ਵੀ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਸੇ ਤਰ੍ਹਾਂ ਜਿੱਥੇ ਵੀ ਅੰਗਰੇਜ਼ ਮਿਲਣ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਹੁਣ ਭਾਰਤੀ ਕਰਮਚਾਰੀ ਤੇ ਅੰਗਰੇਜ਼ ਅਫ਼ਸਰ ਬਹੁਤ ਡਰੇ ਹੋਏ ਸਨ। ਅੰਗਰੇਜ਼ ਅਫ਼ਸਰਾਂ ਦੇ ਪਰਿਵਾਰਾਂ ਨੂੰ ਛਾਉਣੀ ਵਿੱਚ ਪਹੁੰਚਾਇਆ ਗਿਆ। ਡਿਪਟੀ ਕਮਿਸ਼ਨਰ ਨੇ ਸਾਰੀ ਰਿਪੋਰਟ ਗਵਰਨਰ ਮਾਈਕਲ ਓਡਵਾਇਰ ਨੂੰ ਦੇ ਦਿੱਤੀ ਅਤੇ ਸ਼ਹਿਰ ਨੂੰ ਮਿਲਟਰੀ ਦੇ ਹਵਾਲੇ ਕਰਨ ਲਈ ਕਿਹਾ।

11 ਅਪ੍ਰੈਲ, 1919 ਨੂੰ 11 ਵਜੇ ਡਿਪਟੀ ਕਮਿਸ਼ਨਰ ਨੇ ਅੰਮ੍ਰਿਤਸਰ ਦੇ ਕੁਝ ਲੋਕਾਂ ਨੂੰ ਬੁਲਾ ਕੇ ਦੱਸਿਆ ਕਿ ਹੁਣ ਸ਼ਹਿਰ ਮਿਲਟਰੀ ਦੇ ਕੰਟਰੋਲ 'ਚ ਹੈ। ਸ਼ਾਮ ਨੂੰ ਜਨਰਲ ਡਾਇਰ ਅੰਮ੍ਰਿਤਸਰ ਪਹੁੰਚ ਗਿਆ। ਬਹੁਤ ਸਾਰੀ ਫ਼ੌਜ ਤੇ ਅਫ਼ਸਰ ਵੀ ਪਹੁੰਚ ਗਏ। 12 ਅਪ੍ਰੈਲ ਦਾ ਦਿਨ ਸ਼ਾਂਤੀ ਨਾਲ ਲੰਘ ਗਿਆ। ਸ਼ਾਮ ਨੂੰ ਇੱਕ ਮੀਟਿੰਗ ਬੁਲਾਈ ਗਈ, ਜਿਸ ਵਿੱਚ ਅੰਗਰੇਜ਼ ਅਫ਼ਸਰ ਮਿਸਟਰ ਸਮਿਥ ਤੇ ਹੋਰ ਅਫ਼ਸਰਾਂ ਨੇ ਸਲਾਹ ਦਿੱਤੀ ਕਿ ਲੋਕਾਂ 'ਚ ਡਰ ਪੈਦਾ ਕਰਨ ਲਈ ਅੰਮ੍ਰਿਤਸਰ ਵਿੱਚ ਬੰਬ ਸੁੱਟੇ ਜਾਣ। ਪਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਜੀ.ਏ. ਵਾਦਨ ਨੇ ਚਿਤਾਵਨੀ ਦਿੱਤੀ ਕਿ ਅਜਿਹਾ ਕਰਨ ਬਾਰੇ ਕਦੇ ਵੀ ਨਾ ਸੋਚਿਆ ਜਾਵੇ। ਪ੍ਰਿੰ. ਵਾਦਨ ਸਿੱਖਾਂ ਦੇ ਇਤਿਹਾਸ ਤੇ ਮਾਨਸਿਕਤਾ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ। ਪਰ 13 ਅਪ੍ਰੈਲ, 1919 ਨੂੰ ਵਿਸਾਖੀ ਵਾਲੇ ਦਿਨ ਜਦੋਂ ਜਲ੍ਹਿਆਂਵਾਲਾ ਬਾਗ 'ਚ ਕਾਫ਼ੀ ਲੋਕ ਸਥਾਨਕ ਨੇਤਾਵਾਂ ਦੇ ਭਾਸ਼ਨ ਸੁਣ ਰਹੇ ਸਨ ਤਾਂ ਜਨਰਲ ਡਾਇਰ ਨੇ ਬਾਗ ਦੇ ਇਕੋ-ਇਕ ਤੰਗ ਰਸਤੇ 'ਤੇ ਗੋਰਖਾ ਮਿਲਟਰੀ ਦੇ ਜਵਾਨਾਂ ਤੋਂ ਉਸ ਜਲਸੇ 'ਤੇ ਸਿੱਧੀ ਗੋਲਬਾਰੀ ਕਰਾ ਦਿੱਤੀ, ਜਿਸ ਵਿੱਚ ਹਜ਼ਾਰ ਤੋਂ ਉੱਪਰ ਲੋਕ ਮਾਰੇ ਗਏ ਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਸ਼ਹਿਰ ਵਿੱਚ ਕਰਫਿਊ ਲਾ ਦਿੱਤਾ ਗਿਆ।

ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਡੂੰਘੀ ਸੋਚ ਵਿਚਾਰ ਕੀਤੀ ਅਤੇ ਦੇਰ ਰਾਤ ਨੂੰ ਇੱਕ ਵਿਅਕਤੀ ਨਾਲ ਮੋਟਰਸਾਈਕਲ 'ਤੇ ਲਾਹੌਰ ਵੱਲ ਚੱਲ ਪਿਆ। ਉਸ ਨੇ ਰਾਤ 3 ਵਜੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੂੰ ਜਗਾ ਕੇ ਸਾਰੀ ਸਥਿਤੀ ਦੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਉਸ ਨੂੰ ਚਿਤਾਵਨੀ ਦਿੱਤੀ ਕਿ ਇਹ ਘਟਨਾ ਬਹੁਤ ਮਾੜੀ ਹੋਈ ਹੈ, ਜਿਸ ਨੂੰ ਰੋਕਣਾ ਚਾਹੀਦਾ ਸੀ। ਪਤਾ ਨਹੀਂ ਗਵਰਨਰ ਮਿਸਟਰ ਓਡਵਾਇਰ 'ਤੇ ਇਸ ਦਾ ਕੀ ਅਸਰ ਹੋਇਆ ਪਰ ਪ੍ਰਿੰਸੀਪਲ ਵਾਦਨ ਦਾ ਰਾਤ ਨੂੰ ਲਾਹੌਰ ਜਾਣਾ ਤੇ ਗਵਰਨਰ ਨੂੰ ਇਸ ਘਟਨਾ ਸੰਬੰਧੀ ਚਿਤਾਵਨੀ ਦੇਣਾ, ਉਨ੍ਹਾਂ ਸੂਝਵਾਨ ਲੋਕਾਂ ਦੀ ਸੋਚ ਦੀ ਤਰ੍ਹਾਂ ਸੀ, ਜਿਨ੍ਹਾਂ ਨੇ ਇਸ ਘਟਨਾ ਦੀ ਨਿੰਦਿਆ ਕੀਤੀ ਸੀ। ਇਸ ਘਟਨਾ ਨੂੰ ਸਾਰੀ ਦੁਨੀਆ ਨੇ ਨਿੰਦਿਆ। ਇੱਥੋਂ ਤੱਕ ਕਿ ਇੰਗਲੈਂਡ ਦੀ ਸੰਸਦ ਦੇ ਹੇਠਲੇ ਤੇ ਉੱਪਰਲੇ ਸਦਨ ਵਿੱਚ ਵੀ ਜ਼ਿਆਦਾ ਮੈਂਬਰਾਂ ਨੇ ਜਨਰਲ ਡਾਇਰ ਨੂੰ ਢੁਕਵੀਂ ਸਜ਼ਾ ਦੇਣ ਦੀ ਮੰਗ ਕੀਤੀ ਸੀ।

# ਸੇਧ ਰਹਿਤ ਜਵਾਨੀ ਦਾ ਧੁੰਦਲਾ ਭਵਿੱਖ

ਸੁਰਿੰਦਰ ਸ਼ਰਮਾ ਨਾਗਰਾ



ਸੰਨ 1947 ਵਿੱਚ ਦੇਸ਼ ਆਜ਼ਾਦ ਹੋਇਆ ਸੀ। ਉਸ ਤੋਂ ਬਾਅਦ ਬਣੀ ਸਰਕਾਰ ਦਾ ਧਿਆਨ ਲਹਿੰਦੇ ਪੰਜਾਬ ਤੋਂ ਆਏ ਲੋਕਾਂ ਦੇ ਮੁੜ ਵਸੇਬੇ ਲਈ ਪਹਿਲ ਦੇ ਆਧਾਰ 'ਤੇ ਗਿਆ। ਨਾਲ-ਨਾਲ ਵਿਕਾਸ ਵੱਲ ਪੂਰੀ ਤਵੱਜੋ ਦਿੱਤੀ। ਮੁੱਖ ਮੁੱਦੇ ਸਨ ਜ਼ਮੀਨਾਂ ਦੀ ਹੱਦਬੰਦੀ, ਖੇਤੀਯੋਗ ਰਕਬਿਆਂ ਦੀ ਸਿੰਚਾਈ ਲਈ ਡੈਮ ਬਣਾ ਕੇ ਨਹਿਰਾਂ ਦਾ ਨਿਰਮਾਣ ਕਰਨਾ, ਆਵਾਜਾਈ ਦੇ ਸਾਧਨ ਪੈਦਾ ਕਰਨ ਲਈ ਸੜਕਾਂ, ਰੇਲਵੇ ਲਾਈਨਾਂ ਦਾ ਨਿਰਮਾਣ ਕਰਨਾ, ਆਤਮ-ਨਿਰਭਰ ਹੋਣ ਲਈ ਉਦਯੋਗ ਸਥਾਪਤ ਕਰਨੇ, ਸਿਹਤ-ਸਹੂਲਤਾਂ ਲਈ ਹਸਪਤਾਲ, ਪਿੰਡੋ-ਪਿੰਡ ਡਿਸਪੈਂਸਰੀਆਂ ਸਥਾਪਤ ਕਰਨਾ। ਦੇਸ਼ ਦੇ ਪ੍ਰਸ਼ਾਸਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਇਸ ਨੂੰ ਵਿਕਾਸ ਦੀ ਲੀਹ 'ਤੇ ਪਾਉਣ ਲਈ ਲੋੜੀਂਦੇ ਵਿਭਾਗ ਸਥਾਪਤ ਕਰਨਾ ਵੀ ਤਰਜੀਹ ਸੀ। ਇਹ ਸਾਰੇ ਕਾਰਜ ਸਰਕਾਰ ਨੇ ਪਹਿਲ ਦੇ ਆਧਾਰ 'ਤੇ ਅਪਣਾਏ ਜਿਸ ਨਾਲ ਰੁਜ਼ਗਾਰ ਦੇ ਨਵੇਂ-ਨਵੇਂ ਮੌਕੇ ਪੈਦਾ ਹੋਏ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਪੜ੍ਹਾਈ ਦਾ ਕੋਈ ਬਹੁਤਾ ਵਧੀਆ ਹਾਲ ਨਹੀਂ ਸੀ। ਉੱਤਰ ਭਾਰਤ ਦੇ ਲੋਕ ਦਸਵੀਂ, ਐੱਫਏ ਤੇ ਅੱਗੇ ਪੜ੍ਹਾਈ ਕਰਨ ਲਈ ਕੇਵਲ ਲਾਹੌਰ ਪੜ੍ਹਨ ਜਾਂਦੇ। ਹੋਰ ਵਿੱਦਿਅਕ ਸੰਸਥਾਵਾਂ ਨਾਮਾਤਰ ਹੀ ਸਨ। ਆਜ਼ਾਦ ਦੇਸ਼ ਦੀ ਸਰਕਾਰ ਨੇ ਵਿੱਦਿਆ ਮੁਹੱਈਆ ਕਰਵਾਉਣ ਦਾ ਮੁੱਦਾ ਪਹਿਲ ਦੇ ਆਧਾਰ 'ਤੇ ਚੁੱਕਿਆ। ਪਿੰਡੋ-ਪਿੰਡ ਸਕੂਲ ਖੋਲ੍ਹੇ, ਵੱਡੇ ਸ਼ਹਿਰਾਂ ਵਿਚ ਯੂਨੀਵਰਸਿਟੀਆਂ ਸਥਾਪਤ ਕੀਤੀਆਂ, ਜ਼ਿਲ੍ਹਾ ਪੱਧਰ 'ਤੇ ਕਾਲਜ ਸਥਾਪਤ ਕੀਤੇ, ਮੈਡੀਕਲ ਕਾਲਜ, ਇੰਜਨੀਅਰਿੰਗ ਕਾਲਜ ਤੇ ਹੋਰ ਤਕਨੀਕੀ ਸਿਖਲਾਈ ਲਈ ਆਈਆਈਟੀ ਸਥਾਪਤ ਕੀਤੀਆਂ ਤਾਂ ਕਿ ਦੇਸ਼ ਵਿੱਚੋਂ ਅਨਪੜ੍ਹਤਾ ਖ਼ਤਮ ਕੀਤੀ ਜਾ ਸਕੇ ਤੇ ਵਿਦਿਆਰਥੀ ਪੜ੍ਹ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਣ ਤੇ ਆਪਣਾ ਪਰਿਵਾਰ ਪਾਲ ਸਕਣ।

ਸੰਨ 1947 ਤੋਂ ਲੈ ਕੇ 1980 ਤੱਕ ਬਹੁਤ ਵਿਕਾਸ ਹੋਇਆ। ਜਿਹੜਾ ਪੰਜ-ਸੱਤ ਜਮਾਤਾਂ ਪੜ੍ਹ ਜਾਂਦਾ ਤਾਂ ਪਟਵਾਰੀ ਲੱਗ ਜਾਂਦਾ ਤੇ ਹੋਰ ਵਿਭਾਗਾਂ ਵਿਚ ਵੀ ਨੌਕਰੀ ਮਿਲ ਜਾਂਦੀ ਸੀ। ਜਿਹੜਾ ਦਸਵੀਂ ਕਰ ਲੈਂਦਾ, ਉਸ ਨੂੰ ਵੀ ਕਿਸੇ ਨਾ ਕਿਸੇ ਵਿਭਾਗ ਵਿੱਚ ਵਧੀਆ ਨੌਕਰੀ ਮਿਲ ਜਾਂਦੀ। ਦਸਵੀਂ ਤੋਂ ਬਾਅਦ ਜਿਹੜਾ ਕੋਈ ਡਿਗਰੀ ਜਾਂ ਡਿਪਲੋਮਾ ਕਰ ਲੈਂਦਾ, ਉਸ ਦੀ ਬੜੀ ਸ਼ਾਨ ਹੁੰਦੀ ਸੀ। ਜਿਹੜੇ ਵਿਦਿਆਰਥੀ ਇੰਜੀਨੀਅਰਿੰਗ ਜਾਂ ਮੈਡੀਕਲ ਦੀ ਡਿਗਰੀ ਕਰ ਲੈਂਦੇ, ਉਹ ਡਾਕਟਰ ਜਾਂ ਇੰਜੀਨੀਅਰ ਬਣ ਜਾਂਦੇ। ਇਨ੍ਹਾਂ ਮਜ਼ਮੂਨਾਂ ਵਾਲੇ ਹੋਰ ਵਿਦਿਆਰਥੀ ਡਿਪਲੋਮਾ ਵਗੈਰਾ ਕਰ ਕੇ ਓਵਰਸੀਅਰ ਜਾਂ ਸਾਇੰਸ ਮਾਸਟਰ ਤਾਂ ਪੱਕੇ ਲੱਗ ਜਾਂਦੇ। ਨਵੇਂ-ਨਵੇਂ ਮਹਿਕਮੇ ਹੋਂਦ ਵਿੱਚ ਆ ਰਹੇ ਸਨ। ਸਰਕਾਰ ਨੂੰ ਮਨੁੱਖੀ ਵਸੀਲਿਆਂ ਦੀ ਜ਼ਰੂਰਤ ਸੀ। ਇਸ ਕਰਕੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ ਗਿਆ ਪਰ ਹੁਣ ਇਹ ਹਾਲ ਹੈ ਕਿ ਹਰ ਮਹਿਕਮੇ ਵਿਚ ਪੋਸਟਾਂ ਖ਼ਾਲੀ ਹਨ ਪਰ ਭਰੀ ਇਕ ਵੀ ਨਹੀਂ ਜਾ ਰਹੀ। ਹੁਣ ਤਾਂ ਬੇਰੁਜ਼ਗਾਰੀ ਰੜਕਣ ਲੱਗੀ ਹੈ। ਪੱਛਮੀ ਬੰਗਾਲ ਵਿਚ ਨਕਸਲਬਾੜੀ ਪਿੰਡ ਤੋਂ ਉੱਠੀ ਮੁਹਿੰਮ ਪੰਜਾਬ ਤੱਕ ਪਹੁੰਚ ਗਈ ਸੀ। ਇੱਥੋਂ ਦੇ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਇਸ ਲਹਿਰ ਨੇ ਆਪਣੇ ਵੱਲ ਖਿੱਚਿਆ। ਸੇਧ ਰਹਿਤ ਨੌਜਵਾਨਾਂ ਦੇ ਹੱਥ ਬੰਦੂਕ ਫੜਾ ਦਿੱਤੀ ਗਈ। ਸਰਕਾਰ ਨੂੰ ਇਹ ਸਮਝ ਹੀ ਨਹੀਂ ਆ ਰਿਹਾ ਸੀ ਕਿ ਇਹ ਕਿਉਂ ਹੋ ਰਿਹਾ ਹੈ। ਦਰਅਸਲ, ਬੇਰੁਜ਼ਗਾਰ ਤੇ ਸੇਧ ਰਹਿਤ ਜਵਾਨੀ ਇਸ ਨਕਸਲਬਾੜੀ ਲਹਿਰ ਵੱਲ ਖਿੱਚੀ ਜਾ ਰਹੀ ਸੀ। ਨਕਸਲਵਾਦ ਮਾਓਵਾਦੀ ਵਿਚਾਰਧਾਰਾ ਦੀ ਪਾਲਣਾ ਕਰਦਾ ਹੈ। ਇਨ੍ਹਾਂ ਦਾ ਵਿਚਾਰ ਸੀ ਕਿ ਇਨਕਲਾਬ ਬੰਦੂਕ ਦੀ ਨਾਲੀ ਵਿੱਚੋਂ ਨਿਕਲਦਾ ਹੈ ਪਰ ਇਸ ਵਿਦਰੋਹ ਨੂੰ ਦਬਾ ਦਿੱਤਾ ਗਿਆ। ਜਾਂ ਤਾਂ ਇਸ ਵਿਚਾਰਧਾਰਾ ਵਾਲੇ ਨੌਜਵਾਨ ਮਾਰ ਦਿੱਤੇ ਗਏ ਜਾਂ ਉਨ੍ਹਾਂ ਆਪਣੇ-ਆਪ ਨੂੰ ਬਦਲ ਲਿਆ ਤੇ ਮੁੱਖਧਾਰਾ ਵਿਚ ਆ ਗਏ। ਇਸ ਤੋਂ ਬਾਅਦ ਪੰਜਾਬ ਨੇ 1980 ਤੋਂ ਲੈ ਕੇ 2000 ਤੱਕ ਅੱਤਵਾਦ ਝੱਲਿਆ। ਬੇਰੁਜ਼ਗਾਰ ਨੌਜਵਾਨ ਅੱਤਵਾਦ ਦੇ ਲਪੇਟੇ ਵਿਚ ਆ ਗਏ। ਉਸ ਦੌਰਾਨ ਅਣਗਿਣਤ ਨੌਜਵਾਨ ਮੌਤ ਦੇ ਮੂੰਹ ਵਿੱਚ ਚਲੇ ਗਏ। ਇਸ ਤਰ੍ਹਾਂ ਸੇਧ ਰਹਿਤ ਜਵਾਨੀ ਦਾ ਬਹੁਤ ਘਾਣ ਹੋਇਆ। ਸਰਕਾਰਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਜਾਂ ਆਤਮ-ਨਿਰਭਰ ਬਣਾਉਣ ਵਾਸਤੇ ਸੇਧ ਦੇਣ ਲਈ ਕੋਈ ਖ਼ਾਸ ਉਪਰਾਲੇ ਨਹੀਂ ਕੀਤੇ। ਬਲਕਿ ਉਨ੍ਹਾਂ ਨੇ ਸਰਕਾਰੀ ਐਜੂਕੇਸ਼ਨ ਵਿਚ ਸੁਧਾਰ ਲਿਆਉਣ ਦੀ ਬਜਾਏ ਪ੍ਰਾਈਵੇਟ ਐਜੂਕੇਸ਼ਨ ਨੂੰ ਉਤਸ਼ਾਹਤ ਕੀਤਾ। ਬੀਤੀ ਸਦੀ ਦੇ ਨੌਵੇਂ ਤੇ ਦਸਵੇਂ ਦਹਾਕੇ ਦੌਰਾਨ ਪ੍ਰਾਈਵੇਟ ਸਕੂਲ, ਕਾਲਜ, ਯੂਨੀਵਰਸਿਟੀਆਂ ਧੜਾਧੜ ਖੁੱਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ। ਸਰਕਾਰੀ ਵਿੱਦਿਅਕ ਸੰਸਥਾਵਾਂ ਦਾ ਪੱਧਰ ਡਿੱਗਦਾ ਗਿਆ ਤੇ ਪ੍ਰਾਈਵੇਟ ਸੰਸਥਾਵਾਂ ਖੁੱਲ੍ਹਦੀਆਂ ਗਈਆਂ। ਇਹ ਇੱਕ ਨਵਾਂ ਉਦਯੋਗ ਬਣ ਗਿਆ ਹੈ। ਪ੍ਰਾਈਵੇਟ ਅਦਾਰਿਆਂ ਵਾਲਿਆਂ ਨੇ ਆਪਣੀਆਂ ਜੇਬਾਂ ਖ਼ੂਬ ਭਰਨੀਆਂ ਸ਼ੁਰੂ ਕੀਤੀਆਂ ਜੋ ਅਜੇ ਤੱਕ ਭਰੀ ਜਾ ਰਹੇ ਹਨ। ਪੈਸੇ ਬਚਾਉਣ ਖ਼ਾਤਰ ਸਰਕਾਰੀ ਐਜੂਕੇਸ਼ਨ ਤੋਂ ਸਰਕਾਰਾਂ ਨੇ ਹੱਥ ਖਿੱਚ ਲਿਆ। ਪ੍ਰਾਈਵੇਟ ਸਕੂਲਾਂ ਨੇ ਬੱਚੇ ਨੂੰ ਕੋਟ ਤੇ ਟਾਈ ਲਗਾਉਣਾ ਤਾਂ ਸਿਖਾ ਦਿੱਤਾ ਪਰ ਭਵਿੱਖ ਕਿਹੋ ਜਿਹਾ ਹੋਵੇਗਾ, ਕੋਈ ਸਕਿੱਲ ਗਾਈਡੈਂਸ ਨਹੀਂ ਦਿੱਤੀ। ਬੱਚੇ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਮਾਂ-ਬਾਪ ਦੀ ਲਗਾ ਦਿੱਤੀ। ਸਕੂਲ ਵਿਚ ਕੇਵਲ ਹੋਮਵਰਕ ਦਿੱਤਾ ਜਾਣ ਲੱਗਾ। ਪ੍ਰਾਈਵੇਟ ਯੂਨੀਵਰਸਿਟੀਆਂ ਨੇ ਕੇਵਲ ਡਿਗਰੀਆਂ ਦੇਣ ਦਾ ਧੰਦਾ ਅਪਣਾ ਲਿਆ। ਇਸ ਤਰ੍ਹਾਂ ਆਪਣੀਆਂ ਜੇਬਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਜੋ ਅਜੇ ਤੱਕ ਭਰੀਆਂ ਜਾ ਰਹੀਆਂ ਹਨ। ਚਾਰ ਦਹਾਕਿਆਂ ਵਿਚ ਵਿੱਦਿਅਕ ਪੱਧਰ ਡਿੱਗਦਾ ਹੀ ਜਾ ਰਿਹਾ ਹੈ। ਬੇਰੁਜ਼ਗਾਰਾਂ ਦੀ ਕਤਾਰ ਲੰਬੀ ਹੁੰਦੀ ਜਾ ਰਹੀ ਹੈ। ਸੰਨ 2000 ਤੋਂ ਲੈ ਕੇ ਅੱਜ ਤੱਕ ਬਹੁ-ਗਿਣਤੀ ਨੌਜਵਾਨ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਵੱਲ ਜਾ ਰਹੇ ਹਨ। ਰਹਿੰਦੀ-ਖੂਹੰਦੀ ਜਵਾਨੀ ਨਸ਼ਿਆਂ ਦੇ ਵੱਸ ਪੈ ਗਈ ਹੈ। ਸਰਕਾਰਾਂ ਤੋਂ ਉਹ ਸੰਭਾਲੀ ਨਹੀਂ ਗਈ ਜਦੋਂਕਿ ਇਹ ਨੌਜਵਾਨ ਸਾਡੇ ਮੁਲਕ ਦਾ ਸਰਮਾਇਆ ਹਨ। ਇਨ੍ਹਾਂ ਦੇ ਮੋਢਿਆਂ 'ਤੇ ਦੇਸ਼ ਦਾ ਭਵਿੱਖ ਟਿਕਿਆ ਹੋਇਆ ਹੈ ਪਰ ਇਸ ਨੌਜਵਾਨੀ ਨੂੰ ਪਤਾ ਨਹੀਂ ਕਿ ਉਹ ਕੀ ਕਰੇ ਤੇ ਕਿੱਧਰ ਨੂੰ ਜਾਵੇ। ਕੰਪਿਊਟਰ ਯੁੱਗ ਤੇ ਆਧੁਨਿਕ ਟੈਕਨਾਲੋਜੀ ਨੇ ਨੌਜਵਾਨਾਂ ਨੂੰ ਵਿਹਲਿਆਂ ਕਰ ਦਿੱਤਾ ਹੈ। ਸਰਕਾਰਾਂ ਦਾ ਇੱਕੋ-ਇੱਕ ਨਾਅਰਾ ਹੈ, 'ਆਤਮ-ਨਿਰਭਰ ਹੋ ਜਾਓ', ਦੇਸ਼ ਨੂੰ ਆਤਮ-ਨਿਰਭਰ ਬਣਾਉਣਾ ਹੈ ਪਰ ਬਣਾਉਣਾ ਕਿਵੇਂ ਹੈ, ਸਰਕਾਰ ਚੁੱਪ ਹੈ। ਪਿੱਛੇ ਜਿਹੇ ਮੈਂ ਇਕ ਦਿਨ ਚੰਡੀਗੜ੍ਹ ਆਪਣੇ ਕੰਮ ਜਾ ਰਿਹਾ ਸੀ। ਝੰਜੇੜੀ ਪਿੰਡ ਦੇ ਨਜ਼ਦੀਕ ਦਿੱਲੀ-ਜੰਮੂ ਕਟੜਾ ਹਾਈਵੇਅ ਦੇ ਫਲਾਈਓਵਰ ਹੇਠ ਬੜਾ ਭਾਰੀ ਜਾਮ ਲੱਗਿਆ ਹੋਇਆ ਸੀ। ਅਸੀਂ ਚਾਰ ਕਤਾਰਾਂ ਵਿੱਚ ਕਾਰਾਂ ਲਗਾ ਕੇ ਜਾ ਰਹੇ ਸੀ ਪਰ ਅੱਗੋਂ ਇਕ ਕਤਾਰ ਬਣ ਕੇ ਕਾਰਾਂ ਨਿਕਲ ਰਹੀਆਂ ਸਨ। ਤੁਸੀਂ ਅੰਦਾਜ਼ਾ ਲਗਾਓ ਕਿ ਕਿੰਨਾ ਸਮਾਂ ਲੱਗਿਆ ਹੋਵੇਗਾ। ਚੰਡੀਗੜ੍ਹ, ਮੋਹਾਲੀ ਵੱਲੋਂ ਆਉਣ ਵਾਲੀਆਂ ਯੂਨੀਵਰਸਿਟੀ ਦੇ ਬੱਚਿਆਂ ਦੀਆਂ ਬੱਸਾਂ ਕਿਤੇ ਪਿੱਛੇ ਰੋਕੀਆਂ ਹੋਣਗੀਆਂ। ਇਸ ਕਰਕੇ ਬੱਚੇ ਪੈਦਲ ਹੀ ਝੰਜੇੜੀ ਵੱਲ ਆ ਰਹੇ ਸਨ। ਵਾਹਨ ਕੀੜੀ ਦੀ ਤਰ੍ਹਾਂ ਸਰਕ ਰਹੇ ਸਨ। ਸਾਡੇ ਸੱਜੇ ਪਾਸੇ ਸੜਕ ਦੇ ਨਾਲ ਲੱਗਦੇ ਕੱਚੇ ਰਸਤੇ 'ਤੇ ਬੱਚੇ ਲਗਾਤਾਰ ਜਾ ਰਹੇ ਸਨ। ਸਭ ਦੇ ਪਿੱਠੂ ਬੈਗ ਪਾਏ ਹੋਏ ਸਨ। ਉਨ੍ਹਾਂ ਦੇ ਚਿਹਰਿਆਂ ਤੋਂ ਭਵਿੱਖ ਦੀ ਚਿੰਤਾ ਸਾਫ਼ ਵਿਖਾਈ ਦੇ ਰਹੀ ਸੀ। ਸਾਨੂੰ ਫਲਾਈਓਵਰ ਤੱਕ ਪਹੁੰਚਦਿਆਂ ਪੂਰਾ ਸਵਾ ਘੰਟਾ ਲੱਗ ਗਿਆ ਪਰ ਉਨ੍ਹਾਂ ਵਿਦਿਆਰਥੀਆਂ ਦੀ ਕਤਾਰ ਨਹੀਂ ਟੁੱਟੀ। ਲਗਪਗ ਦੋ ਹਜ਼ਾਰ ਵਿਦਿਆਰਥੀ ਲੰਘੇ ਹੋਣਗੇ। ਤਕਰੀਬਨ ਐਨੇ ਹੀ ਹੋਰ ਦਿਸ਼ਾਵਾਂ ਤੋਂ ਵੀ ਗਏ ਹੋਣਗੇ। ਇਹ ਵਿਦਿਆਰਥੀ ਡਿਗਰੀਆਂ ਲੈ ਕੇ ਭਵਿੱਖ ਵਿੱਚ ਕੀ ਕਰਨਗੇ, ਕੀ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇਗਾ? ਇਹ ਵੱਡਾ ਸਵਾਲ ਹੈ ਕਿਉਂਕਿ ਪ੍ਰੋਫੈਸ਼ਨਲ ਸਿੱਖਿਆ ਦੀ ਘਾਟ ਕਾਰਨ ਸਭ ਪਾਸੇ ਹਨੇਰਾ ਹੀ ਹਨੇਰਾ ਦਿਖਾਈ ਦਿੰਦਾ ਹੈ।।

# ਜ਼ਿਲ੍ਹੇਦਾਰਾਂ ਦਾ ਜੱਦੀ ਘਰ



## ਸੌਖਾ ਨਹੀਂ ਹੁੰਦਾ ਜੱਦੀ ਘਰ ਨੂੰ ਹਮੇਸ਼ਾ ਲਈ ਅਲਵਿਦਾ ਕਹਿਣਾ

## ਮੁੜ ਮੁੜ ਯਾਦ ਸਤਾਵੇ ਬਰਨਾਲੇ ਵਾਲੇ ਜੱਦੀ ਘਰ ਦੀ







ਮਨੁੱਖ ਆਪਣੀ ਜ਼ਿੰਦਗੀ ਵਿੱਚ ਭਾਵੇਂ ਜਿੰਨੀ ਮਰਜ਼ੀ ਤਰੱਕੀ ਕਰ ਲਵੇ ਅਤੇ ਦੁਨੀਆ ਦੇ ਵਿਕਸਤ ਤੇ ਆਧੁਨਿਕ ਕਹੇ ਜਾਂਦੇ ਮੁਲਕਾਂ ਦੇ ਸੋਹਣੇ-ਸੋਹਣੇ ਅਤੇ ਸਵਰਗ ਵਰਗੇ ਕਹੇ ਜਾਂਦੇ ਸ਼ਹਿਰਾਂ ਵਿੱਚ ਜਾ ਕੇ ਮਹੱਲਾਂ ਵਰਗੇ ਆਲੀਸ਼ਾਨ ਘਰਾਂ ਵਿੱਚ ਜਾ ਕੇ ਰਹਿਣ ਲੱਗ ਜਾਵੇ ਤਾਂ ਵੀ ਉਸ ਨੂੰ ਉਹ ਘਰ ਅਤੇ ਪਿੰਡ-ਗਰਾਂ ਕਦੇ ਵੀ ਨਹੀਂ ਭੁੱਲਦਾ, ਜਿਥੇ ਕਿ ਉਸ ਦਾ ਬਚਪਨ ਬੀਤਿਆਂ ਹੋਵੇ ਅਤੇ ਉਹ ਘਰ ਵੀ ਉਸ ਦੇ ਬੁਢਾਪੇ ਵਿੱਚ ਜਾ ਕੇ ਸਦਾ ਲਈ ਅੱਖਾਂ ਮੀਚਣ ਸਮੇਂ ਤੱਕ ਯਾਦ ਰਹਿੰਦਾ ਹੈ , ਜਿਸ ਘਰ ਵਿੱਚ ਰਹਿ ਕੇ ਬਚਪਣ ਮੌਲਿਆ ਹੋਵੇ, ਅੱਲ੍ਹੜ ਉਮਰ ਤੋਂ ਲੈ ਕੇ ਜਵਾਨੀ ਤੱਕ ਦਾ ਸਫ਼ਰ ਤੈਅ ਕੀਤਾ ਹੋਵੇ ਅਤੇ ਜਿਸ ਘਰ ਦੇ ਕਮਰਿਆਂ ਵਿੱਚ ਬੈਠ ਕੇ ਅੱਲ੍ਹੜ ਉਮਰ ਦੇ ਹੁਸੀਨ ਸੁਪਨੇ ਲਏ ਹੋਣ। ਮੇਰਾ ਆਪਣਾ ਜੱਦੀ ਸ਼ਹਿਰ ਬਰਨਾਲਾ ਹੈ, ਜਿਥੋਂ ਦੀਆਂ ਗਲੀਆਂ ਵਿੱਚ ਖੇਡ ਕੇ ਮੈਂ ਵੱਡਾ ਹੋਇਆਂ ਹਾਂ। ਬਰਨਾਲਾ ਦੇ ਪੱਖੋ ਵਾਲਾ ਬਾਗ ਮੁਹੱਲੇ ਵਿੱਚ ਸਾਡਾ ਜੱਦੀ ਘਰ ਹੁੰਦਾ ਸੀ, ਜੋ ਕਿ ਮੇਰੇ ਮਾਪਿਆਂ ਨੇ ਮੇਰੀ ਮਾਂ ਦੇ ਸੋਨੇ ਦੇ ਗਹਿਣੇ ਵੇਚ ਕੇ 1969 ਵਿੱਚ ਬਣਾਇਆ ਸੀ। ਮੇਰੇ ਭਾਪਾ ਜੀ ਦੇ ਸਿੰਜਾਈ ਵਿਭਾਗ ਵਿੱਚ ਜ਼ਿਲ੍ਹੇਦਾਰ ਅਤੇ ਫੇਰ ਤਰੱਕੀ ਮਿਲਣ ਤੋਂ ਬਾਅਦ ਡਿਪਟੀ ਕੁਲੈਕਟਰ ਹੋਣ ਕਰਕੇ ਸਾਡੇ ਘਰ ਵਿੱਚ ਹਰ ਤਰ੍ਹਾਂ ਦੀ ਸੁੱਖ ਸਹੂਲਤ ਸੀ। ਸਾਡਾ ਇਹ ਘਰ ਬਹੁਤ ਵੱਡਾ ਤੇ ਖੁੱਲ੍ਹਾ-ਡੁੱਲ੍ਹਾ ਸੀ। ਜਿਹੜਾ ਮੇਰਾ ਦੋਸਤ ਪਹਿਲੀ ਵਾਰ ਮੇਰੇ ਨਾਲ ਸਾਡੇ ਘਰ ਆਉਂਦਾ ਸੀ ਤਾਂ ਉਹ ਇਹ ਵੇਖ ਕੇ ਬਹੁਤ ਜ਼ਿਆਦਾ ਹੈਰਾਨ ਹੋ ਜਾਂਦਾ ਸੀ ਕਿ ਸਾਡੇ ਘਰ ਦੇ ਬਿਲਕੁਲ ਸਾਹਮਣੇ ਜਿੰਨੀ ਜ਼ਮੀਨ ਵਿੱਚ ਪੰਜ ਘਰ ਬਣੇ ਹੋਏ ਸਨ ਤੇ ਉੱਨੀ ਹੀ ਜ਼ਮੀਨ ਵਿੱਚ ਸਾਡਾ ਇਕੱਲਿਆਂ ਦਾ ਹੀ ਘਰ ਸੀ। ਸਾਡੇ ਇਸ ਘਰ ਦੀ ਖਾਸ ਪਹਿਚਾਣ ਇਹ ਸੀ ਕਿ ਇਸ ਘਰ ਦੇ ਅੰਦਰ ਤਾਂ ਕਈ ਵਾਰ ਕੰਧਾਂ ਉੱਪਰ ਰੰਗ ਰੋਗਣ ਬਦਲ ਬਦਲ ਕੇ ਕਰਵਾਇਆ ਜਾਂਦਾ ਰਿਹਾ, ਪਰ ਇਸ ਆਲੀਸ਼ਾਨ ਘਰ ਦੇ ਬਾਹਰ ਹਰ ਵਾਰੀ ਰੰਗ ਕਰਵਾਉਣ ਸਮੇਂ ਚਿੱਟੇ ਰੰਗ ਦਾ ਜਾਂ ਗਰੇਅ ਰੰਗ ਦਾ ਸੁਮੋਸਮ ਹੀ ਕਰਵਾਇਆ ਜਾਂਦਾ ਸੀ, ਜਿਸ ਕਰਕੇ ਸਾਡੇ ਘਰ ਨੂੰ ਇਲਾਕਾ ਵਾਸੀਆਂ ਵਲੋਂ "ਵਾਈਟ ਹਾਊਸ " ਵੀ ਕਿਹਾ ਜਾਂਦਾ ਸੀ, ਉਂਝ ਮੇਰੇ ਭਾਪਾ ਜੀ ਦੇ ਜ਼ਿਲ੍ਹੇਦਾਰ ਹੋਣ ਕਰਕੇ ਸਾਡੇ ਘਰ ਨੂੰ 'ਜ਼ਿਲ੍ਹੇਦਾਰਾਂ ਦਾ ਘਰ' ਕਿਹਾ ਜਾਂਦਾ ਸੀ। ਲੰਬਾ ਤੇ ਵੱਡਾ ਘਰ ਹੋਣ ਕਰਕੇ ਇਹ ਲਿਸ਼ਕਦਾ ਸਫੈਦ ਘਰ ਦੂਰੋਂ ਹੀ ਲਿਸ਼ਕਾਂ ਮਾਰਦਾ ਸੀ। ਬਾਕੀ ਆਲੇ ਦੁਆਲੇ ਦੇ ਘਰਾਂ ਉਪਰ ਆਮ ਕਲੀ ਰੰਗ ਬਰੰਗੀ ਹੁੰਦੀ ਸੀ, ਜਿਸ ਕਰਕੇ ਸਾਡੇ ਇਸ ਘਰ ਉੱਪਰ ਹੋਇਆ ਦੁੱਧ ਚਿੱਟਾ ਸਫੈਦ ਰੰਗ ਦਾ ਮਹਿੰਗਾ ਸੁਮੋਸਮ ਤੇ ਪਲਾਸਟਿਕ ਪੇਂਟ ਬਹੁਤ ਲਿਸ਼ਕਦਾ ਸੀ। ਇਲਾਕਾ ਵਾਸੀ ਇਸ ਨੂੰ ਜ਼ਿਲ੍ਹੇਦਾਰਾਂ ਦਾ ਘਰ ਕਹਿੰਦੇ ਸਨ, ਜੋ ਕਿ ਇਨ੍ਹਾਂ ਦੀ ਅੱਲ ਵਾਂਗ ਹੀ ਮਸ਼ਹੂਰ ਹੋ ਗਿਆ ਸੀ। ਇਹ ਘਰ ਕੋਠੀਆਂ ਵਾਂਗੂ ਨੀਵੀਂਆਂ ਕੰਧਾਂ ਵਾਲਾ ਨਹੀਂ ਸੀ ਸਗੋਂ ਇਸ ਘਰ ਦੀਆਂ ਪੁਰਾਤਨ ਹਵੇਲੀਆਂ ਵਾਂਗੂ ਉੱਚੀਆਂ ਤੇ ਕਾਫ਼ੀ ਚੌੜੀਆਂ ਕੰਧਾਂ ਸਨ। ਇਸ ਦੀਆਂ ਦੋ ਵੱਡੀਆਂ-ਵੱਡੀਆਂ ਛੱਤਾਂ ਸਨ ਅਤੇ ਵਿਚਾਲੇ ਵਿਸ਼ਾਲ ਵਿਹੜਾ ਸੀ। ਇਸ ਘਰ ਦੇ ਮੁੱਖ ਗੇਟ ਅੱਗੇ ਹੀ ਵਿਸ਼ਾਲ ਵਿਹੜਾ ਸੀ। ਜਿਸ ਦੇ ਦੋਵੇਂ ਪਾਸੇ ਵੱਡੇ-ਵੱਡੇ ਬਰਾਂਡੇ ਸਨ। ਅਸਲ ਵਿੱਚ ਇਸ ਘਰ ਦੇ ਦੋ ਪੋਰਸ਼ਨ ਸਨ, ਇੱਕ ਹਿੱਸਾ ਦੂਜੇ ਹਿੱਸੇ ਨਾਲੋਂ ਕਾਫ਼ੀ ਉੱਚਾ ਸੀ ਤਾਂ ਕਿ ਭਾਰੀ ਬਰਸਾਤ ਅਤੇ ਹੜ੍ਹ ਆਉਣ ਦੀ ਸੂਰਤ ਵਿੱਚ ਘਰ ਦਾ ਅੱਧਾ ਹਿੱਸਾ ਪਾਣੀ ਤੋਂ ਬਚਿਆ ਰਹੇ।

ਸਾਡੇ ਘਰ ਦੇ ਅੰਦਰ ਜਾਂਦੇ ਹੀ ਵਿਹੜੇ ਦੇ ਸੱਜੇ ਪਾਸੇ ਬਰਾਂਡੇ ਪਿਛੇ ਇੱਕ ਵੱਡਾ ਸਾਰਾ ਡਰਾਇੰਗ ਰੂਮ ਅਤੇ ਉਸ ਦੇ ਬਰਾਬਰ ਹੀ ਉੱਨੀ ਹੀ ਜਗ੍ਹਾ ਵਿੱਚ 2 ਬੈਠਕਾਂ ਬਣੀਆਂ ਹੋਈਆਂ ਸਨ। ਡਰਾਇੰਗ ਰੂਮ 'ਚ ਹਰ ਤਰ੍ਹਾਂ ਦਾ ਫਰਨੀਚਰ ਮੌਜੂਦ ਸੀ, ਦੂਜੇ ਪਾਸੇ ਪਹਿਲੀ ਬੈਠਕ ਜਿਸ ਦਾ ਇੱਕ ਦਰਵਾਜਾ ਡਰਾਇੰਗ ਰੂਮ ਵਾਂਗੂ ਦੂਜੀ ਸੜਕ 'ਤੇ ਖੁੱਲ੍ਹਦਾ ਸੀ, ਉਸ ਨੂੰ ਭਾਪਾ




ਜੀ ਦੀ ਬੈਠਕ ਕਿਹਾ ਜਾਂਦਾ ਸੀ, ਕਿਉਂਕਿ ਇਸ ਬੈਠਕ ਵਿੱਚ ਮੇਰੇ ਭਾਪਾ ਜੀ ਆਪਣੀ ਮੇਜ਼ ਕੁਰਸੀ ਉੱਪਰ ਬੈਠ ਕੇ ਆਪਣੇ ਦਫ਼ਤਰ ਦਾ ਕੰਮ ਅਤੇ ਹੋਰ ਲਿਖਾ ਪੜ੍ਹੀ ਕਰਦੇ ਰਹਿੰਦੇ ਸਨ। ਉਹਨਾਂ ਦੀ ਮੇਜ਼ ਉਪਰ ਪੈਨ ਸਟੈਂਡ, ਲਾਲ ਅਤੇ ਨੀਲੀ ਸਿਆਹੀ ਦੀਆਂ ਦਵਾਤਾਂ ਹਮੇਸ਼ਾ ਪਈਆਂ ਰਹਿੰਦੀਆਂ ਸਨ, ਇਸ ਤੋਂ ਇਲਾਵਾ ਘਰ ਵਿੱਚ ਆਉਂਦੀ ਚਿੱਠੀ ਪੱਤਰੀ ਅਤੇ ਕਿਤਾਬਾਂ ਵੀ ਇਸੇ ਮੇਜ਼ ਉੱਪਰ ਰੱਖੀਆਂ ਹੁੰਦੀਆਂ ਸਨ। ਇਸ ਬੈਠਕ ਵਿੱਚ ਦੋ ਲੱਕੜ ਦੀਆਂ ਅਲਮਾਰੀਆਂ ਸਨ ਜਿਨ੍ਹਾਂ ਵਿੱਚ ਤਰ੍ਹਾਂ-ਤਰ੍ਹਾਂ ਦਾ ਸਮਾਨ ਪਿਆ ਹੁੰਦਾ ਸੀ। ਇਸ ਬੈਠਕ ਵਿੱਚ ਹੀ ਸੀਮਿੰਟ ਦੀ ਇੱਕ ਵੱਖਰੇ ਹੀ ਡਿਜ਼ਾਈਨ ਵਾਲੀ ਅਲਮਾਰੀ/ ਸੈਲਫ ਬਣੀ ਹੁੰਦੀ ਸੀ, ਜਿਸ ਉੱਪਰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਵੱਡੀਆਂ ਤਸਵੀਰਾਂ ਪਈਆਂ ਸਨ। ਦੂਜੀ ਬੈਠਕ ਨੂੰ "ਲੱਕੀ ਦੀ ਬੈਠਕ" ਕਿਹਾ ਜਾਂਦਾ ਸੀ, ਕਿਉਂਕਿ ਉਸ ਬੈਠਕ ਵਿੱਚ ਮੇਰੀਆਂ ਕਿਤਾਬਾਂ ਅਤੇ ਹੋਰ ਸਮਾਨ ਹੁੰਦਾ ਸੀ। ਇਸ ਬੈਠਕ ਵਿੱਚ ਸੀਮਿੰਟ ਦੀ ਇੱਕ ਡਿਜ਼ਾਇਨਦਾਰ ਸੈਲਫ ਬਣੀ ਹੋਈ ਸੀ। ਬੈਠਕ ਦੀ ਡਰਾਇੰਗ ਰੂਮ ਵਾਲੀ ਕੰਧ ਵਿੱਚ ਦੋ ਅਲਮਾਰੀਆਂ ਬਣੀਆਂ ਹੋਈਆਂ ਸਨ ਤੇ ਇਕ ਖਿੜਕੀ ਸੜਕ ਵਾਲੇ ਪਾਸੇ ਖੁੱਲ੍ਹਦੀ ਸੀ। ਇਸ ਤੋਂ ਇਲਾਵਾ ਇਸ ਬੈਠਕ ਦੀ ਬਰਾਂਡੇ ਨਾਲ ਸਾਂਝੀ ਕੰਧ ਵਿੱਚ ਵੀ ਇੱਕ ਅਲਮਾਰੀ ਬਣੀ ਹੋਈ ਸੀ, ਜਿਸ ਨੂੰ ਭਾਂਡਿਆਂ ਵਾਲੀ ਅਲਮਾਰੀ ਕਿਹਾ ਜਾਂਦਾ ਸੀ । ਇਸ ਅਲਮਾਰੀ ਵਿੱਚ ਸਟੀਲ, ਚੀਨੀ ਮਿੱਟੀ ਅਤੇ ਕੱਚ ਦੇ ਨਵੇਂ ਭਾਂਡੇ ਰਖੇ ਹੋਏ ਸਨ। ਬੈਠਕਾਂ ਅਤੇ ਡਰਾਇੰਗ ਰੂਮ ਦੇ ਸਾਰੇ ਬੈਠਕਾਂ ਦੇ ਦਰਵਾਜ਼ਿਆਂ ਨੂੰ ਜਾਲੀ ਵਾਲੇ ਦਰਵਾਜ਼ੇ ਵੀ ਲੱਗੇ ਹੋਏ ਸਨ। ਡਰਾਇੰਗ ਰੂਮ ਵਿਚੋਂ ਹੀ ਇੱਕ ਦਰਵਾਜ਼ਾ ਭਾਪਾ ਜੀ ਦੀ ਬੈਠਕ ਵਿੱਚ ਵੀ ਖੁੱਲ੍ਹਦਾ ਸੀ।

ਸਾਡੇ ਇਸ ਘਰ ਦੇ ਅੰਦਰ ਜਾਣ ਲਈ ਬਣੇ ਮੁੱਖ ਲਾਂਘੇ ਦੇ ਸੱਜੇ ਪਾਸੇ ਬਾਥਰੂਮ ਸੀ ਤੇ ਖੱਬੇ ਪਾਸੇ ਰਸੋਈ ਸੀ। ਇਸ ਤੋਂ ਇਲਾਵਾ ਰਸੋਈ ਦੇ ਬਾਹਰ ਵਿਹੜੇ ਵਿੱਚ ਵੀ ਸੰਗਮਰਮਰ ਦੇ ਵੱਡੇ ਪੱਥਰ ਲਗਾ ਕੇ ਓਪਨ ਰਸੋਈ ਬਣਾਈ ਹੋਈ ਸੀ। ਇਸ ਤਰ੍ਹਾਂ ਘਰ ਦੇ ਵਿਹੜੇ ਦੇ ਖੱਬੇ ਪਾਸੇ ਇੱਕ ਵੱਡਾ ਤੇ ਉੱਚਾ ਬਰਾਂਡਾ ਹੁੰਦਾ ਸੀ, ਜਿਸ ਦੇ ਨਾਲ ਹੀ ਇੱਕ ਸਟੋਰ ਹੁੰਦਾ ਸੀ ਇਸ ਬਰਾਂਡੇ ਅਤੇ ਸਟੋਰ ਦੇ ਪਿਛੇ ਦੋ ਕਮਰੇ ਸਨ, ਜਿਨ੍ਹਾਂ ਵਿੱਚ ਇੱਕ ਪੇਟੀਆਂ ਵਾਲਾ ਕਮਰਾ ਸੀ, ਜੋ ਕਿ ਛੋਟਾ ਸੀ। ਦੂਜਾ ਵਿਸ਼ਾਲ ਬੈਡਰੂਮ ਸੀ, ਜਿਸ ਨੂੰ ਪਿਛਲਾ ਕਮਰਾ ਵੀ ਕਹਿੰਦੇ ਸਨ। ਪਹਿਲਾਂ ਇਸ ਕਮਰੇ ਦਾ ਇੱਕ ਦਰਵਾਜ਼ਾ ਸੜਕ ਵਲ ਵੀ ਖੁੱਲ੍ਹਦਾ ਸੀ, ਜੋ ਕਿ ਕਈ ਸਾਲ ਬਾਅਦ ਬੰਦ ਕਰ ਦਿੱਤਾ ਗਿਆ ਸੀ। ਇਸ ਕਮਰੇ ਵਿੱਚ ਇੱਕ ਪਾਸੇ ਪੜਛੱਤੀ ਤੇ ਦੂਜੇ ਪਾਸੇ ਦਬਕਾ ਹੁੰਦਾ ਸੀ,ਜਿਸ ਵਿੱਚ ਵਾਧੂ ਘਾਟੂ ਨੂੰ ਸਮਾਨ ਰੱਖਿਆ ਹੁੰਦਾ ਸੀ। ਇਸ ਪਿਛਲੇ ਕਮਰੇ ਅਤੇ ਬਰਾਂਡੇ ਦੀਆਂ ਛੱਤਾਂ ਬਹੁਤ ਉੱਚੀਆਂ ਸਨ, ਕਰੀਬ 25 ਫੁੱਟ ਉੱਚੀਆਂ, ਜਿਸ ਕਰਕੇ ਇਨ੍ਹਾਂ ਕਮਰਿਆਂ ਵਿੱਚ ਪੱਖੇ ਟੰਗਣ ਵੇਲੇ ਅਤੇ ਰੰਗ ਰੋਗਣ ਕਰਨ ਵੇਲੇ ਬੜੀ ਮੁਸ਼ਕਿਲ ਆ ਜਾਂਦੀ ਸੀ। ਸਰਦੀਆਂ ਵਿੱਚ ਅਸੀਂ ਇਸ ਕਮਰੇ ਵਿੱਚ ਹੀ ਸੌਂਦੇ ਸੀ ਪਰ ਗਰਮੀਆਂ ਵਿੱਚ ਸਾਰੇ ਦੂਜੇ ਪੋਰਸ਼ਨ ਵਿੱਚ ਜਾਂ ਫਿਰ ਵਿਹੜੇ ਤੇ ਛੱਤ ਉਪਰ ਜਾਂ ਕਦੇ ਕਦਾਈਂ ਗੈਲਰੀ ਵਿੱਚ ਸੌਂਦੇ ਸੀ।

ਇਸ ਘਰ ਦੀ ਛੱਤ ਉੱਪਰ ਇੱਕ ਆਮ ਜਿਹਾ ਲੋਹੇ ਦੀਆਂ ਚਾਦਰਾਂ ਦੀ ਛੱਤ ਵਾਲਾ ਚੁਬਾਰਾ ਸੀ ।ਘਰ ਦੇ ਬਰਾਂਡੇ ਵਿਚੋਂ ਪਹਿਲੀ ਛੱਤ ਉਪਰ ਜਾਂਦੇ ਸਮੇਂ ਰਸਤੇ ਵਿਚ ਬਿਲਕੁਲ ਸੱਜੇ ਪਾਸੇ ਇਕ ਵੱਡੀ ਸਾਰੀ ਗੈਲਰੀ (ਚੁਬਾਰਾ) ਹੁੰਦੀ ਸੀ। ਜਿਸ ਦੇ ਅੰਦਰ ਜਾ ਕੇ ਇੱਕ ਹੋਰ ਕਮਰਾ ਸੀ ਜੋ ਕਿ ਸਾਡੇ ਭਾਪਾ ਜੀ ਨੇ ਲਾਇਬ੍ਰੇਰੀ ਬਣਾਇਆ ਹੋਇਆ ਸੀ ਇਹ ਗੈਲਰੀ ਨੁਮਾ ਲਾਇਬ੍ਰੇਰੀ ਪੂਰੀ ਤਰ੍ਹਾਂ ਕੁਦਰਤੀ ਰੋਸ਼ਨੀ ਅਤੇ ਤਾਜ਼ੀ ਹਵਾ ਨਾਲ ਲੈਸ ਸੀ ਕਿਉਂਕਿ ਇਸ ਗੈਲਰੀ ਦੇ ਦੋਵੇਂ ਪਾਸੇ ਨੌ-ਨੌ ਖਿੜਕੀਆਂ ਸਨ ਜੋ ਕਿ ਇੱਕ ਪਾਸੇ ਵਿਹੜੇ ਅਤੇ ਬਰਾਂਡੇ ਵਿੱਚ ਅਤੇ ਦੂਜੇ ਪਾਸੇ ਬਾਹਰ ਸੜਕ ਉੱਪਰ ਖੁੱਲ੍ਹਦੀਆਂ ਸਨ ਇਹਨਾਂ ਸਾਰੀਆਂ ਖਿੜਕੀਆਂ ਨੂੰ ਖੋਲ੍ਹਣ 'ਤੇ ਰੁਮਕਦੀ ਤਾਜ਼ੀ ਤੇ ਠੰਡੀ ਹਵਾ ਰੂਹ ਨੂੰ ਤ੍ਰਿਪਤ ਕਰ ਜਾਂਦੀ ਸੀ। ਅਸਲ ਵਿੱਚ ਇਹ ਗੈਲਰੀ ਗੁਸਲਖ਼ਾਨੇ, ਲਾਂਘੇ, ਰਸੋਈ, ਸਟੋਰ ਦੇ ਉਪਰ ਬਣੀ ਹੋਈ ਸੀ, ਜਿਸ ਦਾ ਰਸਤਾ ਪੌੜੀਆਂ ਵਿਚੋਂ ਸੀ।

ਇਸ ਤੋਂ ਇਲਾਵਾ ਸਾਡੇ ਇਸ ਘਰ ਦੀਆਂ ਛੱਤਾਂ ਦਾ ਵਰਨਣ ਵੀ ਕਰਨ ਯੋਗ ਹੈ ਕਿਉਂਕਿ ਇਸ ਘਰ ਦੀਆਂ ਛੱਤਾਂ ਬਹੁਤ ਵੱਡੀਆਂ ਅਤੇ ਚੌੜੀਆਂ ਸਨ ਤੇ ਇਹਨਾਂ ਵਿਸ਼ਾਲ ਛੱਤਾਂ ਉਪਰ ਸੈਰ ਕਰਕੇ ਬਹੁਤ ਆਨੰਦ ਆਉਂਦਾ ਸੀ। ਇਸ ਘਰ ਦੀ ਹੇਠਲੀ ਛੱਤ ਨੂੰ ਪੁਰਾਣੀ ਛੱਤ ਅਤੇ ਉੱਪਰਲੀ ਛੱਤ ਨੂੰ ਨਵੀਂ ਛੱਤ ਕਿਹਾ ਜਾਂਦਾ ਸੀ। ਮੈਂ ਆਪਣੇ ਬਚਪਣ ਤੇ ਅੱਲ੍ਹੜ ਉਮਰ ਵਿੱਚ ਲੰਬਾ ਸਮਾਂ ਜਿਥੇ ਨਵੀਂ ਛੱਤ ਉੱਪਰ ਸਵੇਰ ਵੇਲੇ ਵਰਜਿਸ ਕੀਤੀ,ਉਥੇ ਛੱਤਾਂ ਬਹੁਤ ਲੰਬੀਆਂ ਅਤੇ ਚੌੜੀਆਂ ਹੋਣ ਕਰਕੇ ਕਈ ਵਾਰ ਛੋਟੇ ਬੱਚਿਆਂ ਨਾਲ ਹਾਕੀ ਤੇ ਫੁੱਟਬਾਲ ਵੀ ਖੇਡੀ, ਬੈਡਮਿੰਟਨ ਤਾਂ ਛੋਟੇ ਹੁੰਦੇ ਅਕਸਰ ਹੀ ਖੇਡਦੇ ਹੁੰਦੇ ਸੀ। ਇਸ ਘਰ ਦੇ ਕਮਰੇ ਤਾਂ ਸਾਰੇ ਹੀ ਵੱਡੇ ਵੱਡੇ ਸਨ ਪਰ ਫਰਨੀਚਰ ਤੇ ਹੋਰ ਸਾਮਾਨ ਜਿਆਦਾ ਹੋਣ ਕਰਕੇ ਉਹ ਫਿਰ ਵੀ ਸਾਨੂੰ ਛੋਟੇ ਲੱਗਦੇ ਸਨ। 1969 'ਚ ਮੇਰੇ ਮਾਪਿਆ ਵੱਲੋਂ ਬਣਾਇਆ ਇਹ ਆਲੀਸ਼ਾਨ ਘਰ ਸਾਨੂੰ 2006 ਵਿਚ ਆਰਥਿਕ ਮਜਬੂਰੀ ਕਾਰਨ ਵੇਚਣਾ ਪਿਆ ਤੇ ਹੁਣ ਇਸ ਘਰ ਦਾ ਵਜੂਦ ਇਸ ਧਰਤੀ ਤੋਂ ਅਲੋਪ ਹੋ ਚੁੱਕਿਆ ਹੈ ਪਰ ਇਹ ਘਰ ਸਾਡੇ ਚੇਤਿਆਂ ਵਿੱਚ ਅਜੇ ਵੀ ਵਸਿਆ ਹੋਇਆ ਹੈ।





# ਕੈਨੇਡਾ ਦੇ ਇਤਿਹਾਸ 'ਚ ਨਸਲਵਾਦ ਨੂੰ ਚੁਣੌਤੀ ਦੀ ਸ਼ਾਨਾਮੱਤੀ ਸਾਖੀ


ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550

ਕੈਨੇਡਾ ਦੇ ਇਤਿਹਾਸ ਵਿੱਚ ਨਸਲਵਾਦ ਨੂੰ ਜ਼ਬਰਦਸਤ ਚੁਣੌਤੀ ਦੇਣ ਵਾਲੀ ਇੱਕ ਗੌਰਵਮਈ ਗਾਥਾ ਤੇ ਸ਼ਾਨਾਮੱਤਾ ਇਤਿਹਾਸ ਸਾਂਝਾ ਕਰ ਰਹੇ ਹਾਂ। ਇਸ ਸੱਚੀ ਸਾਖੀ ਨੂੰ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੰਨ੍ਹਣ ਵਜੋਂ ਚੇਤੇ ਕੀਤਾ ਜਾਣਾ ਬਣਦਾ ਹੈ। ਇਸ ਗਾਥਾ ਦਾ ਖਲਨਾਇਕ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦਾ ਏਜੰਟ ਐਂਗਲੋ-ਇੰਡੀਅਨ ਵਿਲੀਅਮ ਹਾਪਕਿਨਸਨ ਹੈ, ਜਿਸ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਆਪਣੇ ਏਜੰਟ ਰਾਹੀਂ ਸ਼ਹੀਦ ਕਰਵਾਇਆ ਸੀ। ਇਸ ਗੌਰਵਮਈ ਸਾਖੀ ਦਾ ਨਾਇਕ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਹੈ, ਜਿਸ ਨੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ੀ ਦੁਸ਼ਟ ਹਾਪਕਿਨਸਨ ਨੂੰ ਸੋਧਿਆ ਸੀ। ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ।

21 ਅਕਤੂਬਰ 1914 ਦੇ ਦਿਨ ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ ਸੀ। ਇਹ ਇਤਿਹਾਸ ਜਾਨਣਾ ਇਸ ਕਰਕੇ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓਂ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ, ਭਾਈ ਸਾਹਿਬ ਨੂੰ ਫ਼ਾਂਸੀ ਹੋਈ ਸੀ। ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਅੰਗਰੇਜ਼ ਅਤੇ ਮਾਂ ਭਾਰਤੀ ਹਿੰਦੂ ਸੀ, ਇਸੇ ਕਾਰਨ ਉਸ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ਼ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ਼ ਲੰਡਨ' ਦੇ ਇੱਕ ਪੱਤਰਕਾਰ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫ਼ੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਬ੍ਰਿਟਿਸ਼ ਹਾਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈ ਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ। ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਵਿੱਚ ਘੁਸਪੈਠ ਕਰ ਲਿਆ।

ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ ਹਾਪਕਿਨਸਨ ਨੇ ਬੇਲਾ ਜਿਆਣ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ਼ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟਾਚਾਰੂ ਕਾਰਵਾਈਆਂ ਜ਼ਾਹਿਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਸੂਹੀਏ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਹਾਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ਼ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫ਼ਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ।

ਹਾਪਕਿਨਸਨ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਸਿੱਖਾਂ ਨੂੰ ਸ਼ਹੀਦ ਕਰਵਾਉਣ ਦੀ ਸੀ। ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਦੇ ਭਿਅੰਕਰ ਦੋਸ਼ ਕਰ ਕੇ ਅੱਜ ਤੋਂ 111 ਵਰ੍ਹੇ ਪਹਿਲਾਂ, ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ।



ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫ਼ੀ ਮਿਲਦੀ ਹੈ। ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਕਦਮ ਤੋਂ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫ਼ਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ-ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫ਼ਲਸਫ਼ਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। 21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫ਼ਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ।



ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫ਼ੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫ਼ੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫ਼ੋਰਡ ਦੇ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ 'ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ 1914 ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖ਼ਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫ਼ਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ।

ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਹਾਪਕਿਨਸਨ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫ਼ਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫ਼ਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ।

30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਭਾਈ ਸਾਹਿਬ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ।

ਨਸਲਵਾਦੀ ਹਾਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਭਾਈ ਮੇਵਾ ਸਿੰਘ ਵਲੋਂ ਕਬੂਲਣ ਮਗਰੋਂ, ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫ਼ੈਸਲਾ ਕਰਦਿਆਂ, ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ " ਗਾਇਨ ਕਰਦਿਆਂ, ਹੱਸਦੇ-ਹੱਸਦੇ ਫ਼ਾਂਸੀ ਚੜ੍ਹ ਗਏ। ਜੇਲ੍ਹ ਬਾਹਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ, ਧਰਮੀ ਯੋਧੇ ਦੀ 'ਜੈ ਜੈ ਕਾਰ' ਕਰ ਰਹੇ ਸਨ।

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿੱਚ 2020 ਨੂੰ ਮਤਾ ਲਿਆਂਦਾ ਅਤੇ 11 ਜਨਵਰੀ ਨੂੰ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿੱਚ ਹੀ ਭਾਈ ਸਾਹਿਬ ਨੂੰ ਫ਼ਾਂਸੀ ਦਿੱਤੀ ਗਈ ਸੀ। ਸਾਬਕਾ ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ।

(ਬਾਕੀ ਸਫ਼ਾ 27 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਪੰਜਾਬੀ ਸੂਬਾ 1 ਨਵੰਬਰ 1966



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377

ਹਿੰਦੁਸਤਾਨ ਦੀ ਰਾਜਨੀਤੀ ਵਿੱਚ ਪੰਜਾਬੀ ਸੂਬੇ ਦੀ ਮੰਗ ਦਾ ਰਾਹ ਬੜਾ ਸੰਘਰਸ਼ਮਈ ਹੈ। ਸਾਕਾ ਗੁਰੂ ਕਾ ਬਾਗ ਸਿੱਖਾਂ ਦਾ ਇੱਕ ਲੰਬਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਫੈਸਲਾ ਆਪ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਪੈਪਸੂ ਵਿੱਚ ਪੰਜਾਬੀਆਂ ਦੀ ਵੱਡੀ ਵਸੋਂ ਸੀ। ਖੇਤੀ ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿੱਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿੱਚ ਵਿਤਕਰਾ ਕੀਤਾ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ ਤੇ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬੇ ਦੀ ਮੰਗ ਉਠਾਈ। ਹਿੰਦੁਸਤਾਨ ਵਿੱਚ ਸ਼ਾਮਲ ਰਾਜਾਂ ਦੀ ਵੰਡ ਨਿਸ਼ਚਿਤ ਢੰਗ ਨਾਲ ਨਾ ਹੋਈ।

1948 ਵਿੱਚ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਲਈ ਕਮਿਸ਼ਨ ਬਣਾਇਆ। ਜਿਸ ਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਸੀ। ਉੱਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿੱਚ ਆਏ ਸੰਨ 1953 ਵਿੱਚ ਰਾਜ ਪੁਨਰਗਠਨ ਕਮਿਸ਼ਨ ਬਣਿਆ। ਜਿਸ ਨੇ ਪਟਿਆਲਾ ਅਤੇ ਪੈਪਸੂ ਨਾਲ ਹਿਮਾਚਲ ਪੰਜਾਬ ਨਾਲ ਜੋੜਨ ਦੀ ਸਿਫ਼ਾਰਸ਼ ਕੀਤੀ। 16 ਅਕਤੂਬਰ 1955 ਨੂੰ ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤਸਰ ਸਭਾ ਬੁਲਾਈ। 300 ਨੁਮਾਇੰਦੇ ਹਾਜਰ ਹੋਏ। ਜਿਸ ਵਿੱਚ ਕਮਿਸ਼ਨ ਦੀ ਸਿਫ਼ਾਰਸ਼ ਨੂੰ ਰੱਦ ਕਰ ਦਿੱਤਾ। ਸਰਕਾਰ ਦੇ ਪੱਖਪਾਤੀ ਰਵਈਏ ਦੀ ਨਿਖੇਧੀ ਕੀਤੀ। ਸਿੱਟੇ ਵਜੋਂ ਮਾਸਟਰ ਤਾਰਾ ਸਿੰਘ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਭਾਈ ਜੋਧ ਸਿੰਘ ਚੀਫ਼ ਖਾਲਸਾ ਦੀਵਾਨ, ਗਿਆਨ ਸਿੰਘ ਰਾੜੇ ਵਾਲਾ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਨੇ 24 ਅਕਤੂਬਰ 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਗੱਲਬਾਤ ਕੀਤੀ। ਜਿਸ ਵਿੱਚ ਸਰਕਾਰੀ ਨੁਮਾਇੰਦੇ ਮੌਲਾਨਾ ਅਜ਼ਾਦ ਅਤੇ ਪੰਡਿਤ ਜੇ ਬੀ ਪੰਤ ਸਨ। ਦੂਸਰੀ ਗੱਲਬਾਤ 23 ਨਵੰਬਰ 1955 ਨੂੰ ਹੋਈ ਗੱਲਬਾਤ ਬੇ ਸਿੱਟਾ ਰਹੀ। ਫਰਵਰੀ 11-12,1956 ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿਖੇ ਹੋਇਆ। ਬਰਾਬਰ 'ਤੇ ਸਿੱਖਾਂ ਨੇ ਵੀ 5 ਘੰਟੇ ਜਲੂਸ ਕੱਢਿਆ। ਸੰਮੇਲਨ ਹੋਇਆ, ਜਿਸ ਵਿੱਚ ਪੂਰੇ ਪੰਜਾਬ ਤੋਂ ਸਿੱਖ ਪਹੁੰਚੇ। ਜਿਸ ਅੱਗੇ ਕਾਂਗਰਸ ਦਾ ਇਜਲਾਸ ਫਿੱਕਾ ਪੈ ਗਿਆ। ਸਿੱਖਾਂ ਨੇ ਭਾਰੀ ਏਕਤਾ ਦਾ ਸਬੂਤ ਦਿੱਤਾ। ਸਿੱਖੀ ਬਾਣੇ ਵਿੱਚ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲੱਗੇ।

ਅਕਾਲੀ ਨੇਤਾਵਾਂ ਅਤੇ ਸਰਕਾਰ ਵਿੱਚ ਫਿਰ ਗੱਲਬਾਤ ਸ਼ੁਰੂ ਹੋਈ। ਸਰਕਾਰੀ ਨੁਮਾਇੰਦੇ ਪੰਡਤ ਪੰਤ ਨੇ ਕੋਈ ਹੁੰਗਾਰਾ ਨਾ ਭਰਿਆ। ਫਰਵਰੀ 26, 1956 ਨੂੰ ਖ਼ਬਰ ਆਈ ਕਿ ਗੱਲਬਾਤ ਟੁੱਟ ਗਈ ਹੈ। ਪੰਜਾਬੀ ਅਤੇ ਹਿੰਦੀ ਇਕਾਈਆਂ ਵਿੱਚ ਸੂਬੇ ਵੰਡੇ ਜਾਣ ਲਈ ਵਿਧਾਇਕਾਂ ਅਧੀਨ ਸਮਿਤੀਆਂ ਬਨ੍ਹਾਉਣ ਲਈ ਫੈਸਲਾ ਕੀਤਾ। ਭਾਸ਼ਾਈ ਆਧਾਰ 'ਤੇ ਪੰਜਾਬੀ ਗੁਰਮੁਖੀ ਪੰਜਾਬੀ ਸੂਬਾ ਦੀ ਭਾਸ਼ਾ ਹੋਵੇ, ਨਾਲ ਹੀ ਹਿੰਦੀ ਦੇਵਨਾਗਰੀ ਵੀ ਲਾਗੂ ਹੋਵੇ। ਪ੍ਰਬੰਧਕੀ ਭਾਸ਼ਾ ਪੰਜਾਬੀ ਹੋਵੇ, ਪੰਜਾਬੀ ਸੂਬਾ ਵਿੱਚ ਸਿਰਫ਼ ਪੈਪਸੂ ਦੇ ਇਲਾਕੇ ਸ਼ਾਮਲ ਹੋਣ। ਹਿਮਾਚਲ ਅਤੇ ਯੂ ਪੀ ਦੇ ਇਲਾਕੇ ਸ਼ਾਮਲ ਨਹੀਂ। ਮਾਰਚ 11 1956 ਨੂੰ ਅੰਮ੍ਰਿਤਸਰ ਵਿਖੇ ਇਸ 'ਤੇ ਵਿਚਾਰ ਕਰਨ ਲਈ ਸਭਾ ਬੁਲਾਈ। ਗਿਆਨੀ ਕਰਤਾਰ ਸਿੰਘ, ਭਾਈ ਜੋਧ ਸਿੰਘ, ਅਜੀਤ ਸਿੰਘ ਸਰਹੱਦੀ ਨੇ ਕਿਹਾ ਕਿ ਇਹ ਫੈਸਲਾ ਪੰਜਾਬੀ ਸੂਬਾ ਦੇ ਹੱਕ ਵਿੱਚ ਨਹੀਂ ਹੈ, ਪਰ ਗੱਲਬਾਤ ਸ਼ੁਰੂ ਹੋਣ ਕਰਕੇ ਇਸ ਨੂੰ ਮੰਨ ਲਿਆ ਜਾਵੇ। ਕਈ ਅਕਾਲੀ ਕਾਂਗਰਸ ਵਿੱਚ ਸ਼ਾਮਲ ਹੋਣ ਲੱਗੇ। ਮਾਸਟਰ ਜੀ ਕਾਂਗਰਸ ਵਿੱਚ ਸ਼ਾਮਲ ਨਹੀਂ ਹੋਏ। ਕਾਂਗਰਸ ਨੇ ਅਕਾਲੀ ਦਲ ਦੇ 20 ਨੁਮਾਇੰਦੇ ਵਿਧਾਨ ਸਭਾ ਅਤੇ 3 ਸੰਸਦ ਲਈ ਨਾਮਜ਼ਦ ਕੀਤੇ। ਮਾਸਟਰ ਜੀ ਨੇ ਕਾਂਗਰਸ ਦੇ ਖ਼ਿਲਾਫ਼ ਨੁਮਾਇੰਦੇ ਖੜੇ ਕੀਤੇ, ਪਰ ਹਾਰ ਗਏ। ਮਾਸਟਰ ਜੀ ਨੇ ਕਾਰਵਾਈਆਂ ਮਜ਼ਬੂਤ ਕਰਨ ਵੱਲ ਧਿਆਨ ਦਿੱਤਾ। ਹਿੰਦੀ ਹਿਤੈਸ਼ੀਆਂ ਨੇ ਖੇਤਰੀ ਵੰਡ ਸਿਧਾਂਤ ਨੂੰ ਹਿੰਦੀ ਵਿਰੋਧੀ ਦੱਸਿਆ । ਹਿੰਦੀ ਰਖਸ਼ਾ ਸਮਿਤੀ ਨੇ ਅੰਦੋਲਨ ਸ਼ੁਰੂ ਕਰ ਦਿੱਤਾ।

ਅਪ੍ਰੈਲ 3, 1957 ਨੂੰ ਕਾਂਗਰਸ ਦੀ ਸਰਕਾਰ ਵਿੱਚ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਬਣੇ। ਗਿਆਨੀ ਕਰਤਾਰ ਸਿੰਘ ਤੇ ਗਿਆਨ ਸਿੰਘ ਰਾੜੇ ਵਾਲਾ ਮੰਤਰੀ ਮੰਡਲ ਵਿੱਚ ਸਨ। ਉਹਨਾਂ ਨੂੰ ਹਿੰਦੀ ਹਿਤੈਸ਼ੀਆ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਹਿੰਦੀ ਲਹਿਰ ਅਧੀਨ ਕਈ ਗੁਰਦੁਆਰਿਆਂ ਦੀ ਬੇਅਦਬੀ ਹੋਈ। ਭਾਸ਼ਾ ਇਲਾਕਾਈ ਵੰਡ ਫਿਰਕੂ ਬਣ ਗਈ। ਜੂਨ 14 1958 ਨੂੰ ਮਾਸਟਰ ਜੀ ਨੇ ਖੇਤਰੀ ਵੰਡ ਸਿਧਾਂਤ ਦੀ ਨਿਖੇਧੀ ਕੀਤੀ। ਪੰਜਾਬੀ ਸੂਬੇ ਦੀ ਜ਼ੋਰਦਾਰ ਆਵਾਜ਼ ਉਠਾਈ। ਸਰਕਾਰ ਵੀ ਸਿੱਧਾਂਤ ਲਾਗੂ ਕਰਨ ਵਿੱਚ ਸੰਜੀਦਾ ਨਹੀਂ ਸੀ। ਥੋਪੇ ਜਾ ਰਹੇ ਸਿਧਾਂਤ ਨੂੰ ਸਿੱਖਾਂ ਨੇ ਨਕਾਰ ਦਿੱਤਾ। ਕਿਉਂਕਿ ਇਹ ਲੋੜੀਂਦੇ ਪੰਜਾਬੀ ਸੂਬਾ ਦਾ ਹੱਲ ਨਹੀਂ ਸੀ। ਭਾਵੇਂ ਵਕਤੀ ਤੌਰ 'ਤੇ ਗੱਲਬਾਤ ਸ਼ੁਰੂ ਹੋਣ ਦਾ ਚੰਗਾ ਸਬੱਬ ਬਣ ਜਾਣ ਕੇ ਸਵੀਕਾਰਿਆ ਗਿਆ। ਨਵੰਬਰ 16, 1958 ਨੂੰ ਮਾਸਟਰੀ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਹਾਰ ਗਏ।

ਮਾਸਟਰ ਜੀ ਨੇ 14 ਫਰਵਰੀ 1959 ਨੂੰ ਪਟਿਆਲਾ ਵਿਖੇ ਸਭਾ ਬੁਲਾਈ। ਜਿਸ ਵਿੱਚ 299 ਨੁਮਾਇੰਦੇ ਹਾਜਰ ਹੋਏ। ਜਿਸ ਵਿੱਚ ਧਿਆਨ ਦਿੱਤਾ ਗਿਆ ਕਿ ਸੰਨ 1956 ਵਿੱਚ ਪੰਜਾਬੀ ਖੇਤਰੀ ਸਮਿਤੀ ਵੱਲੋਂ ਇੱਕ ਅਜਿਹੀ ਯੂਨੀਵਰਸਿਟੀ ਕਾਇਮ ਕਰਨ ਦਾ ਮਤਾ ਪਾਸ ਹੋਇਆ, ਜਿਸ ਵਿੱਚ ਪੰਜਾਬੀ ਪਾਠਕ੍ਰਮ ਹੋਵੇ ਅਤੇ ਨਾਲ ਨਾਲ ਪੰਜਾਬੀ, ਸਾਹਿਤ, ਇਤਿਹਾਸ, ਵਿਰਸਾ ਅਤੇ ਸਭਿਆਚਾਰ ਦੀ ਉਨਤੀ ਹੋਵੇ। ਗਿਆਨੀ ਕਰਤਾਰ ਸਿੰਘ ਦੇ ਸਾਥੀ ਰਾਮ ਦਿਆਲ ਸਿੰਘ ਨੇ ਕੈਰੋਂ ਕੋਲੋਂ ਸਹਿਮਤੀ ਲਈ। ਪੰਜਾਬੀ ਯੂਨੀਵਰਸਿਟੀ ਕਮਿਸ਼ਨ ਸਥਾਪਤ ਹੋਇਆ। ਮਹਾਰਾਜਾ ਯਾਦਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਭਾਈ ਜੋਧ ਸਿੰਘ, ਹੁਕਮ ਸਿੰਘ, ਉੱਜਲ ਸਿੰਘ, ਮਲਿਕ ਹਰਦਿੱਤ ਸਿੰਘ, ਡਾ.ਏ.ਸੀ. ਜੋਸ਼ੀ, ਡਾ. ਅਨੂਪ ਸਿੰਘ,ਡਾ. ਪੀ. ਐਸ.ਗਿੱਲ, ਹਰਦਵਾਰੀ ਲਾਲ ਅਤੇ ਪ੍ਰੋ. ਹਰਬੰਸ ਸਿੰਘ ਮੈਂਬਰ ਸਨ। ਕਮਿਸ਼ਨ ਨੇ ਆਪਣੀ ਸਿਫਾਰਸ਼ 1961 ਵਿੱਚ ਸਰਕਾਰ ਨੂੰ ਸੌਂਪੀ। ਸੰਨ 1962 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੁਰਾਣੇ ਮਹੱਲ ਵਿੱਚ ਸ਼ੁਰੂ ਹੋਈ।

ਮਾਸਟਰ ਜੀ ਨੇ 15 ਮਾਰਚ 1959 ਨੂੰ ਦਿੱਲੀ ਵਿਖੇ ਇੱਕ ਜਲੂਸ ਕੱਢੇ ਜਾਣ ਦਾ ਐਲਾਨ ਕੀਤਾ। ਸਰਕਾਰ ਨੇ ਤੁਰੰਤ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਫਿਰ ਵੀ ਦਿੱਲੀ ਵਿੱਚ ਦੇਸ਼ ਭਰ ਤੋਂ ਸਿੱਖ ਸ਼ਾਮਲ ਹੋਏ। ਜਲੂਸ ਰਕਾਬਗੰਜ ਗੁਰਦੁਆਰਾ ਦਿੱਲੀ ਸਮਾਪਤ ਹੋਇਆ। ਮਾਸਟਰ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਜਨਵਰੀ 19, 1960 ਨੂੰ ਅਕਾਲੀ ਪੰਜਾਬੀ ਸੂਬਾ ਪ੍ਰਾਪਤੀ ਲਈ ਅਕਾਲ ਤਖ਼ਤ ਸਾਹਿਬ ਇਕੱਠੇ ਹੋਏ। ਸਾਬਕਾ ਅਕਾਲੀ ਮੈਂਬਰਾਂ ਨੂੰ ਪੰਜਾਬ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਦੀ ਅਪੀਲ ਕੀਤੀ। ਕੁਝ 24 ਮੈਂਬਰਾਂ ਵਿੱਚੋਂ 5 ਮੈਂਬਰਾਂ ਨੇ ਅਸਤੀਫ਼ਾ ਦੇ ਦਿੱਤਾ।

ਮਈ 22, 1960 ਨੂੰ ਅੰਮ੍ਰਿਤਸਰ ਵਿਖੇ ਪੰਜਾਬੀ ਸੂਬਾ ਸੰਮੇਲਨ ਹੋਇਆ। ਜਿਸ ਵਿੱਚ ਸੁਤੰਤਰ ਅਤੇ ਸਮਾਜਵਾਦੀ ਪਾਰਟੀਆਂ ਦੇ ਮੈਂਬਰ ਵੀ ਸ਼ਾਮਲ ਹੋਏ। ਪ੍ਰਧਾਨਗੀ ਪੰਡਤ ਸੁੰਦਰ ਲਾਲ ਨੇ ਕੀਤੀ। ਡਾ. ਸੈਫੁਦੀਨ ਨੇ ਕਾਰਵਾਈ ਨਿਭਾਈ। ਗੁਰਨਾਮ ਸਿੰਘ ਵੱਲੋਂ ਮਤਾ ਪੇਸ਼ ਕੀਤਾ ਗਿਆ ਕਿ ਸਰਕਾਰ ਹੁਣ ਅਕਾਲੀਆਂ ਦੀ ਮੰਗ ਵਾਸਤੇ ਕੋਈ ਕਮਿਸ਼ਨ ਨਾ ਲਿਆਵੇ। ਬਿਨਾਂ ਕਿਸੇ ਦੇਰੀ ਤੋਂ ਪੰਜਾਬੀ ਸੂਬਾ ਗਠਿਤ ਕੀਤਾ ਜਾਵੇ ਜਦਕਿ ਬਾਕੀ ਰਾਜਾਂ ਦਾ ਗਠਨ ਹੋ ਚੁੱਕਾ ਹੈ। ਮਾਸਟਰ ਜੀ ਨੇ 29 ਮਈ 1960 ਨੂੰ ਜਲੂਸ ਕੱਢੇ ਜਾਣ ਦਾ ਪ੍ਰੋਗਰਾਮ ਦੱਸਿਆ ਕਿ ਨੁਮਾਇੰਦੇ ਪਿੰਡ ਵਿੱਚ ਇਕੱਠੇ ਹੋ ਕੇ ਤੁਰਨ, ਰਸਤੇ ਵਿੱਚ ਗੁਰਦੁਆਰਿਆਂ ਵਿੱਚ ਪੰਜਾਬੀ ਸੂਬਾ ਦੀ ਮੰਗ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਪਹੁੰਚਣ, ਜਿਸ ਦੀ ਤਾਰੀਖ਼ ਜੂਨ 12, 1960 ਹੈ। ਪਰ 24-25 ਮਈ 1960 ਦੀ ਵਿਚਕਾਰਲੀ ਰਾਤ ਨੂੰ ਮਾਸਟਰ ਜੀ ਨੂੰ ਉਹਨਾਂ ਦੇ ਘਰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਵਿੱਚ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਹੋਈਆਂ। ਅਕਾਲੀ ਆਪਣੀਆਂ ਮੰਗਾਂ ਲਈ ਸੰਜੀਦਾ ਸ ਨ। ਹਰਿਮੰਦਰ ਸਾਹਿਬ ਦੇ ਮੰਜੀ ਸਾਹਿਬ ਦੀਵਾਨ ਸਜਦੇ, ਵਾਰਾਂ ਗਾਈਆਂ ਜਾਂਦੀਆਂ। ਪ੍ਰਚਾਰ ਲਈ ਭਾਸ਼ਨ ਦਿੱਤੇ ਜਾਂਦੇ। ਅਕਾਲੀਆਂ ਵਿੱਚ ਜੋਸ਼ ਸੀ। ਮੰਜੀ ਸਾਹਿਬ ਕੇਂਦਰ ਅਤੇ ਦਿੱਲੀ ਤੱਕ ਗ੍ਰਿਫ਼ਤਾਰੀਆਂ ਹੋਈਆਂ।

ਮਾਸਟਰ ਜੀ ਦੀ ਗ੍ਰਿਫ਼ਤਾਰ ਤੋਂ ਬਾਅਦ ਮੋਰਚੇ ਦੀ ਜਿੰਮੇਵਾਰੀ ਸੰਤ ਫਤਹਿ ਸਿੰਘ ਜੀ ਨੇ ਨਿਭਾਉਣੀ ਸ਼ੁਰੂ ਕੀਤੀ। ਜੋ ਇੱਕ ਚੰਗੇ ਸਿਆਸਤਦਾਨ ਸਾਬਿਤ ਹੋਏ। ਉਹਨਾਂ ਨੇ ਸਿਰਫ਼ ਭਾਸ਼ਾਈ ਵੰਡ 'ਤੇ ਹੀ ਜੋਰ ਦਿੱਤਾ ਸਗੋਂ ਧਰਮ ਨਿਰਪੱਖ ਅਤੇ ਲੋਕਤੰਤਰੀ ਵਿਚਾਰ ਵੀ ਰੱਖੇ। ਜਿਸ ਨਾਲ ਉਹਨਾਂ ਨੂੰ ਆਮ ਲੋਕਾਂ ਦਾ ਸਹਿਯੋਗ ਮਿਲਿਆ। ਉਹਨਾਂ ਸਪਸ਼ਟ ਕੀਤਾ ਕਿ ਅਸੀਂ ਘੱਟ ਗਿਣਤੀ, ਵਸੇਬਾ, ਜਾਂ ਭਾਸ਼ਾ ਦੀ ਪ੍ਰਤੀਸ਼ਤਤਾ ਦੀਆਂ ਗਿਣਤੀਆਂ ਮਿਣਤੀਆਂ ਵਿੱਚ ਵਿਸ਼ਵਾਸ ਨਹੀਂ ਰੱਖਦੇ। ਪੰਜਾਬੀ ਸੂਬਾ ਇੱਕ ਅਜਿਹੇ ਖੇਤਰ ਦੀ ਲੋੜ ਹੈ ਜਿਥੇ ਪੰਜਾਬੀ ਬੋਲੀ ਹੋਵੇ। ਉਹ ਆਪਣੀ ਦਲੀਲ ਤੋਂ ਕਦੇ ਡੋਲਦੇ ਨਹੀਂ ਸਨ। ਅਜਿਹੀ ਅਟੱਲ ਮੰਗ ਵੇਖ ਕੇ ਸਰਕਾਰ ਨੇ ਸਖ਼ਤ ਕਦਮ ਚੁੱਕੇ। ਪੰਜਾਬੀ ਸੂਬਾ ਦੀ ਮੰਗ ਲਈ ਸਿੱਖਾਂ ਨੇ ਜੀਅ ਜਾਨ ਨਾਲ ਹਿੱਸਾ ਲਿਆ।

ਸੰਤ ਜੀ ਨੇ ਅਕਤੂਬਰ 29, 1960 ਨੂੰ ਪ੍ਰਧਾਨ ਮੰਤਰੀ ਨਹਿਰੂ ਨੂੰ ਚਿੱਠੀ ਲਿਖ ਕੇ ਪੰਜਾਬੀ ਸੂਬਾ ਦੀ ਜਾਇਜ਼ ਸੰਵਿਧਾਨਿਕ ਅਤੇ ਲੋਕਤੰਤਰੀ ਮੰਗ ਨਾ ਮੰਨੀ ਗਈ ਤਾਂ ਉਹ 18 ਦਸੰਬਰ 1960 ਨੂੰ ਮਰਨ ਵਰਤ 'ਤੇ ਬੈਠਣਗੇ। ਪ੍ਰਧਾਨ ਮੰਤਰੀ ਨਹਿਰੂ ਨੇ ਕੋਈ ਸਹਿਯੋਗ ਨਾ ਦਿੱਤਾ। ਮਿਥੇ ਅਨੁਸਾਰ ਸੰਤ ਜੀ ਦਸੰਬਰ 18, 1960 ਨੂੰ ਮਰਨ ਵਰਤ 'ਤੇ ਬੈਠ ਗਏ। ਸਿੱਖਾਂ ਨੂੰ ਸ਼ਾਂਤਮਈ ਮੋਰਚਾ ਸੰਭਾਲਣ ਲਈ ਕਿਹਾ। ਸੰਤ ਜੀ ਦਾ ਆਪਣੀ ਜਾਨ 'ਤੇ ਖੇਡਣਾ, ਸਰਕਾਰ ਲਈ ਚਿੰਤਾ ਦਾ ਵਿਸ਼ਾ ਹੋ ਗਿਆ। ਪ੍ਰਧਾਨ ਮੰਤਰੀ ਨਹਿਰੂ ਨੇ ਦਸੰਬਰ 20,1960 ਨੂੰ ਚੰਡੀਗੜ੍ਹ ਵਿਖੇ ਕਿਹਾ ਕਿ ਪੰਜਾਬੀ ਪੰਜਾਬ ਦੀ ਸਿਰਮੌਰ ਭਾਸ਼ਾ ਹੈ, ਇਸ ਦੀ ਤਰੱਕੀ ਹੋਣੀ ਲਾਜ਼ਮੀ ਹੈ। ਦਸੰਬਰ 23, 1960 ਨੂੰ ਵੀ ਰਾਜਪੁਰੇ ਤੋਂ ਪੰਜਾਬੀ ਦੀ ਉਨਤੀ ਨੂੰ ਦੁਹਰਾਇਆ। ਜਨਵਰੀ 4, 1961 ਨੂੰ ਮਾਸਟਰੀ ਜੀ ਨੂੰ ਰਿਹਾਅ ਕਰ ਦਿੱਤਾ।

ਜਨਵਰੀ 7, 1961 ਨੂੰ ਮਾਸਟਰ ਜੀ ਪ੍ਰਧਾਨ ਮੰਤਰੀ ਨਹਿਰੂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਪੰਜਾਬੀ ਇੱਕ ਭਾਸ਼ਾਈ ਸੂਬਾ ਬਣੇਗਾ ਪਰ ਪੰਜਾਬ ਨੂੰ ਇੱਕੋ ਖ਼ਿੱਤੇ ਵਜੋਂ ਮਾਨਤਾ ਦੇਣੀ ਮੁਸ਼ਕਿਲ ਹੈ। ਫਿਰ ਵੀ ਸਰਕਾਰ ਸੰਤ ਜੀ ਦੀ ਸਿਹਤ ਲਈ ਚਿੰਤਾਤੁਰ ਹੈ। ਇਸ ਲਈ ਸੰਤ ਜੀ ਵਰਤ ਛੱਡ ਦੇਣ। ਮਾਸਟਰ ਜੀ ਨੇ ਸੰਤ ਜੀ ਨੂੰ ਕਿਹਾ ਕਿ ਛੇਤੀ ਹੀ ਹੱਲ ਨਿਕਲੇਗਾ। ਸੰਤ ਜੀ ਨੇ 8 ਜਨਵਰੀ 1961 ਨੂੰ ਵਰਤ ਛੱਡ ਦਿੱਤਾ। 1960-61 ਦੇ ਮੋਰਚੇ ਦੌਰਾਨ ਸਰਕਾਰ ਅਨੁਸਾਰ 30 ਹਜ਼ਾਰ ਗ੍ਰਿਫ਼ਤਾਰੀਆਂ ਹੋਈਆਂ। ਪਰ ਅਕਾਲੀਆਂ ਅਨੁਸਾਰ ਗਿਣਤੀ 57 ਹਜ਼ਾਰ ਤੋਂ ਉਪਰ ਸੀ। ਸੰਤ ਜੀ ਅਤੇ ਪ੍ਰਧਾਨ ਮੰਤਰੀ ਨਹਿਰੂ ਵਿਚਕਾਰ ਤਿੰਨ ਮੁਲਾਕਾਤਾਂ ਹੋਈਆਂ। ਜਿਵੇਂ 8 ਫਰਵਰੀ 1961, 1 ਮਾਰਚ 1961, 12 ਮਈ 1961। ਤਿੰਨੇ ਅਸਫਲ ਰਹੀਆਂ। ਸਰਕਾਰ ਪੰਜਾਬ ਦੇ ਵੱਖ ਵੱਖ ਇਲਾਕਿਆਂ ਨੂੰ ਰਾਜ ਬਣਾਉਣ ਲਈ ਤਿਆਰ ਨਹੀਂ ਸੀ।

ਵਿਰੋਧ ਵਿੱਚ ਮਾਸਟਰ ਜੀ ਨੇ ਅਗਸਤ 15,1961 ਨੂੰ ਹਰਿਮੰਦਰ ਸਾਹਿਬ ਤੋਂ ਵਰਤ ਰੱਖ ਦਿੱਤਾ। ਪ੍ਰਧਾਨ ਮੰਤਰੀ ਨੇ ਹਰਦਿੱਤ ਸਿੰਘ ਮਲਿਕ ਰਾਹੀਂ ਮੰਗਾਂ ਮੰਨੇ ਜਾਣ ਦਾ ਵਿਸ਼ਵਾਸ ਦਿਵਾ ਕੇ ਅਕਤੂਬਰ 1, 1961 ਨੂੰ ਮਾਸਟਰ ਜੀ ਦਾ ਵਰਤ ਤੁੜਵਾ ਲਿਆ। ਇਹ ਸਿਰਫ਼ ਇੱਕ ਚੋਣਾਂ ਦੀ ਰਾਜਨੀਤਕ ਚਾਲ ਸੀ। ਸੰਨ 1962 ਦੀਆਂ ਚੋਣਾਂ ਵਿੱਚ ਪ੍ਰਤਾਪ ਸਿੰਘ ਕੈਰੋਂ ਦੂਸਰੀ ਵਾਰ ਮੁੱਖ ਮੰਤਰੀ ਬਣੇ। ਜਨਵਰੀ 18, 1965 ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਸੰਤ ਫਤਹਿ ਸਿੰਘ ਆਗੂ ਬਣੇ। ਉਹਨਾਂ ਨੇ ਬੜੇ ਸੰਤੁਲਿਤ ਢੰਗ ਨਾਲ ਸੰਘਰਸ਼ ਨੂੰ ਅਗਾਂਹ ਤੋਰਿਆ।ਮਾਸਟਰ ਜੀ ਨੇ ਖ਼ੁਦ ਮੁਖਤਿਆਰ ਪੰਜਾਬੀ ਸੂਬਾ ਦੀ ਜ਼ੋਰਦਾਰ ਮੰਗ ਉਠਾਈ। ਸੰਤ ਜੀ ਨੇ ਸਰਕਾਰ ਦੇ ਪੱਖਪਾਤ ਦੀ ਨਿਖੇਧੀ ਕੀਤੀ। ਬਿਨਾ ਵਜਾ ਮੰਗਾਂ ਨੂੰ ਲਮਕਾਉਣ ਦੇ ਦੋਸ਼ ਲਾਏ। ਸੰਤ ਜੀ ਨੇ 7-8 ਅਕਤੂਬਰ 1965 ਨੂੰ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ, ਗ੍ਰਹਿ ਮੰਤਰੀ ਗੁਲਜਾਰੀ ਲਾਲ ਨੰਦਾ ਅਤੇ ਗ੍ਰਹਿ ਸਕੱਤਰ ਐਲ. ਪੀ. ਨਾਲ ਮੁਲਾਕਾਤਾਂ ਕੀਤੀਆਂ। ਸੰਤ ਜੀ ਨੇ ਸਪਸ਼ਟ ਕੀਤਾ ਕਿ ਵਾਰ ਵਾਰ ਮੰਗਾਂ ਠੁਕਰਾਉਣ ਤੇ ਸਿੱਖ ਵੀ ਜਵਾਬੀ ਕਾਰਵਾਈ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਸਿੱਖਾਂ ਦੇ ਸਾਰੇ ਸ਼ੰਕੇ ਦੂਰ ਕੀਤੇ ਜਾਣਗੇ। ਅਗਸਤ 16, 1965 ਨੂੰ ਸੰਤ ਜੀ ਨੇ ਮਰਨ ਵਰਤ ਰੱਖ ਲਿਆ। ਉਨ੍ਹਾਂ ਕਿਹਾ ਕਿ ਸਤੰਬਰ 25, 1965 ਨੂੰ ਉਹ ਆਤਮ ਦਾਹ ਕਰਨਗੇ। ਹਿੰਦ ਪਾਕਿ ਜੰਗ ਸਤੰਬਰ ਵਿੱਚ ਸ਼ੁਰੂ ਹੋਣ ਕਰਕੇ ਸਤੰਬਰ 9, 1965 ਨੂੰ ਵਰਤ ਤੋੜ ਲਿਆ। 26 ਸਤੰਬਰ 1965 ਨੂੰ ਜੰਗ ਖ਼ਤਮ ਹੋਣ ਤੇ ਕੇਂਦਰ ਸਰਕਾਰ ਨੇ ਉਪ ਸੰਸਦੀ ਸਮਿਤੀ ਬਣਾਏ। ਅਤੇ ਮੰਤਰੀ ਮੰਡਲ ਸਮਿਤੀ ਵਿੱਚ ਇੰਦਰਾ ਗਾਂਧੀ ਸੂਚਨਾ ਪ੍ਰਸਾਰਣ ਮੰਤਰੀ, ਵਾਈ. ਬੀ ਚੌਹਾਨ ਰਖਿਆ ਮੰਤਰੀ, ਮਹਾਂਵੀਰ ਤਿਆਗੀ ਮੁੜ ਵਸੇਬਾ ਮੰਤਰੀ ਨਿਯੁਕਤ ਕੀਤੇ। ਹੁਕਮ ਸਿੰਘ ਸਭਾਪਤੀ ਸਨ । ਪੰਜਾਬੀ ਫੌਜੀਆਂ ਅਤੇ ਆਮ ਨਾਗਰਿਕਾਂ ਨੇ ਜੰਗ ਵਿੱਚ ਬਹਾਦਰੀ ਦਿਖਾਈ। ਦੇਸ਼ ਦੀ ਸੁਰਖਿਆ ਲਈ ਵਚਨਬੱਧ ਰਹੇ। ਇਸ ਲਈ ਸ਼ਲਾਘਾ ਹੋਈ। 1 ਅਕਤੂਬਰ 1965, 5 ਨਵੰਬਰ 1965 ਦੀ ਮਿਆਦ ਵੱਖ ਵੱਖ ਪਾਰਟੀਆਂ ਅਤੇ ਨੁਮਾਇੰਦਿਆਂ ਨਾਗਰਿਕਾਂ ਤੋਂ ਮੰਗ ਪੱਤਰ ਪ੍ਰਾਪਤ ਕਰਨ ਦਾ ਸਮਾਂ ਨਿਰਧਾਰਿਤ ਕੀਤਾ। ਨਵੰਬਰ ਦਸੰਬਰ 1965 ਤਕ ਸਮਿਤੀ ਨੇ ਵਿਚਾਰ ਵਟਾਂਦਰਾ ਕੀਤਾ। ਜਨਵਰੀ 10,1966 ਨੂੰ ਲਛਮਣ ਸਿੰਘ ਗਿੱਲ, ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਰਵੇਲ ਸਿੰਘ ਮੈਂਬਰ ਕਾਰਜਕਾਰਨੀ ਨੇ ਕੇਸ ਸਮਿਤੀ ਨੂੰ ਪੇਸ਼ ਕੀਤਾ। ਜਨਵਰੀ 27, 1966 ਨੂੰ ਗਿਆਨੀ ਕਰਤਾਰ ਸਿੰਘ ਅਤੇ ਹਰਚਰਨ ਸਿੰਘ ਬਰਾੜ ਕਾਂਗਰਸ ਵੱਲੋਂ ਪੇਸ਼ ਹੋਏ। ਲਗਭਗ 2200 ਦਰਖਾਸਤਾਂ ਹੱਕ ਵਿੱਚ ਅਤੇ 903 ਵਿਰੋਧ ਵਿੱਚ ਪੇਸ਼ ਹੋਈਆਂ। ਹੁਕਮ ਸਿੰਘ ਸਭਾਪਤੀ ਨੇ ਨਿਰਣਾਇਕ ਮਤਦਾਨ ਕੀਤਾ।

ਹਿੰਦੀ ਹਿਤੈਸ਼ੀਆਂ ਨੇ ਮਾਰਚ 9, 1966 ਨੂੰ ਵਿਰੋਧ ਵਿਚ ਹੜਤਾਲ ਕੀਤੀ। ਦੰਗਿਆਂ ਵਿਚ ਪਾਣੀਪਤ ਵਿਖੇ ਤਿੰਨ ਕਾਂਗਰਸੀ ਜਿੰਦਾ ਜਲਾ ਦਿੱਤੇ ਗਏ। ਸੰਸਦੀ ਸਮਿਤੀ ਦੀ ਸਿਫਾਰਸ਼ ਮਾਰਚ 18, 1966 ਨੂੰ ਸਰਕਾਰ ਨੂੰ ਸੌਂਪੀ ਗਈ। ਪੰਜਾਬੀ ਬੋਲਦੇ ਇਲਾਕੇ ਪੰਜਾਬੀ ਭਾਸ਼ਾਈ ਆਧਾਰ ਤੇ ਪੈਪਸੂ ਦਾ ਇਲਾਕਾ ਜੋੜ ਕੇ ਪੰਜਾਬੀ ਸੂਬਾ ਬਣਾਇਆ ਜਾਵੇ। ਹਿੰਦੀ ਭਾਸ਼ਾਈ ਹਰਿਆਣਾ ਪ੍ਰਦੇਸ਼ ਅਤੇ ਪੰਜਾਬ ਨਾਲ ਲੱਗਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਹੋਵੇ। ਮਾਰਚ 21, 1966 ਨੂੰ ਕੇਂਦਰ ਸਰਕਾਰ ਨੇ ਇਲਾਕਿਆਂ ਦੀ ਹੱਦਬੰਦੀ ਕਰਨ ਲਈ ਕਮਿਸ਼ਨ ਬਣਾਇਆ। ਜਿਸ ਵਿੱਚ ਜੇ ਸੀ ਸ਼ਾਹ, ਸੂਬੀਮੱਲ ਦੱਤ, ਐਮ.ਐਮ. ਫਿੱਲਪ ਮੈਂਬਰ ਸਨ। ਕਮਿਸ਼ਨ ਨੇ ਮਈ 31 1966 ਨੂੰ ਫੈਸਲਾ ਸਰਕਾਰ ਨੂੰ ਸੌਂਪਿਆ। ਭਾਸ਼ਾਈ ਇਲਾਕਾਈ ਵੰਡ ਵਿੱਚ ਪੰਜਾਬ , ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਕਾਂਗੜਾ ਸ਼ਿਮਲਾ ਸਮੇਤ ਹੋਂਦ ਵਿੱਚ ਆਏ। ਪੰਜਾਬ ਪੁਨਰਗਠਨ ਕਾਨੂੰਨ 1966, ਸਤੰਬਰ 3 1966 ਨੂੰ ਪਾਸ ਹੋਇਆ। ਸਤੰਬਰ 18,1966 ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਹੋਈ। ਨਵੰਬਰ 1 1966 ਨੂੰ ਪੰਜਾਬੀ ਸੂਬਾ ਬਣਿਆ। ਚੰਡੀਗੜ੍ਹ ਸੰਘੀ ਖੇਤਰ ਬਣ ਗਿਆ। ਸ਼੍ਰੋਮਣੀ ਕਮੇਟੀ ਨੇ ਦਬਾਅ ਪਾਇਆ ਕਿ ਭਾਖੜਾ ਡੈਮ ਅਤੇ ਚੰਡੀਗੜ੍ਹ ਪੰਜਾਬ ਵਿੱਚ ਹੋਣ, ਉਹ ਸੰਘਰਸ਼ ਅਜੇ ਤਕ ਜਾਰੀ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦਾ ਪਹਿਲਾਂ 1947 ਵਿੱਚ ਫਿਰ 1966 ਵਿੱਚ ਬਟਵਾਰਾ ਕੀਤਾ ਅਤੇ ਇਸ ਨੂੰ ਛੋਟੇ ਤੋਂ ਛੋਟਾ ਬਣਾਇਆ, ਤਾਂ ਜੋ ਇਹ ਇੱਕ ਵੱਡੀ ਸ਼ਕਤੀ ਵਜੋਂ ਨਾ ਉੱਭਰ ਸਕੇ।









# ਹਰ ਖੇਤਰ ਵਿੱਚ ਕੁੜੀਆਂ ਨੇ ਕੀਤੀ ਹੈ ਤਰੱਕੀ



ਪ੍ਰਣਵ ਪ੍ਰਿਆਦਰਸ਼ੀ



ਇਹ ਸਾਡੇ ਸਾਰਿਆਂ ਦੇ ਸਾਂਝੇ ਤਜ਼ਰਬੇ ਦਾ ਹਿੱਸਾ ਰਿਹਾ ਹੈ ਕਿ ਜੇਕਰ ਕੋਈ ਮੁਟਿਆਰ ਕਿਸੇ ਹੋਰ ਸ਼ਹਿਰ, ਸੂਬੇ ਜਾਂ ਦੇਸ਼ ਵਿੱਚ ਪੜ੍ਹਨ ਜਾਂ ਕੰਮ ਕਰਨ ਦੀ ਗੱਲ ਕਰਦੀ ਤਾਂ ਕੁਝ ਦਹਾਕੇ ਪਹਿਲਾਂ ਤੱਕ ਪਰਿਵਾਰ ਦਾ ਪਹਿਲਾ ਪ੍ਰਤੀਕਰਮ ਇਹ ਹੁੰਦਾ ਸੀ ਕਿ ਵਿਆਹ ਕਰਵਾ ਲੈ, ਫਿਰ ਜਿੱਥੇ ਜਾਣਾ ਹੈ, ਜਾ ਆਉਣਾ ਪਰ ਹਾਲ ਹੀ ਦੇ ਸਾਲਾਂ ਵਿੱਚ ਇਹ ਸਥਿਤੀ ਤੇਜ਼ੀ ਨਾਲ ਬਦਲ ਗਈ ਹੈ। ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੁੜੀਆਂ ਹੁਣ ਆਪਣੇ ਘਰ ਛੱਡ ਕੇ ਆਪਣੀ ਦੁਨੀਆਂ ਦੀ ਪੜਚੋਲ ਕਰ ਰਹੀਆਂ ਹਨ।

ਵਿਦੇਸ਼ਾਂ ਵਿੱਚ ਪੜ੍ਹਨ ਲਈ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਵਿੱਚੋਂ ਲਗਭਗ ਅੱਧੀਆਂ ਲੜਕੀਆਂ ਹਨ। ਇਨ੍ਹਾਂ ਵਿੱਚ ਇੱਕ ਵੱਡੀ ਗਿਣਤੀ ਕੁਆਰੀਆਂ ਕੁੜੀਆਂ ਦੀ ਹੈ। ਸਿੱਖਿਆ ਸਲਾਹਕਾਰਾਂ ਦੇ ਅਨੁਸਾਰ, ਸਾਲ 2021 ਵਿੱਚ ਵਿਦਿਆਰਥਣਾਂ ਦੀਆਂ ਅਰਜ਼ੀਆਂ ਦੀ ਗਿਣਤੀ 20-30 ਪ੍ਰਤੀਸ਼ਤ ਸੀ, ਜੋ ਕਿ 2024 ਵਿੱਚ 40-45 ਪ੍ਰਤੀਸ਼ਤ ਤੱਕ ਪਹੁੰਚ ਜਾਵੇਗੀ। ਖਾਸ ਗੱਲ ਇਹ ਹੈ ਕਿ ਅਜਿਹਾ ਸਿਰਫ ਮੈਟਰੋ ਸ਼ਹਿਰਾਂ ’ਚ ਹੀ ਨਹੀਂ ਹੋ ਰਿਹਾ ਹੈ। ਗੈਰ-ਮੈਟਰੋ ਜਾਂ ਛੋਟੇ ਸ਼ਹਿਰਾਂ ਵਿੱਚ ਵੀ ਇਹੀ ਨਜ਼ਾਰਾ ਹੈ। ਜੇਕਰ ਇਨ੍ਹਾਂ ਲੜਕੀਆਂ ਦੇ ਤਜ਼ਰਬੇ ’ਤੇ ਨਜ਼ਰ ਮਾਰੀਏ ਤਾਂ ਆਪਣੀਆਂ ਧੀਆਂ ਨੂੰ ਵਿਦੇਸ਼ ਭੇਜਣ ਵਰਗੇ ਸਵਾਲਾਂ ’ਤੇ ਭਾਰਤੀ ਪਰਿਵਾਰਾਂ ਦਾ ਰਵੱਈਆ ਬਹੁਤ ਬਦਲ ਗਿਆ ਹੈ। ਜ਼ਾਹਿਰ ਹੈ ਕਿ ਇਨ੍ਹਾਂ ਕੁੜੀਆਂ ਦਾ ਆਤਮ-ਵਿਸ਼ਵਾਸ ਵੀ ਇਸੇ ਅਨੁਪਾਤ ਵਿੱਚ ਵਧਿਆ ਹੈ।

ਪਰ ਇਸ ਖੁੱਲ੍ਹੇਪਣ ਦਾ ਇੱਕ ਹੋਰ ਪਹਿਲੂ ਧਿਆਨ ਦੇਣ ਯੋਗ ਹੈ। ਕੁੜੀਆਂ ਦੇ ਸਾਹਮਣੇ ਜੋ ਦੁਨੀਆ ਖੁੱਲ੍ਹ ਰਹੀ ਹੈ, ਉਸ ’ਤੇ ਨਜ਼ਰ ਮਾਰੀਏ ਤਾਂ ਇਹ ਮੁੰਡਿਆਂ ਦੇ ਸਾਹਮਣੇ ਵੀ ਖੁੱਲ੍ਹ ਚੁੱਕੀ ਹੈ। ਕੈਰੀਅਰ ਦਾ ਸਵਾਲ ਹੋਵੇ ਜਾਂ ਘੁੰਮਣ-ਫਿਰਨ ਦਾ ਜਾਂ ਫਿਰ ਬਾਹਰ ਜਾਣ ਅਤੇ ਪੜ੍ਹਾਈ ਦਾ, ਇਸ ਮਾਮਲੇ ਵਿੱਚ ਲੜਕੇ ਵੀ ਪਿੱਛੇ ਨਹੀਂ ਰਹੇ। ਸਰਵੇਖਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅੱਜ ਪੜ੍ਹੀਆਂ-ਲਿਖੀਆਂ ਔਰਤਾਂ ਅਤੇ ਮਰਦ ਕੈਰੀਅਰ ਦੀਆਂ ਇੱਛਾਵਾਂ ਦੇ ਮਾਮਲੇ ਵਿੱਚ ਲਗਭਗ ਇੱਕੋ ਜਿਹੇ ਹਨ। ਫਰਕ ਉਦਾਰਵਾਦੀ ਰਵੱਈਏ ਵਿੱਚ ਹੈ। ਕੁੜੀਆਂ ਮੁੰਡਿਆਂ ਨਾਲੋਂ ਵਧੇਰੇ ਉਦਾਰਵਾਦੀ ਵਿਚਾਰ ਰੱਖਦੀਆਂ ਹਨ। ਸਰਵੇਖਣ ਮੁਤਾਬਕ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਲੜਕੀਆਂ ਆਪਣੀ ਜਾਤ, ਭਾਈਚਾਰੇ, ਧਰਮ ਅਤੇ ਲਿੰਗ ਦੀਆਂ ਹੱਦਾਂ ਤੋਂ ਪਾਰ ਰਹਿ ਕੇ ਦੋਸਤ ਬਣਾਉਣਗੀਆਂ। ਜ਼ਾਹਿਰ ਹੈ ਕਿ ਜਾਣੇ-ਅਣਜਾਣੇ ਵਿੱਚ ਉਨ੍ਹਾਂ ਦੇ ਅਨੁਭਵਾਂ ਨੂੰ ਵੱਡਾ ਘੇਰਾ ਮਿਲ ਜਾਂਦਾ ਹੈ।

ਸਮਾਜ ’ਤੇ ਇਸ ਦੇ ਪ੍ਰਭਾਵ ਨੂੰ ਦੇਖਣ ਲਈ ਕੁਝ ਸਮਾਂ ਲੱਗ ਸਕਦਾ ਹੈ, ਪਰ ਯਕੀਨ ਰੱਖੋ ਕਿ ਨੌਜਵਾਨ, ਉਦਾਰਵਾਦੀ, ਔਰਤਾਂ - ਇਹ ਇੱਕ ਅਜਿਹਾ ਸਮੂਹ ਹੈ ਜੋ ਆਉਣ ਵਾਲੇ ਯੁੱਗ ਵਿੱਚ ਸੰਸਾਰ ਨੂੰ ਆਕਾਰ ਦੇਣ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਏਗਾ।

# ਮਾਂ ਹੁੰਦੀ ਏ ਮਾਂ ਦੁਨੀਆਂ ਵਾਲਿਓ...

ਮਨਪ੍ਰੀਤ ਕੌਰ ਮਿਨਹਾਸ



ਮਾਂ ਛੋਟਾ ਜਿਹਾ ਸ਼ਬਦ ਹੈ ਪਰ ਪੂਰੀ ਕਾਇਨਾਤ ਇਸ ਵਿੱਚ ਵੱਸਦੀ ਹੈ। ਮੇਰੀ ਮਾਂ ਮੇਰੇ ਲਈ ਦੂਜਾ ਰੱਬ ਹੈ। ਭਾਵੇਂ ਮੇਰੀ ਮਾਂ ਨੂੰ ਆਪਣੀ ਮਾਂ ਦਾ ਪਿਆਰ ਨਹੀਂ ਮਿਲਿਆ ਪਰ ਸਾਡੀ ਮਾਂ ਨੇ ਬੱਚਿਆਂ ਨੂੰ ਇੰਨਾ ਕੁ ਪਿਆਰ ਦਿੱਤਾ ਹੈ ਕਿ ਅਸੀਂ ਸਾਰੇ ਭੈਣ-ਭਰਾ ਜ਼ਿੰਦਗੀ ਭਰ ਉਸ ਦੇ ਕਰਜ਼ਦਾਰ ਰਹਾਂਗੇ। ਮੰਮੀ ਦੱਸਦੇ ਨੇ ਕਿ ਜਦੋਂ ਮੈਂ ਪੈਦਾ ਹੋਈ ਸੀ, ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ, ਇਹ ਵੇਖ ਕੇ ਇੱਕ ਨਰਸ ਕਹਿਣ ਲੱਗੀ, ‘ਤੁਸੀਂ ਰੋਣ ਕਿਉਂ ਲੱਗ ਗਏ ਤਾਂ ਮੰਮੀ ਨੇ ਕਿਹਾ, ‘ਇਸ ਤੋਂ ਵੱਡੀ ਇੱਕ ਸੱਤ ਸਾਲ ਦੀ ਹੋਰ ਵੀ ਧੀ ਹੈ ਤੇ ਹੁਣ ਫੇਰ ਕੁੜੀ ਹੋ ਗਈ ਹੈ। ਨਰਸ ਨੇ ਉੱਤਰ ਦਿੱਤਾ, ‘ਤੁਸੀਂ ਵੀ ਤਾਂ ਕਿਸੇ ਦੀ ਧੀ ਹੋ! ਜਦੋਂ ਇਹ ਵੱਡੀ ਹੋ ਗਈ ਤਾਂ ਇਹਨੇ ਹੀ ਤੁਹਾਨੂੰ ਸੁੱਖ ਦੇਣਾ, ਇਹਦੇ ਨਾਲ ਹੀ ਦਿਲ ਦੀ ਗੱਲ ਸਾਂਝੀ ਕਰਿਆ ਕਰੋਗੇ, ਭਾਵੇਂ ਇਹਦੇ ਜੰਮਣ ’ਤੇ ਤੁਸੀਂ ਦੁੱਖ ਮਹਿਸੂਸ ਕੀਤਾ ਪਰ ਇਹ ਸੁੱਖ ਦੇਵੇਗੀ।’ ਮੇਰੀ ਮਾਂ ਸੱਚੀਂ ਇਹ ਗੱਲ ਸਹਿਜੇ ਹੀ ਸਮਝ ਗਈ।

ਜਦੋਂ ਮੈਂ ਪੇਕੇ ਜਾਂਦੀ ਹਾਂ ਤਾਂ ਤੜਕੇ ਤਕ ਸਾਡੀਆਂ ਗੱਲਾਂ ਹੀ ਨਹੀਂ ਮੁੱਕਦੀਆਂ। ਜਦੋਂ ਵੀ ਕਦੇ ਲੱਗਿਆ ਕਿ ਉਨ੍ਹਾਂ ਨੂੰ ਇਕੱਲਾਪਣ ਮਹਿਸੂਸ ਹੋ ਰਿਹਾ ਹੈ ਤਾਂ ਵੱਡੀ ਬੇਬੇ ਬਣ ਉਨ੍ਹਾਂ ਨੂੰ ਸਮਝਾਇਆ ਵੀ ਹੈ ਤੇ ਸੰਭਾਲਿਆ ਵੀ ਹੈ, ਵੰਡਾਇਆ ਵੀ ਹੈ ਉਨ੍ਹਾਂ ਟੁੱਟੇ ਰਿਸ਼ਤਿਆਂ ਦੀਆਂ ਚੀਸਾਂ ਨੂੰ, ਜਿਨ੍ਹਾਂ ਨੇ ਸਾਰੀ ਉਮਰ ਉਸ ਨੂੰ ਧੁਰ ਅੰਦਰ ਤੱਕ ਝੰਜੋੜਿਆ ਹੈ। ਇਕਲੌਤੇ ਭਰਾ ਦੀ ਮੌਤ ਤੋਂ ਬਾਅਦ ਪੇਕੇ ਪਿੰਡ ਨਾਲ ਸਾਂਝ ਖ਼ਤਮ ਹੋਣ ਦਾ ਦਰਦ ਅੱਜ ਵੀ ਮੈਂ ਮਾਂ ਦੀਆਂ ਅੱਖਾਂ ’ਚ ਮਹਿਸੂਸ ਕਰਦੀ ਹਾਂ। ਮਾਂ ਦਾ ਅੱਖਾਂ ਭਰ ਕੇ ਕਹਿਣਾ ਕਿ ਧੀਆਂ ਤਾਂ ਮਰਨ ਤੋਂ ਬਾਅਦ ਵੀ ਪੇਕਿਆਂ ਦਾ ਕਫ਼ਣ ਉਡੀਕਦੀਆਂ ਨੇ, ਮੇਰੀਆਂ ਅੱਖਾਂ ਛਲਕਣ ਲਾ ਦਿੰਦਾ ਹੈ। ਦੁਆ ਕਰਦੀ ਹਾਂ ਕਿ ਕਿਸੇ ਧੀ ਦਾ ਪੇਕਾ ਪਿੰਡ ਨਾ ਛੁੱਟੇ ਤੇ ਨਾ ਕਿਸੇ ਦਾ ਵੀਰ ਬਿਗਾਨਾ ਹੋਵੇ। ਅੱਜ ਮਾਂ ਦੇ ਸਾਰੇ ਧੀ ਪੁੱਤਰ ਵਿਆਹੇ ਗਏ ਅਤੇ ਉਹ ਪੋਤੇ-ਦੋਹਤੇ ਅਤੇ ਦੋਹਤੀਆਂ ਵਾਲੀ ਹੋ ਗਈ। ਸੋ ਜੇਕਰ ਅਸੀਂ ਘਰ ਤੋਂ ਹੀ ਧੀ ਪੁੱਤਰਾਂ ਦੀ ਬਰਾਬਰੀ ਦੀ ਗੱਲ ਕਰੀਏ ਤਾਂ ਬਹੁਤ ਵਧੀਆ ਹੈ ਕਿਉਂਕਿ ਸ਼ੁਰੂਆਤ ਘਰ ਤੋਂ ਹੀ ਕਰਾਂਗੇ ਤਾਂ ਹੀ ਕਿਸੇ ਨੂੰ ਉਪਦੇਸ਼ ਦੇ ਸਕਾਂਗੇ। ਮੈਂ ਅਕਸਰ ਸੋਚਦੀ ਹੁੰਦੀ ਹਾਂ ਕਿ ਮੈਂ ਜਦੋਂ ਬਜ਼ੁਰਗ ਹੋ ਜਾਵਾਂਗੀ ਤਾਂ ਕਿਸ ਨਾਲ ਆਪਣਾ ਦਿਲ ਫੋਲਿਆ ਕਰਾਂਗੀ, ਮੇਰੀ ਤਾਂ ਕੋਈ ਧੀ ਹੀ ਨਹੀਂ। ਰੱਬ ਨੇ ਮੈਨੂੰ ਕਿਉਂ ਨਹੀਂ ਧੀ ਦੀ ਦਾਤ ਬਖ਼ਸ਼ੀ।

**ਪੇਕਿਆਂ ਦੀ ਖ਼ੈਰ**

ਕਈ ਵਾਰ ਨੂੰਹ ਦੇ ਰੂਪ ਵਿੱਚ ਆਈ ਧੀ ਨੂੰ ਇਹ ਗ਼ਲਤ ਫ਼ਹਿਮੀ ਹੋ ਜਾਂਦੀ ਹੈ ਕਿ ਮਾਪੇ ਘਰ ਆਈਆਂ ਧੀਆਂ ਨੂੰ ਘਰ ਲੁਟਾਈ ਜਾਂਦੇ ਨੇ। ਧੀਆਂ ਨੂੰ ਕੋਈ ਲੈਣ-ਦੇਣ ਦਾ ਲਾਲਚ ਨਹੀਂ ਹੁੰਦਾ, ਬਸ, ਮਾਪਿਆਂ ਦੇ ਘਰ ਇੱਕ ਆਸ ਹੁੰਦੀ ਹੈ, ਰਿਸ਼ਤਿਆਂ ਨੂੰ ਪੈਸਿਆਂ ਦੇ ਮਿਆਰ ਨਾਲ ਕਦੇ ਨਾ ਤੋਲੋ, ਇਹ ਮਾਇਆ ਤਾਂ ਬਹੁਤ ਤੁੱਛ ਜਿਹੀ ਹੈ। ਆਪਸੀ ਪਿਆਰ ਅਤੇ ਨਿੱਘ ਅੱਗੇ, ਇਹ ਤਾਂ ਆਉਂਦੀ ਜਾਂਦੀ ਰਹਿੰਦੀ ਹੈ। ਕਦੇ ਹੰਕਾਰ ਨਾ ਕਰੋ, ਕੌਣ ਹੈ, ਏਥੇ ਕਿਸੇ ਨੂੰ ਕੁਝ ਦੇਣ ਵਾਲਾ। ਬਸ ਸ਼ੁਕਰ ਮਨਾਇਆ ਕਰੋ ਕਿ ਤੁਹਾਡੇ ਸਿਰ ’ਤੇ ਠੰਢੀਆਂ ਛਾਵਾਂ ਕਰਨ ਵਾਲੇ ਮਾਪੇ ਮੌਜੂਦ ਨੇ ਤੇ ਪਰਵਾਹ ਕਰਨ ਵਾਲੇ ਭੈਣ-ਭਰਾ। ਮਾਵਾਂ ਜਦੋਂ ਇੱਕ ਵਾਰ ਤੁਰ ਜਾਂਦੀਆਂ ਹਨ ਤਾਂ ਉਹ ਮੁੜ ਨਹੀਂ ਲੱਭਦੀਆਂ, ਮਾਂ ਦਾ ਦਿਲ ਕਦੇ ਨਾ ਦੁਖੀ ਕਰਿਓ, ਮੁੜ ਕੇ ਮਾਂ ਕਦੇ ਵੀ ਨਹੀਂ ਮਿਲਣੀ।

ਅਨੰਨਿਆ ਮਿਸ਼ਰਾ

# ਸਦਾਬਹਾਰ ਹਨ ਪੰਜਾਬੀ ਸਟਾਈਲ ਦੇ ਸਲਵਾਰ-ਸੂਟ

ਫੈਸ਼ਨ ਦੇ ਇਸ ਬਦਲਦੇ ਯੁੱਗ ਵਿੱਚ, ਹਰ ਦਿਨ ਕੋਈ ਨਾ ਕੋਈ ਫੈਸ਼ਨ ਰੁਝਾਨ ਬਦਲਦਾ ਹੁੰਦਾ ਹੈ। ਸਲਵਾਰ-ਸੂਟ ਇੱਕ ਅਜਿਹਾ ਪਹਿਰਾਵਾ ਹੈ ਜੋ ਤੁਸੀਂ ਹਰ ਰੋਜ਼ ਅਤੇ ਹਰ ਪਾਰਟੀ ਅਤੇ ਫੰਕਸ਼ਨ ਵਿੱਚ ਪਹਿਨਦੇ ਹੋ। ਅੱਜ ਕੱਲ੍ਹ, ਤੁਸੀਂ ਬਜ਼ਾਰ ਵਿੱਚ ਰੈਡੀਮੇਡ ਸੂਟ ਫੈਬਰਿਕ ਖਰੀਦ ਸਕਦੇ ਹੋ ਅਤੇ ਆਪਣੇ ਆਪ ਨੂੰ ਇੱਕ ਅਨੁਕੂਲਿਤ ਰੂਪ ਦੇ ਸਕਦੇ ਹੋ।

ਅੱਜ ਕੱਲ੍ਹ ਪੰਜਾਬੀ ਸਟਾਈਲ ਸਲਵਾਰ-ਕਮੀਜ਼ ਵਧੇਰੇ ਪ੍ਰਸਿੱਧ ਹੋ ਰਿਹਾ ਹੈ। ਅਜਿਹੇ ’ਚ ਅੱਜ ਇਸ ਆਰਟੀਕਲ ਦੇ ਜ਼ਰੀਏ ਅਸੀਂ ਤੁਹਾਨੂੰ ਪੰਜਾਬੀ ਸਟਾਈਲ ਦੇ ਸਲਵਾਰ-ਸੂਟ ਦੇ ਕੁਝ ਨਵੇਂ ਡਿਜ਼ਾਈਨਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਤੁਸੀਂ ਆਪਣੀ ਲੁੱਕ ਨੂੰ ਪਰਫੈਕਟ ਬਣਾਉਣ ਲਈ ਸਟਾਈਲ ਕਰ ਸਕਦੇ ਹੋ।



**ਗੋਲ ਘੇਰੇ ਵਾਲਾ ਸੂਟ**

ਤੁਹਾਨੂੰ ਗੋਲ ਚੱਕਰ ਵਿੱਚ ਬਹੁਤ ਸਾਰੇ ਅਨਾਰਕਲੀ ਅਤੇ ਕਾਲੀਦਾਰ ਸੂਟ ਡਿਜ਼ਾਈਨ ਆਸਾਨੀ ਨਾਲ ਮਿਲ ਜਾਣਗੇ। ਗਰਮੀਆਂ ਵਿੱਚ, ਤੁਸੀਂ ਹਲਕੇ ਭਾਰ ਦੇ ਪਲੇਨ ਜਾਂ ਪ੍ਰਿੰਟਿਡ ਫੈਬਰਿਕ ਦੇ ਬਣੇ ਸੂਟ ਪਹਿਨ ਸਕਦੇ ਹੋ। ਇਸ ਸੂਟ ਦੇ ਨਾਲ ਭਾਰੀ ਝੁਮਕੀ ਪਹਿਨ ਕੇ ਆਪਣੀ ਦਿੱਖ ਨੂੰ ਪੂਰਾ ਕਰੋ। ਗੋਲ-ਨੇਕ ਸੂਟ ਦੇ ਨਾਲ ਗੋਟਾ-ਪੱਟੀ ਲੇਸ ਦੁਪੱਟਾ ਸਟਾਈਲ ਕਰੋ।

**ਪਟਿਆਲਾ ਸਟਾਈਲ ਸਲਵਾਰ-ਸੂਟ**


ਇਹ ਸਲਵਾਰ ਸੂਟ ਪੰਜਾਬ ਵਿੱਚ ਸਭ ਤੋਂ ਵੱਧ ਪਸੰਦ ਕੀਤਾ ਜਾਂਦਾ ਹੈ। ਤੁਸੀਂ ਪਟਿਆਲਾ ਸਟਾਈਲ ਦੇ ਸਲਵਾਰ ਸੂਟ ਦੇ ਨਾਲ ਫੁਲਕਾਰੀ ਦੁਪੱਟਾ ਕੈਰੀ ਕਰ ਸਕਦੇ ਹੋ। ਇਸ ਕਿਸਮ ਦੀ ਸਲਵਾਰ ਦੇ ਨਾਲ, ਤੁਸੀਂ ਇੱਕ ਸ਼ਾਰਟ ਸਟਾਈਲ ਸੂਟ ਕਮੀਜ਼ ਪਾ ਸਕਦੇ ਹੋ ਅਤੇ ਹੈਵੀ ਲੁੱਕ ਪ੍ਰਾਪਤ ਕਰਨ ਲਈ, ਤੁਸੀਂ ਹੈਮ ’ਤੇ ਇੱਕ ਚੌੜਾ ਡਿਜ਼ਾਈਨ ਵਾਲਾ ਲੇਸ ਪਾ ਸਕਦੇ ਹੋ। ਇਸ ਕਿਸਮ ਦੇ ਸੂਟ ਦੇ ਨਾਲ, ਤੁਸੀਂ ਗੁਰਕਬੀ ਸ਼ੈਲੀ ਦੀ ਜੁੱਤੀ ਪਹਿਨ ਕੇ ਆਪਣੀ ਦਿੱਖ ਨੂੰ ਪੂਰਾ ਕਰ ਸਕਦੇ ਹੋ।

**ਚੌੜੇ ਘੇਰੇ ਵਾਲਾ ਸੂਟ**

ਆਪਣੀ ਦਿੱਖ ਨੂੰ ਨਿਖਾਰਨ ਲਈ, ਤੁਸੀਂ ਸਲਵਾਰ ਜਾਂ ਪੈਂਟ ਨੂੰ ਚੌੜੇ-ਕੰਡੇ ਵਾਲੇ ਸੂਟ ਦੇ ਨਾਲ ਪਹਿਨ ਸਕਦੇ ਹੋ ਕਿਉਂਕਿ ਕਈ ਵਾਰ ਅਸੀਂ ਛੋਟੀਆਂ ਕਮੀਜ਼ਾਂ ਪਹਿਨਣ ਵਿੱਚ ਅਰਾਮ ਮਹਿਸੂਸ ਨਹੀਂ ਕਰਦੇ। ਅਜਿਹੀ ਸਥਿਤੀ ਵਿੱਚ, ਇਹ ਡਿਜ਼ਾਈਨ ਤੁਹਾਡੇ ਲਈ ਸਭ ਤੋਂ ਵਧੀਆ ਰਹੇਗਾ। ਇਸ ਦੇ ਨਾਲ ਹੀ ਤੁਸੀਂ ਹੈਵੀ ਵਰਕ ਦਾ ਦੁਪੱਟਾ ਵੀ ਕੈਰੀ ਕਰ ਸਕਦੇ ਹੋ। ਤੁਸੀਂ ਇਸ ਤਰ੍ਹਾਂ ਦੇ ਸੂਟ ਦੇ ਨਾਲ ਗਿੱਟੇ ਦੀ ਲੰਬਾਈ ਵਾਲੀ ਪੈਂਟ ਕੈਰੀ ਕਰ ਸਕਦੇ ਹੋ। ਇਹ ਤੁਹਾਨੂੰ ਆਧੁਨਿਕ ਅਹਿਸਾਸ ਦੇਣ ਦਾ ਕੰਮ ਕਰੇਗਾ।

# ਘੜਾ ਵੱਜਦਾ ਘੜੋਲੀ ਵੱਜਦੀ.....





**ਬਲਜਿੰਦਰ ਮਾਨ**

ਘੜਾ ਪੰਜਾਬੀਆਂ ਦਾ ਹਰਮਨ ਪਿਆਰਾ ਬਰਤਨ ਰਿਹਾ ਹੈ ਜੋ ਕੁਝ ਅਰਸਾਂ ਪਹਿਲਾਂ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ। ਇਸ ਨੂੰ ਗ਼ਰੀਬਾਂ ਦਾ ਫਰਿੱਜ ਵੀ ਆਖਿਆ ਜਾਂਦਾ ਹੈ। ਕੋਰੇ ਘੜੇ ਵਿੱਚ ਪਾਣੀ ਜਿੱਥੇ ਸ਼ੁੱਧ ਰਹਿੰਦਾ ਹੈ ਉੱਥੇ ਠੰਢਾ ਸ਼ੀਤ ਵੀ ਰਹਿੰਦਾ ਹੈ। ਸਮੇਂ ਦੀ ਤੋਰ ਨੇ ਅਤੇ ਵਿਗਿਆਨਕ ਤਰੱਕੀ ਨੇ ਸਾਨੂੰ ਕਿਤੇ ਦੇ ਕਿਤੇ ਪਹੁੰਚਾ ਦਿੱਤਾ ਹੈ। ਹੁਣ ਘਰ-ਘਰ ਲੱਗੀਆਂ ਟੂਟੀਆਂ, ਸਬਮਰਸੀਬਲ ਪੰਪ ਘੜੇ ਵਰਗੇ ਬਰਤਨਾਂ ਦੀ ਯਾਦ ਵੀ ਨਹੀਂ ਆਉਣ ਦਿੰਦੇ। ਕੱਚੇ ਬਰਤਨਾਂ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਨ੍ਹਾਂ ਵਿੱਚ ਕੋਈ ਵੀ ਵਸਤੂ ਜਲਦੀ ਖ਼ਰਾਬ ਨਹੀਂ ਹੁੰਦੀ। ਪੁਰਾਣੇ ਜ਼ਮਾਨੇ ਵਿੱਚ ਕੱਚੇ ਕਟੋਰੇ, ਘੜੇ, ਚਾਟੀਆਂ, ਕੁੱਜੇ, ਘੜੋਲੀਆਂ, ਕਨਾਲੀਆਂ, ਦਧੂਨੇ, ਝੱਜਾ ਆਦਿ ਦੀ ਆਮ ਵਰਤੋਂ ਕੀਤੀ ਜਾਂਦੀ ਸੀ। ਹੁਣ ਇਨ੍ਹਾਂ ਦੇ ਦਰਸ਼ਨ ਅਜਾਇਬ ਘਰਾਂ ਵਿੱਚ ਹੀ ਹੁੰਦੇ ਹਨ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਅਤੇ ਗੱਭਰੂ ਇਨ੍ਹਾਂ ਦੇ ਨਾਵਾਂ ਤੋਂ ਵੀ ਨਾ ਵਾਕਿਫ ਹਨ। ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਅਜੂਬੇ ਲੱਗਣ।

ਘੜੇ ਦਾ ਸਿੱਧਾ ਸਬੰਧ ਖੂਹ ਨਾਲ ਜੁੜਦਾ ਹੈ। ਜਦੋਂ ਨਲਕੇ ਅਤੇ ਟੂਟੀਆਂ ਨਹੀਂ ਹੁੰਦੇ ਸਨ ਤਾਂ ਮੁਟਿਆਰਾਂ ਡਾਰਾਂ ਬੰਨ੍ਹ-ਬੰਨ੍ਹ ਖੂਹ ਤੋਂ ਪਾਣੀ ਭਰਨ ਜਾਂਦੀਆਂ ਸਨ। ਉੱਥੇ ਉਨ੍ਹਾਂ ਨੂੰ ਗੱਲਾਂ ਬਾਤਾਂ ਅਤੇ ਹਾਸੇ ਠੱਠੇ ਲਈ ਮੋਕਲਾ ਮਾਹੌਲ ਮਿਲ ਜਾਂਦਾ ਸੀ। ਉਹ ਛੇੜਖਾਨੀ ਵੀ ਕਰਦੀਆਂ ਸਨ। ਕਈ ਜ਼ੋਰ ਵਾਲੀਆਂ ਮੁਟਿਆਰਾਂ ਆਪਣੀ ਸੀਨਾ ਜ਼ੋਰੀ ਦਿਖਾਉਂਦੀਆਂ ਹੋਈਆਂ ਤਿੰਨ ਤਿੰਨ ਘੜੇ ਚੁੱਕ ਕੇ ਮੜ੍ਹਕ ਨਾਲ ਤੁਰਦੀਆਂ ਸਨ। ਖੂਹ ’ਤੇ ਪਿਆ ਡੋਲ ਅਤੇ ਲੱਜ ਸਭ ਤੋਂ ਮਹੱਤਵਪੂਰਨ ਯੰਤਰ ਸਨ ਜਿਨ੍ਹਾਂ ਦੇ ਸਹਾਰੇ ਖੂਹ ਵਿੱਚੋਂ ਪਾਣੀ ਨੂੰ ਬਾਹਰ ਕੱਢਿਆ ਜਾਂਦਾ ਸੀ। ਕਈ ਪਹਾੜੀ ਪਿੰਡਾਂ ਵਿੱਚ ਇਹ ਖੂਹ ਸੱਤਰ ਸੱਤਰ ਫੁੱਟ ਤੱਕ ਵੀ ਡੂੰਘੇ ਹੁੰਦੇ ਸਨ। ਤੁਸੀਂ ਖ਼ੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਉਨ੍ਹਾਂ ਮੁਟਿਆਰਾ ਵਿੱਚ ਕਿੰਨੀ ਸ਼ਕਤੀ, ਸਬਰ ਸੰਤੋਖ ਅਤੇ ਹੌਸਲਾ ਹੁੰਦਾ ਹੋਵੇਗਾ ਜੋ ਸਾਰੇ ਘਰ ਦੀ ਵਰਤੋਂ ਵਾਲਾ ਪਾਣੀ ਲੱਜ ਅਤੇ ਡੋਲ ਨਾਲ ਖੂਹ ਵਿੱਚੋਂ ਕੱਢਦੀਆਂ ਸਨ। ਫਿਰ ਜਾ ਕੇ ਬਾਕੀ ਕਾਰੋਬਾਰ ਚੱਲਦੇ ਸਨ। ਉਸ ਜ਼ਮਾਨੇ ਦਾ ਜੀਵਨ ਬਹੁਤ ਕਠਿਨ ਸੀ। ਸੁਆਣੀਆਂ ਖਾਣ ਵਾਸਤੇ ਆਟਾ ਵੀ ਘਰ ਵਿੱਚ ਹੀ ਚੱਕੀ ’ਤੇ ਪੀਸਦੀਆਂ ਹੁੰਦੀਆਂ ਸਨ। ਲੋਕ ਸਾਹਿਤ ਵਿੱਚ ਇਸ ਜਨ ਜੀਵਨ ਬਾਰੇ ਬਹੁਤ ਸਰਮਾਇਆ ਪਿਆ ਹੈ;

ਘੜਾ ਚੁੱਕੀ ਜਾਣ ਮੁਟਿਆਰਾਂ
ਜਿਉਂ ਹਰਨਾਂ ਦੀਆਂ ਡਾਰਾਂ।

ਜਦੋਂ ਇੱਕ ਮੁਟਿਆਰ ਇਕੱਲੀ ਖੂਹ ’ਤੇ ਰਹਿ ਜਾਂਦੀ ਹੈ ਤਾਂ ਉਸ ਨੂੰ ਲਾਗੇ ਖੜ੍ਹੇ ਕਿਸੇ ਚੋਬਰ ਨੂੰ ਆਵਾਜ਼ ਮਾਰ ਕੇ ਘੜਾ ਚੁਕਾਉਣਾ ਪੈਂਦਾ ਸੀ ਕਿਉਂਕਿ ਮਨਚਲਿਆਂ ਲਈ ਖੂਹ ਇੱਕ ਖਿੱਚ ਦਾ ਕੇਂਦਰ ਹੁੰਦਾ ਸੀ;

ਘੜਾ ਚੁਕਾ ਜਾਈਂ ਵੇ ਚੋਬਰਾ
ਖੜ੍ਹੀ ਆਵਾਜ਼ਾਂ ਮਾਰਾਂ
ਛੱਡ ਕੇ ਮੈਨੂੰ ਤੁਰ ਗਈਆਂ
ਮੇਰੇ ਹਾਣ ਦੀਆਂ ਮੁਟਿਆਰਾਂ।

ਪੁਰਾਣੇ ਜ਼ਮਾਨੇ ਵਿੱਚ ਜਦੋਂ ਲੋਕ ਪੈਦਲ ਹੀ ਸਫ਼ਰ ਕਰਦੇ ਸਨ ਤਾਂ ਅਮੀਰ ਲੋਕਾਂ ਵੱਲੋਂ ਦਸ ਬਾਰ੍ਹਾਂ ਕੋਹ ’ਤੇ ਪਉ ਦਾ ਪ੍ਰਬੰਧ ਕੀਤਾ ਹੁੰਦਾ ਸੀ। ਜਿਸ ਥਾਂ ਰਾਹੀ ਬੈਠ ਕੇ ਆਰਾਮ ਕਰਦੇ ਅਤੇ ਦਰੱਖਤ ਹੇਠਾਂ ਰੱਖੇ ਪਾਣੀ ਦੇ ਘੜੇ ਵਿੱਚੋਂ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦੇ ਸਨ। ਇਸੇ ਤਰ੍ਹਾਂ ਰਾਹਾਂ ਵਿੱਚ ਅਮੀਰਾਂ, ਦਾਨੀਆਂ, ਰਾਜਿਆਂ ਵੱਲੋਂ ਸਰਾਵਾਂ ਦਾ ਨਿਰਮਾਣ ਵੀ ਕਰਵਾਇਆ ਜਾਂਦਾ ਸੀ। ਸਰਾਵਾਂ ਵਿੱਚ ਰਿਹਾਇਸ਼ ਵਾਸਤੇ ਕਮਰੇ ਅਤੇ ਪਾਣੀ ਪੀਣ ਵਾਸਤੇ ਖੂਹ ਲਗਵਾਏ ਜਾਂਦੇ ਸਨ। ਕਈ ਬਜ਼ੁਰਗ ਆਪਣੇ ਖੇਤਾਂ ਵਿੱਚ ਦਰੱਖਤਾਂ ’ਤੇ ਜੇਠ ਹਾੜ੍ਹ ਦੇ ਮਹੀਨਿਆਂ ਵਿੱਚ ਘੜੇ ਚਾਟੀਆਂ ਦੇ ਟੁੱਟੇ ਹੋਏ ਠੀਕਰਿਆਂ ਵਿੱਚ ਪੰਛੀਆਂ ਅਤੇ ਜਾਨਵਰਾਂ ਵਾਸਤੇ ਪਾਣੀ ਭਰਿਆ ਕਰਦੇ ਸਨ। ਅੱਜ ਵੀ ਅਜਿਹੇ ਕਾਰਜਾਂ ਨੂੰ ਪੁੰਨ ਦਾ ਕਾਰਜ ਮੰਨਿਆ ਜਾਂਦਾ ਹੈ।

ਸਾਡੇ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਵਿੱਚ ਘੜੇ ਦਾ ਨਿਵੇਕਲੇ ਅੰਦਾਜ਼ ਨਾਲ ਬਿਆਨ ਕੀਤਾ ਮਿਲਦਾ ਹੈ। ਦਿਉਰ-ਭਾਬੀ ਦਾ ਰਿਸ਼ਤਾ ਵੀ ਬੜਾ ਨਿੱਘਾ ਤੇ ਪਿਆਰ ਵਾਲਾ ਹੁੰਦਾ ਹੈ। ਇਸੇ ਲਈ ਉਹ ਆਖਦਾ ਹੈ;

ਕੱਚੀਆਂ ਖੂਹੀਆਂ ’ਤੇ ਡੋਲ ਖੜਕਦੇ
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ।
ਭਾਬੀ ਸਾਗ ਨੂੰ ਨਾ ਜਾਈਂ
ਤੇਰਾ ਮੁੰਡਾ ਰੋਊਗਾ।

ਸੋਹਣੀ ਮਹੀਂਵਾਲ ਦੇ ਪਿਆਰ ਦੀ ਅਮਰ ਕਹਾਣੀ ਵਿੱਚ ਘੜਾ ਵੀ ਇੱਕ ਪਾਤਰ ਵਜੋਂ ਉੱਭਰਿਆ ਹੈ। ਕੱਚੇ ਘੜੇ ਨੇ ਉਸ ਦੀ ਜੀਵਨ ਕਹਾਣੀ ਹੀ ਪਲਟ ਕੇ ਰੱਖ ਦਿੱਤੀ। ਅੱਲ੍ਹੜ ਉਮਰ ਦੀਆਂ ਲੱਗੀਆਂ ਨਿਭਾਉਣ ਲਈ ਜਦੋਂ ਉਹ ਕੱਚਾ ਪੱਕਾ ਦੇਖੇ ਬਗੈਰ ਹੀ ਝਨਾ ਵਿੱਚ ਠਿੱਲ ਪੈਂਦੀ ਹੈ ਤਾਂ ਘੜਾ ਕੱਚਾ ਹੋਣ ਕਰਕੇ ਖੁਰਨ ਲੱਗ ਪੈਂਦਾ ਹੈ ਤਾਂ ਉਹ ਆਖਦੀ ਹੈ;

ਮੈਨੂੰ ਪਾਰ ਲੰਘਾਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ।

ਜੇਕਰ ਸੋਹਣੀ ਦਾ ਸਾਥੀ ਘੜਾ ਨਾ ਬਣਦਾ ਤਾਂ ਸ਼ਾਇਦ ਇਸ ਕਹਾਣੀ ਦਾ ਮੂੰਹ-ਮੱਥਾ ਕਿਸੇ ਹੋਰ ਢੰਗ ਦਾ ਹੁੰਦਾ। ਉਸ ਦੀ ਨਣਦ ਨੇ ਦਗਾ ਕਮਾਇਆ ਤੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ। ਇਸ਼ਕ ਵਿੱਚ ਪਾਗਲ ਹੋਈ ਸੋਹਣੀ ਨੂੰ ਕੁਝ ਵੀ ਦਿਖਾਈ ਨਾ ਦਿੱਤਾ;

ਨਣਦ ਨੇ ਡਾਢਾ ਕਹਿਰ ਕਮਾਇਆ
ਪੱਕਾ ਚੁੱਕ ਕੇ ਕੱਚਾ ਟਿਕਾਇਆ

ਪੰਜਾਬਣਾਂ ਜਦੋਂ ਗਿੱਧੇ ਦੇ ਪਿੜ ਵਿੱਚ ਜਾਂਦੀਆਂ ਹਨ ਤਾਂ ਧਰਤੀ ਦੀ ਹਿੱਕ ਹਿਲਾ ਦਿੰਦੀਆਂ ਹਨ;

ਘੜਾ ਆਰ ਸੋਹਣੀਏ, ਘੜਾ ਪਾਰ ਸੋਹਣੀਏ
ਘੜਾ ਚੁੱਕ ਲੈ ਦੰਦਾਂ ਦੇ ਨਾਲ ਸੋਹਣੀਏ।

ਘੜੇ ਨਾਲ ਸਾਡਾ ਅਧਿਆਤਮਕ ਜੀਵਨ ਵੀ ਜੁੜਿਆ ਹੋਇਆ ਹੈ। ਮਹਾਪੁਰਖਾਂ ਨੇ ਉਸ ਨੂੰ ਦ੍ਰਿਸ਼ਟਾਂਤ ਵਜੋਂ ਵੀ ਵਰਤਿਆ ਹੈ। ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ:

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥

ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਸਾਡੇ ਸੱਭਿਆਚਾਰਕ ਜੀਵਨ ਦਾ ਘੜੇ ਤੋਂ ਬਗੈਰ ਅਧਿਐਨ ਅਧੂਰਾ ਹੈ। ਮੁਟਿਆਰ ਦੀ ਜੀਵਨ ਕਹਾਣੀ ਨਾਲ ਜੁੜੇ ਘੜੇ ਬਾਰੇ ਕੁਝ ਹੋਰ ਅਮਰ ਸਤਰਾਂ ’ਤੇ ਇੱਕ ਝਾਤ ਮਾਰ ਲੈਂਦੇ ਹਾਂ;

* ਉਸ ਪਾਰ ਮੇਰੇ ਮਾਹੀ ਦਾ ਡੇਰਾ
ਘੜਿਆ ਸਾਥ ਨਿਭਾਈਂ ਮੇਰਾ।
* ਘੜਾ ਆਰ ਨੂੰ ਵੇ ਘੜਾ ਪਾਰ ਨੂੰ ਵੇ
ਘੜਾ ਚੁੱਕਿਆ ਨਾ ਜਾਏ ਮੁਟਿਆਰ ਤੋਂ ਵੇ।
* ਘੜਾ ਵੱਜਦਾ ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ..

ਅੱਜ ਅਸੀਂ ਆਪਣੀ ਅਮੀਰੀ ਦਾ ਦਿਖਾਵਾ ਕਰਨ ਲਈ ਘੜਿਆਂ ਨੂੰ ਛੱਡ ਫਰਿੱਜਾਂ ਦੇ ਕਾਇਲ ਹੋ ਗਏ ਹਾਂ। ਸਮੇਂ ਦੀ ਤੋਰ ਨਾਲ ਘਰ ਦੇ ਬਰਤਨਾਂ ਵਿੱਚ ਤਬਦੀਲੀ ਆ ਗਈ ਹੈ ਪਰ ਇਹ ਵੀ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਘੜੇ ਦਾ ਪਾਣੀ ਫਿਲਟਰ ਵਾਲੇ ਪਾਣੀ ਨਾਲੋਂ ਕਿਤੇ ਸਿਹਤਮੰਦ ਹੁੰਦਾ ਹੈ। ਇਸੇ ਕਰਕੇ ਘੜੇ ਦੇ ਵੰਨ ਸੁਵੰਨੇ ਮਾਡਲ ਬਾਜ਼ਾਰ ਵਿੱਚ ਉਪਲੱਬਧ ਹੋਣ ਲੱਗ ਪਏ ਹਨ। ਫਰਿੱਜ ਅਤੇ ਕੂਲਰਾਂ ਦੇ ਪਾਣੀ ਨੂੰ ਛੱਡ ਕੇ ਕੁਝ ਲੋਕ ਮੁੜ ਇਸ ਦੀ ਵਰਤੋਂ ਕਰਨ ਲੱਗ ਪਏ ਹਨ। ਇਸ ਤਰ੍ਹਾਂ ਘੜਾ ਪੁਰਾਣੇ ਸਮੇਂ ਤੋਂ ਹੀ ਸਾਡੇ ਜਨ ਜੀਵਨ ਦਾ ਆਧਾਰ ਬਣਿਆ ਹੋਇਆ ਹੈ। ਪਾਠ ਪੂਜਾ ਮੌਕੇ ਵੀ ਕੁੱਜੇ ਜਾਂ ਘੜੇ ਵਿੱਚ ਜਲ ਰੱਖਿਆ ਜਾਂਦਾ ਹੈ ਜਿਸ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ। ਸ਼ੁਭ ਮੌਕਿਆਂ ’ਤੇ ਮਹੂਰਤ ਵੇਲੇ ਕੁੱਜੇ ਵਿੱਚ ਜਲ ਦਾ ਹੋਣਾ ਲਾਜ਼ਮੀ ਮੰਨਿਆ ਜਾਂਦਾ ਹੈ। ਭਾਵ ਸਾਡਾ ਸਾਰਾ ਜੀਵਨ ਕੁੰਭ ਦੁਆਲੇ ਹੀ ਘੁੰਮਦਾ ਹੈ। ਘੜਾ ਅਤੇ ਪਾਣੀ ਸਾਡੀ ਜੀਵਨ ਕਹਾਣੀ ਨੂੰ ਘੜਨ ਵਾਲੇ ਹਨ। ਅੱਜਕੱਲ੍ਹ ਚਾਟੀ, ਚੁੱਲ੍ਹਾ, ਚੱਕੀ, ਚਰਖਾ ਸਭ ਯੰਤਰ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਗਏ ਹਨ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਲਈ ਘੜਾ ਚੁੱਕਣਾ ਤਾਂ ਦੂਰ ਦੀ ਗੱਲ ਰਹੀ, ਉਨ੍ਹਾਂ ਨੂੰ ਤਾਂ ਘੜੇ ਦੀਆਂ ਨਿਹਮਤਾਂ ਦਾ ਵੀ ਗਿਆਨ ਨਹੀਂ ਹੈ। ਕਿਸੇ ਨੇ ਠੀਕ ਹੀ ਇਸ ਨੂੰ ਗ਼ਰੀਬਾਂ ਦੀ ਫਰਿੱਜ ਆਖਿਆ ਹੈ।

# ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ



**ਬੂਟਾ ਗੁਲਾਮੀ ਵਾਲਾ**

ਸਿਆਲ ਦੀ ਰੁੱਤ ਦੀਆਂ ਹੋਰ ਵੀ ਬਹੁਤ ਸਾਰੀਆਂ ਸਬਜ਼ੀਆਂ ਹਨ, ਪਰ ਉਨ੍ਹਾਂ ਵਿੱਚੋਂ ਇੱਕ ਹੈ ਸਰ੍ਹੋਂ ਦਾ ਸਾਗ। ਇਸ ਨੂੰ ਇਸ ਰੁੱਤ ਵਿੱਚ ਖਾਣ ਦਾ ਵੱਖਰਾ ਹੀ ਨਜ਼ਾਰਾ ਹੈ। ਪੰਜਾਬੀਆਂ ਦੀ ਸਭ ਤੋਂ ਪਹਿਲੀ ਪਸੰਦ ਹੈ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ, ਜਿਹੜੀ ਸਾਡੇ ਪੰਜਾਬ ਤੇ ਪੰਜਾਬੀ ਸੱਭਿਆਚਾਰ ਨਾਲ ਮੁੱਢ ਤੋਂ ਹੀ ਜੁੜੀ ਹੋਈ ਹੈ। ਪੰਜਾਬ ਦੇ ਹਰ ਘਰ ਵਿੱਚ ਸਾਗ ਬਣਦਾ ਹੈ ਭਾਵੇਂ ਉਹ ਅਮੀਰ ਹੋਵੇ ਚਾਹੇ ਗ਼ਰੀਬ ਹੋਵੇ। ਪਿੰਡਾਂ ਵਿੱਚ ਜ਼ਿਆਦਾਤਰ ਸਾਗ ਬਜ਼ੁਰਗ ਔਰਤਾਂ ਹੀ ਬਣਾਉਂਦੀਆਂਹਨ ਤੇ ਸਾਰਾ ਸਾਰਾ ਦਿਨ ਚੁੱਲ੍ਹੇ ’ਤੇ ਸਾਗ ਗੁੜ ਗੁੜ ਕਰ ਕੇ ਰਿੱਝਦਾ ਰਹਿੰਦਾ ਹੈ। ਨਵੀਆਂ ਵਿਆਹੀਆਂ ਵੀ ਬੇਬੇ ਨੂੰ ਹੀ ਸਾਗ ਬਣਾਉਣ ਲਈ ਜ਼ਿਆਦਾ ਕਹਿੰਦੀਆਂ ਹਨ। ਵੈਸੇ ਵੀ ਸਾਗ ਬਣਾਉਣਾ ਹਰ ਕਿਸੇ ਦੇ ਵੱਸ ਦਾ ਨਹੀਂ। ਇਸ ਵਿੱਚ ਵੀ ਤਜਰਬੇ ਤੇ ਮਿਹਨਤ ਦੀ ਕਾਫ਼ੀ ਲੋੜ ਹੁੰਦੀ ਹੈ।

ਪੰਜਾਬ ਦੇ ਪਿੰਡਾਂ ਦੇ ਖੇਤਾਂ ਵਿੱਚ ਖੜ੍ਹੀ ਕਿੱਲਿਆਂ ਦੇ ਕਿੱਲੇ ਸਰ੍ਹੋਂ ਭਰ ਜੋਬਨ ਮੁਟਿਆਰ ਵਾਂਗ ਲੱਗਦੀ ਹੈ। ਪੀਲੇ ਰੰਗ ਦੇ ਫ਼ੁੱਲ ਕੱਢੀਂ ਸਰ੍ਹੋਂ ਇਉਂ ਲੱਗਦੀ ਹੈ ਜਿਵੇਂ ਕਿਸੇ ਨੇ ਖੱਟੇ ਰੰਗ ਦਾ ਮਣਾਂਮੂੰਹੀ ਰੰਗ ਖੇਤਾਂ ਵਿੱਚ ਖਿਲਾਰ ਦਿੱਤਾ ਹੋਵੇ। ਸਰ੍ਹੋਂ ਬੀਜਣ ਤੋਂ ਲੈ ਕੇ ਹੀ ਗੱਲਾਂ ਹੋਣ ਲੱਗ ਜਾਂਦੀਆਂ ਕਿ ਬਸ ਹੁਣ ਸਾਗ ਬਣਨ ਵਾਲਾ ਹੈ ਜਿੰਨਾ ਮਰਜ਼ੀ ਤੋੜ ਕੇ ਲੈ ਜਾਇਓ।

ਪਿੰਡਾਂ ਵਿੱਚ ਜਿਸ ਦਿਨ ਘਰ ਵਿੱਚ ਸਾਗ ਬਣਾਉਣਾ ਹੁੰਦਾ ਸੀ ਤਾਂ ਜ਼ਿਆਦਾਤਰ ਘਰ ਦੀ ਬਜ਼ੁਰਗ ਔਰਤ ਹੀ ਸਾਗ ਤੋੜਨ ਖੇਤ ਜਾਂਦੀ, ਪਰ ਨਾਲ ਉਹ ਸਾਗ ਤੋੜਨ ਵਾਸਤੇ ਆਪਣੀ ਧੀ, ਨੂੰਹ ਜਾਂ ਪੋਤੀ ਨੂੰ ਵੀ ਲੈ ਕੇ ਜਾਂਦੀ। ਕਈ ਵਾਰ ਤਾਂ ਚਾਰ-ਚਾਰ, ਪੰਜ-ਪੰਜ ਜਣੀਆਂ ਇਕੱਠੀਆਂ ਹੀ ਖੇਤਾਂ ਵੱਲ ਸਾਗ ਤੋੜਨ ਵਾਸਤੇ ਜਾਂਦੀਆਂ। ਜੇ ਤਾਂ ਆਪਣਾ ਸਾਗ ਹੋਵੇ ਠੀਕ ਨਹੀਂ ਤਾਂ ਫ਼ਿਰ ਦੂਜਿਆਂ ਦੇ ਖੇਤਾਂ ਵਿੱਚੋਂ ਤੋੜਿਆ ਜਾਂਦਾ। ਸੁਆਣੀਆਂ ਆਪਣੇ ਹੱਥਾਂ ਨਾਲ ਕੂਲੀਆਂ-ਕੂਲੀਆਂ ਸਰ੍ਹੋਂ ਦੀਆਂ ਗੰਦਲਾਂ ਨੂੰ ਤੋੜਦੀਆਂ ਖ਼ੁਸ਼ ਹੁੰਦੀਆਂ ਸਨ। ਇਸ ਦਾ ਗੀਤ ਵਿੱਚ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ, ‘ਕਿਹੜੀ ਏਂ ਤੂੰ ਸਾਗ ਤੋੜਦੀ ਹੱਥ ਸੋਚ ਕੇ ਗੰਦਲ ਨੂੰ ਪਾਵੀਂ।’ ਖੇਤਾਂ ਵਿੱਚ ਸਾਗ ਜ਼ਿਆਦਾਤਰ ਸਵੇਰੇ ਸਵੇਰੇ ਹੀ ਤੋੜਿਆ ਜਾਂਦਾ ਸੀ। ਬਜ਼ੁਰਗ ਔਰਤਾਂ ਨੇ ਪਹਿਲਾਂ ਆਪਣੇ ਹੱਥੀਂ ਸਾਗ ਤੋੜਣਾ ਤੇ ਚੁੰਨੀ ਜਾਂ ਕਿਸੇ ਹੋਰ ਕੱਪੜੇ ਵਿੱਚ ਲਪੇਟ ਕੇ ਘਰ ਲੈ ਕੇ ਆਉਣਾ। ਹੱਥਾਂ ਵਿੱਚ ਆਏ ਸਾਗ ਨੂੰ ਇੱਕ ਚੀਰਨੀ ਕਹਿੰਦੇ ਸਾਂ ਤੇ ਇੱਕ ਘਰ ਵਾਸਤੇ ਦੋ ਜਾਂ ਤਿੰਨ ਚੀਰਨੀਆਂ ਸਾਗ ਨਹੀਂ ਸੀ ਮੁੱਕਦਾ। ਔਰਤਾਂ ਨੇ ਸਾਗ ਨੂੰ ਘਰ ਲਿਆ ਕੇ ਪਹਿਲਾਂ ਚੰਗੀ ਤਰ੍ਹਾਂ ਛਾਂਟਣਾ, ਪੱਕੀਆਂ ਗੰਦਲਾਂ ਨੂੰ ਅਲੱਗ ਕਰ ਦੇਣਾ, ਕੂਲੀਆਂ ਕੂਲੀਆਂ ਅੱਡ ਕਰ ਦੇਣੀਆਂ। ਫ਼ਿਰ ਸਾਗ ਨੂੰ ਘਰ ਵਿੱਚ ਹੀ ਮੌਜੂਦ ਲੋਹੇ ਦੇ ਬਣੇ ਦਾਤ ਨਾਲ ਹੌਲੀ ਹੌਲੀ ਚੀਰਨਾ। ਉਸ ਸਮੇਂ ਹਾਲੇ ਸਾਗ ਚੀਰਨ ਵਾਲੇ ਟੋਕੇ ਨਹੀਂ ਸੀ ਆਏ। ਬੜੇ ਤਿੱਖੇ ਦਾਤ ਨਾਲ ਸਾਗ ਚੀਰਨਾ ਵੀ ਇੱਕ ਕਲਾ ਸੀ, ਹਰ ਕੋਈ ਦਾਤ ਨਾਲ ਸਾਗ ਨਹੀਂ ਸੀ ਚੀਰ ਸਕਦੀ। ਬੇਬੇ ਨੇ ਇੱਕ ਪੈਰ ਦੇ ਥੱਲੇ ਦਾਤ ਨੂੰ ਨੱਪ ਲੈਣਾ ਤੇ ਉਸ ਦੇ ਅਗਲੇ ਭਾਗ ਜੋ ਤਿੱਖਾ ਹੁੰਦਾ ਸੀ, ਨਾਲ ਦੋਵਾਂ ਹੱਥਾਂ ਨਾਲ ਸਾਗ ਨੂੰ ਚੀਰਨਾ। ਇੱਕ ਹੱਥ ਨਾਲ ਕੁਝ ਕੁ ਗੰਦਲਾਂ ਤੇ ਦੂਜੇ ਹੱਥ ਨਾਲ ਅੱਗੋਂ ਡਿੱਗਦੇ ਸਾਗ ਨੂੰ ਫ਼ੜਨਾ ਤੇ ਦਾਤ ਦੇ ਨਾਲ ਬਹੁਤ ਹੀ ਬਾਰੀਕ ਬਾਰੀਕ ਚੀਰਨਾ। ਅੱਜ ਦੀਆਂ ਨਵੀਆਂ ਕੁੜੀਆਂ ਨੂੰ ਇਹ ਵੀ ਨਹੀਂ ਪਤਾ ਕਿ ਦਾਤ ਹੁੰਦਾ ਕੀ ਸੀ? ਹੁਣ ਤਾਂ ਟੋਕੇ ਨਾਲ ਮਿੰਟਾਂ ਵਿੱਚ ਹੀ ਸਾਗ ਚੀਰ ਕੇ ਗੈਸ ’ਤੇ ਧਰ ਦਿੱਤਾ ਜਾਂਦਾ ਹੈ। ਅੱਜਕੱਲ੍ਹ ਉਹ ਹੱਥਾਂ ਦੀ ਮਿਹਨਤ, ਬਰਕਤ, ਮਿਠਾਸ ਨਹੀਂ ਹੁੰਦੀ, ਜਿੰਨੀ ਛੇਤੀ ਬਣਾਇਆ ਜਾਂਦਾ, ਫ਼ਿਰ ਉਸ ਦਾ ਸੁਆਦ ਵੀ ਓਹੋ ਜਿਹਾ ਹੀ ਹੁੰਦਾ ਹੈ।

ਸਾਗ ਨੂੰ ਹੱਥੀਂ ਚੀਰ ਕੇ, ਧੋ ਕੇ ਫ਼ਿਰ ਮਿੱਟੀ ਦੀ ਤੌੜੀ ਵਿੱਚ ਪਾ ਕੇ ਚੁੱਲ੍ਹੇ ਉਤੇ ਧਰ ਕੇ ਥੱਲੇ ਅੱਗ ਬਾਲ ਦਿੱਤੀ ਜਾਂਦੀ। ਬਜ਼ੁਰਗ ਔਰਤ ਚੁੱਲ੍ਹੇ ਕੋਲ ਹੀ ਅੱਗ ਡਾਹੀ ਜਾਂਦੀ ਸੀ ਤੇ ਸਾਗ ਨੂੰ ਘੋਟੀ ਜਾਂਦੀ ਸੀ। ਮੱਧਣੀ ਯਾਨੀ ਕਿ ਘੋਟਣਾ ਮਿਸਤਰੀ ਤੋਂ ਬਣਵਾ ਕੇ ਪਹਿਲਾਂ ਹੀ ਘਰ ਵਿੱਚ ਰੱਖਿਆ ਹੁੰਦਾ ਸੀ। ਇਹ ਥੱਲਿਉਂ ਗੋਲ ਤੇ ਉੱਪਰੋਂ ਲੰਮੀ ਡੰਡੀ ਹੁੰਦੀ ਸੀ ਤੇ ਉਸ ਨਾਲ ਸਾਗ ਨੂੰ ਘੋਟਿਆ ਜਾਂਦਾ। ਜਦੋਂ ਸਾਗ ਬਣਨ ਕਿਨਾਰੇ ਪਹੁੰਚ ਜਾਂਦਾ ਹੈ ਤਾਂ ਇਸ ਵਿੱਚ ਥੋੜ੍ਹਾ ਜਿਹਾ ਵਿੱਚ ਮੱਕੀ ਦਾ ਆਟਾ ਵੀ ਪਾਇਆ ਜਾਂਦਾ ਹੈ, ਜਿਸ ਨੂੰ ਆਲਣ ਕਹਿੰਦੇ ਹਨ। ਇਸ ਨਾਲ ਸਾਗ ਆਪਸ ਵਿੱਚ ਜੁੜਿਆ ਰਹਿੰਦਾ ਹੈ, ਨਹੀਂ ਤਾਂ ਉਹ ਖਿਲਰਿਆ ਹੋਇਆ ਬਣੇਗਾ।

ਇਸ ਤਰ੍ਹਾਂ ਜਿਸ ਦਿਨ ਸਾਗ ਧਰਨਾ ਹੁੰਦਾ ਤਾਂ ਤੋੜਨ ਤੋਂ ਲੈ ਕੇ ਪੂਰਾ ਬਣਾਉਣ ਤੱਕ ਔਰਤਾਂ ਦੀ ਦਿਹਾੜੀ ਲੱਗ ਜਾਂਦੀ, ਪਰ ਸਾਗ ਇਸ ਤਰ੍ਹਾਂ ਬਣਦਾ ਸੀ ਕਿ ਉਸ ਤਰ੍ਹਾਂ ਹੋਟਲਾਂ ਵਿੱਚ ਖਾਣੇ ਵੀ ਨਹੀਂ ਬਣਦੇ। ਬਜ਼ੁਰਗ ਔਰਤਾਂ ਦੀ ਹੱਥੀਂ ਮਿਹਨਤ, ਪਿਆਰ, ਸਤਿਕਾਰ, ਚਾਅ, ਸੁੱਚਮ ਤੇ ਰਿਸ਼ਤਿਆਂ ਦਾ ਨਿੱਘ, ਇੰਨੀਆਂ ਚੀਜ਼ਾਂ ਰਲ ਕੇ ਜਦੋਂ ਸਾਗ ਬਣਦਾ ਸੀ ਤਾਂ ਫ਼ਿਰ ਸੁਆਦ ਤਾਂ ਆਪੇ ਹੀ ਬਣਨਾ ਹੋਇਆ। ਅੱਜਕੱਲ੍ਹ ਮੋਹ ਮੁਹੱਬਤ, ਰਿਸ਼ਤੇ ਨਾਤੇ ਖ਼ਤਮ ਹੋ ਗਏ ਹਨ ਤੇ ਆਪਸੀ ਪਿਆਰ ਵੀ ਖ਼ਤਮ ਹੋ ਗਿਆ ਹੈ। ਸਿਆਣੇ ਕਹਿੰਦੇ ਹਨ ਕਿ ਖਾਣ ਪੀਣ ਵਾਲੀਆਂ ਵਸਤੂਆਂ ਨੂੰ ਖ਼ੁਸ਼ੀ ਤੇ ਪਿਆਰ ਨਾਲ ਬਣਾਇਆ ਜਾਵੇ ਤਾਂ ਚੀਜ਼ਾਂ ਦਾ ਸੁਆਦ ਦੁੱਗਣਾ ਹੋ ਜਾਂਦਾ ਹੈ। ਬੀਬੀਆਂ ਚੁੱਲ੍ਹੇ ਧਰੇ ਸਾਗ ਨੂੰ ਨਾਲੋਂ ਨਾਲ ਮੱਧਣੀ/ਘੋਟਣੇ ਨਾਲ ਹਿਲਾਉਂਦੀਆਂਰਹਿੰਦੀਆਂ, ਨਾਲੇ ਚੁੱਲ੍ਹੇ ਵਿੱਚ ਅੱਗ ਨੂੰ ਬਲਦਾ ਰੱਖਣ ਲਈ ਫ਼ੂਕਾ ਮਾਰਦੀਆਂ। ਉਸ ਸਮੇਂ ਚੁੱਲ੍ਹੇ ਵਿੱਚ ਜ਼ਿਆਦਾਤਰ ਲੱਕੜ ਦਾ ਬਾਲਣ ਜਾਂ ਗੋਹੇ ਦੀਆਂ ਪਾਥੀਆਂ ਹੀ ਬਾਲੀਆਂ ਜਾਂਦੀਆਂ ਸਨ ਜਿਨ੍ਹਾਂ ਤੋਂ ਅਕਸਰ ਧੂੰਆਂ ਨਿਕਲਦਾ ਰਹਿੰਦਾ ਸੀ। ਉਹ ਧੂੰਆਂ ਹਰੇਕ ਦੀਆਂ ਅੱਖਾਂ ਵਿੱਚ ਵੀ ਪੈਂਦਾ ਤੇ ਸਾਹ ਵਿੱਚ ਵੀ ਰਲਦਾ ਰਹਿੰਦਾ। ਤੌੜੀ ’ਤੇ ਮੂਧੀ ਮਾਰੀ ਚੱਪਣੀ ਅੱਧੀ ਕੁ ਪਾਸੇ ਹੁੰਦੀ ਤੇ ਸਾਗ ਵਿਚਲਾ ਪਾਣੀ ਭਾਫ਼ ਬਣ ਬਣ ਉੱਡਦਾ ਰਹਿੰਦਾ। ਇਸ ਤਰ੍ਹਾਂ ਹੌਲੀ ਹੌਲੀ ਸਰ੍ਹੋਂ ਦਾ ਸਾਗ ਮੁਕੰਮਲ ਤੌਰ ’ਤੇ ਤਿਆਰ ਹੋ ਜਾਂਦਾ।

(ਬਾਕੀ ਸਫ਼ਾ 27 ’ਤੇ)

ਸੁਖਬੀਰ

# ਪਤਝੜ ਦੇ ਫੁੱਲ



ਆਪਣੀ ਉਮਰ ਦੇ ਚੌਦ੍ਹਵੇਂ ਵਰ੍ਹੇ ਵਿੱਚ ਉਸ ਨੇ ਅਜੇ ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰਖਿਆ ਹੀ ਸੀ ਕਿ ਬੰਦੂਕ ਦੀ ਇੱਕ ਅੰਨ੍ਹੀ ਗੋਲੀ ਉਸ ਦੇ ਦਿਲ ਨੂੰ ਵਿੰਨ੍ਹ ਗਈ ਤੇ ਬਜ਼ਾਰ ਦੇ ਉਸ ਚੌਂਕ ਵਿੱਚ, ਜਿਥੇ ਇੱਕ ਬੜਾ ਵੱਡਾ ਜਲੂਸ ਪੁਲਿਸ ਦੀ ਦਹਿਸ਼ਤ ਵਿੱਚ ਇਧਰ-ਉਧਰ ਖਿੰਡਰ ਰਿਹਾ ਸੀ, ਉਹ ਉਸ ਸੜਕ 'ਤੇ ਢਹਿ ਪਿਆ, ਜਿਥੇ ਕੁਝ ਹੋਰ ਫੱਟੜ ਆਦਮੀਆਂ ਤੇ ਤੀਵੀਆਂ ਦੀਆਂ ਲਾਸ਼ਾਂ ਪਈਆਂ ਸਨ। ਤਾਂ ਅੱਖੀਂ ਜਲੂਸ ਦੇ ਖਿੰਡਰ ਰਹੇ ਆਦਮੀਆਂ ਵਿਚੋਂ ਕਿਸੇ-ਕਿਸੇ ਦਾ ਨਾਅਰਾ ਕਿਸੇ ਆਤਸ਼ਬਾਜ਼ੀ ਵਾਂਗ ਅਸਮਾਨ ਵੱਲ ਉਠ ਜਾਂਦਾ ਤੇ ਚੁਫੇਰੇ ਦੇ ਵਾਯੂ-ਮੰਡਲ ਦੀ ਭਿਆਨਕਤਾ ਕੰਬ ਉਠਦੀ।

ਕੁਝ ਚਿਰ ਪਿਛੋਂ ਉਥੇ ਸਿਰਫ ਪੁਲਿਸ ਸੀ, ਗੋਲੀਆਂ ਨਾਲ ਜ਼ਖਮੀ ਹੋਈਆਂ ਦਸ ਲਾਸ਼ਾਂ ਸਨ, ਦਹਿਸ਼ਤ-ਭਰੀਆਂ ਨਜ਼ਰਾਂ ਸਨ ਤੇ ਲਹੂ ਸੀ। ਤੇ ਉਸ ਦੀ ਲਾਸ਼ ਸੀ- ਆਪਣੀ ਉਮਰ ਦੇ ਚੌਦ੍ਹਵੇਂ ਵਰ੍ਹੇ ਵਿੱਚ ਉਸ ਨੇ ਅਜੇ ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰੱਖਿਆ ਹੀ ਸੀ।

ਅਜੇ ਕੁਝ ਚਿਰ ਪਹਿਲਾਂ ਉਹ ਇਸ ਚੌਂਕ ਵਿੱਚ ਖੜ੍ਹੋਤਾ ਕੰਘੀਆਂ ਵੇਚ ਰਿਹਾ ਸੀ, ਆਪਣੀ ਤਿੱਖੀ-ਟੁਣਕਵੀਂ ਆਵਾਜ਼ ਵਿੱਚ ਹੋਕਾ ਦੇ ਰਿਹਾ ਸੀ। ਉਹ ਬਹੁਤ ਖੁਸ਼ ਸੀ ਕਿ ਅੱਜ ਉਸ ਦਾ ਢਾਈਆਂ ਰੁਪਿਆਂ ਦਾ ਮਾਲ ਵਿਕ ਗਿਆ ਸੀ, ਤੇ ਉਸ ਨੇ ਉਸ ਰਾਤ ਆਪਣੀ ਨਿੱਕੀ ਭੈਣ ਨਾਲ 'ਅਲਬੇਲਾ' ਫਿਲਮ ਵੇਖਣ ਜਾਣਾ ਸੀ। ਤਦੇ ਕਿਸੇ ਰੌਲਾ ਪਾਉਂਦੀ, ਬਿੱਫਰੀ ਹੋਈ ਨਦੀ ਵਾਂਗ ਸਾਹਮਣਿਉਂ ਇੱਕ ਜਲੂਸ ਆਇਆ, ਉਸ 'ਚੋਂ ਉਠ ਰਹੇ ਨਾਅਰਿਆਂ ਨਾਲ ਅਸਮਾਨ ਗੂੰਜਣ ਲਗਾ, ਤੇ ਵੇਖਦਿਆਂ-ਵੇਖਦਿਆਂ ਸਾਰਾ ਚੌਂਕ ਜਲੂਸ ਦੇ ਆਦਮੀਆਂ ਨਾਲ ਭਰ ਗਿਆ। ਇਕ ਹੜ੍ਹ ਸੀ, ਜੋ ਚੁਫੇਰੇ ਸਮਾ ਨਹੀਂ ਸੀ ਰਿਹਾ, ਤੇ ਹੱਦਾਂ ਟੁੱਟਣ 'ਤੇ ਆ ਗਈਆਂ ਸਨ। ਤਦੇ ਸਾਹਮਣਿਉਂ ਦੌੜਦੀਆਂ ਹੋਈਆਂ ਪੁਲਿਸ ਦੀਆਂ ਜੀਪਾਂ ਆਈਆਂ, ਉਨ੍ਹਾਂ 'ਚੋਂ ਧੜਾ-ਧੜ ਕਰਦੇ ਸਿਪਾਹੀ ਉਤਰੇ, ਤੇ ਫੇਰ, ਜਿਵੇਂ ਬੰਬ ਪਾਟਦੇ ਹਨ, ਜਲੂਸ 'ਚੋਂ ਉਠੇ ਸੈਆਂ ਨਾਅਰੇ ਅਸਮਾਨ ਨੂੰ ਵਿੰਨ੍ਹ ਗਏ, ਇੱਕ ਦਹਿਸ਼ਤ ਫੈਲੀ, ਜੋਸ਼ ਉਠਿਆ, ਲਾਠੀਆਂ ਉਭਰੀਆਂ, ਹਲਚਲ ਹੋਈ, ਸਿਰ ਪਾਟੇ, ਹੱਥਾਪਾਈ ਹੋਈ, ਲਹੂ ਡੁੱਲ੍ਹਿਆ ਤੇ ਫੇਰ, ਜਦ ਗੋਲੀ ਚਲੀ ਤਾਂ ਉਸ ਵੇਲੇ ਉਹ ਆਪਣੀਆਂ ਕੰਘੀਆਂ ਸੰਭਾਲੀ ਇੱਕ ਦੁਕਾਨ ਦੇ ਪਾਏਦਾਨ 'ਤੇ ਖੜ੍ਹੋਤਾ ਇਹ ਸਭ ਕੁਝ ਵੇਖ ਹੀ ਰਿਹਾ ਸੀ ਕਿ ਉਸ ਦੀ ਚੀਕ ਨਿਕਲੀ, ਤੇ ਉਹ ਉਥੇ ਹੀ ਢਹਿ ਪਿਆ- ਬੰਦੂਕ ਦੀ ਗੋਲੀ ਉਸ ਦੇ ਕਾਲਜੇ ਨੂੰ ਵਿੰਨ੍ਹ ਗਈ ਸੀ।

ਤੇ ਅੱਜ ਜਦ ਮੈਂ ਉਸ ਦੀ ਮੌਤ ਬਾਰੇ ਸੋਚਦਾ ਹਾਂ, ਤਾਂ ਮੈਨੂੰ ਰਹਿ-ਰਹਿ ਕੇ ਸਪੈਂਡਰ ਦੀ ਉਹ ਕਵਿਤਾ ਯਾਦ ਆਉਂਦੀ ਹੈ, ਜਿਸ ਵਿੱਚ ਇੱਕ ਇਹੋ ਜਿਹੇ ਮੁੰਡੇ ਦੀ ਮੌਤ ਦਾ ਜ਼ਿਕਰ ਹੈ, ਤੇ ਸਪੈਂਡਰ ਕਹਿੰਦਾ ਹੈ ਕਿ ਉਹ ਅਜੇ ਏਨਾ ਛੋਟਾ ਤੇ ਏਨਾ ਅਨਜਾਣ ਸੀ ਕਿ ਬੰਦੂਕ ਦੀਆਂ ਅੱਖਾਂ ਵਿੱਚ ਰੜਕ ਤਕ ਨਹੀਂ ਸੀ ਸਕਦਾ। ਉਹ ਤਾਂ ਸਿਰਫ ਚੁੰਮਣ ਦੇ ਯੋਗ ਇੱਕ ਬੱਚਾ ਸੀ।

ਭਾਵੇਂ ਮੈਂ ਉਸ ਦਾ ਨਾਂ ਨਹੀਂ ਜਾਣਦਾ, ਪਰ ਮੈਂ ਉਸ ਨੂੰ ਕਿੰਨੇ ਚਿਰ ਤੋਂ ਜਾਣਦਾ ਹਾਂ, ਉਸ ਦੀ ਤਿੱਖੀ-ਟੁਣਕਵੀਂ ਆਵਾਜ਼ ਨੂੰ ਪਛਾਣਦਾ ਹਾਂ। ਉਸ ਨੂੰ ਮੈਂ ਰੋਜ਼ ਇਸ ਚੌਂਕ ਵਿੱਚ ਕੰਘੀਆਂ ਵੇਚਦੇ ਵੇਖਿਆ ਹੈ। ਉਸ ਦੇ ਰੁਖੇ ਵਾਲਾਂ ਹੇਠ ਉਸ ਦਾ ਚਿਹਰਾ ਮੈਂ ਕਦੇ ਨਹੀਂ ਭੁੱਲ ਸਕਦਾ, ਜਿਸ 'ਤੇ ਬਚਪਨ ਦੀ ਮੁਸਕਰਾਹਟ ਬੜੀ ਗੰਭੀਰ ਬਣੀ ਹੋਈ ਸੀ, ਤੇ ਦੋ ਅੱਖਾਂ ਵਿੱਚ ਉਸ ਦਰਦ ਦੀ ਛਾਂ ਸੀ, ਜੋ ਮੁਸਕਰਾਹਟਾਂ ਦੇ ਕਤਲ ਹੋਣ 'ਤੇ ਪੈਦਾ ਹੁੰਦੀ ਹੈ। ਹਾਂ, ਜਦ ਬਚਪਨ ਆਪਣੀਆਂ ਖੇਡਾਂ ਛੱਡ ਕੇ ਰੋਟੀ ਕਮਾਉਣ ਦੀ ਚਿੰਤਾ ਵਿੱਚ ਲੱਗ ਜਾਂਦਾ ਹੈ, ਤਾਂ ਉਸ ਦੀ ਮੁਸਕਰਾਹਟ ਤੇ ਉਸ ਦੀਆਂ ਅੱਖਾਂ ਦੀ ਰੌਸ਼ਨੀ ਇਸੇ ਤਰ੍ਹਾਂ ਆਪਣੇ ਸੁਪਨਿਆਂ ਦਾ ਸੰਸਾਰ ਗਵਾ ਬਹਿੰਦੀ ਹੈ। ਸਿਆਲਾਂ ਦੀਆਂ ਠਰੀਆਂ ਹੋਈਆਂ ਰਾਤਾਂ ਵਿੱਚ ਮੈਂ ਉਸ ਨੂੰ ਪਾਟੀ ਹੋਈ ਕਮੀਜ਼ ਤੇ ਨਿੱਕਰ ਵਿੱਚ ਸੁੰਗੜਿਆਂ ਇਥੇ ਕੰਘੀਆਂ ਵੇਚਦੇ ਵੇਖਿਆ ਹੈ। ਬਰਸਾਤਾਂ ਵਿੱਚ ਵੀ ਕਈ ਵਾਰ ਉਸ ਨੇ ਆਪਣੀ ਭਿੱਜੀ ਹੋਈ ਇਸੇ ਕਮੀਜ਼ ਤੇ ਨਿੱਕਰ ਵਿੱਚ ਇਥੇ ਕੰਘੀਆਂ ਵੇਚੀਆਂ ਹਨ। ਸਿਰਫ਼ ਗਰਮੀਆਂ ਦੇ ਦਿਨ ਉਸ ਨੂੰ ਰਾਸ ਆਉਂਦੇ ਸਨ। ਕੀ ਹੋਇਆ ਜੇ ਸੜਕ 'ਤੇ ਧੁੱਪ ਵਿੱਚ ਖੜ੍ਹੋ ਕੇ ਕੰਘੀਆਂ ਵੇਚਦਿਆਂ ਉਸ ਦਾ ਸਰੀਰ ਤਪ ਉਠਦਾ ਸੀ ਤੇ ਉਹ ਚਾਹੁੰਦਾ ਸੀ ਕਿ ਉਥੋਂ ਭੱਜ ਜਾਏ ਤੇ ਕਿਸੇ ਡੂੰਘੇ ਖੂਹ ਦੇ ਪਾਣੀ ਵਿੱਚ ਚੁੱਭੀ ਲਾ ਕੇ ਦੇਰ ਤਕ ਬੈਠਾ ਰਹੇ।

ਪਰ ਅੱਜ ਇਸ ਚੌਂਕ ਵਿੱਚ ਇੱਕ ਸੋਗ ਦੀ ਛਾਂ ਹੈ, ਤੇ ਉਸ ਦੀ ਤਿੱਖੀ-ਟੁਣਕਵੀਂ ਆਵਾਜ਼ ਕਿਤੇ ਸੁਣਾਈ ਨਹੀਂ ਦਿੰਦੀ।

ਇਸ ਚੌਂਕ ਵਿੱਚ ਖੜ੍ਹੋ ਕੇ ਕੰਘੀਆਂ ਵੇਚਣਾ ਹੀ ਉਸ ਦਾ ਕੰਮ ਨਹੀਂ ਸੀ। ਮੈਂ ਉਸ ਨੂੰ ਹੋਰ ਵੀ ਕਈ ਥਾਂ ਅੱਖੀਂ ਵੇਖਿਆ ਹੈ- ਇਹੋ ਆਵਾਜ਼, ਇਹੋ ਚਿਹਰਾ, ਇਹੋ ਅੱਖਾਂ, ਤੇ ਇਹੋ ਮੁਸਕਰਾਹਟ ਮੈਂ ਪਹਿਲਾਂ ਵੀ ਵੇਖ ਚੁੱਕਾ ਹਾਂ।

ਸ਼ਾਇਦ ਉਦੋਂ ਵੀ ਮੈਂ ਇਸ ਨੂੰ ਵੇਖਿਆ ਸੀ, ਜਦ ਮੈਂ ਇਨ੍ਹਾਂ ਸੜਕਾਂ 'ਤੇ ਆਪਣੀ ਬੇਕਾਰੀ ਦੀ ਗਰਦਿਸ਼ ਵਿਚੋਂ ਲੰਘ ਰਿਹਾ ਸਾਂ ਤੇ ਭੁੱਖ ਨੂੰ ਮਾਰਨ ਲਈ ਇੱਕ ਘਟੀਆ ਹੋਟਲ ਵਿੱਚ ਚਾਹ ਪੀਣ ਬੈਠਦਾ ਸਾਂ। ਤਦ ਉਸ ਹੋਟਲ ਵਿੱਚ ਆਪਣੀਆਂ ਉਂਘਲਾਈਆਂ ਹੋਈਆਂ ਅੱਖਾਂ 'ਚੋਂ ਝਾਕਦਾ ਇਹ ਮੇਰੇ ਕੋਲ ਆਉਂਦਾ ਸੀ ਤੇ ਚਾਹ ਦਾ ਆਰਡਰ ਲੈ ਕੇ ਆਪਣੇ ਮੈਲੇ ਹੱਥਾਂ ਵਿੱਚ ਚਾਹ ਦਾ ਕੱਪ ਚੁੱਕੀ ਮੇਜ਼ 'ਤੇ ਰੱਖ ਜਾਂਦਾ ਸੀ। ਉਦੋਂ ਵੀ ਇਹੋ ਕਮੀਜ਼ ਤੇ ਨਿੱਕਰ ਇਸ ਦਾ ਲਿਬਾਸ ਹੁੰਦਾ ਸੀ। ਤੇ ਮੋਢੇ ਉਤੇ ਇੱਕ ਮੈਲਾ ਕੱਪੜਾ ਹੁੰਦਾ ਸੀ, ਜਿਸ ਨਾਲ ਇਹ ਮੇਜ਼ ਸਾਫ ਕਰਿਆ ਕਰਦਾ ਸੀ। ਮੈਂ ਚਾਹ ਦੇ ਘੁੱਟ ਭਰਦਾ ਹੋਇਆ ਸੋਚਦਾ ਸਾਂ ਕਿ ਕੀ ਇਹ ਇਸੇ ਤਰ੍ਹਾਂ ਮੋਢੇ 'ਤੇ ਮੈਲਾ ਕੱਪੜਾ ਰਖੀ ਜ਼ਿੰਦਗੀ ਦੇ ਦਿਨ ਕੱਟਦਾ ਰਹੇਗਾ? ਆਪਣੀਆਂ ਉਂਘਲਾਂਦੀਆਂ, ਗਵਾਚੀਆਂ ਅੱਖਾਂ ਵਿਚੋਂ ਝਾਕਦਾ ਰਹੇਗਾ? ਤੇ ਇਸ ਹੋਟਲ ਵਿੱਚ ਸੋਲਾਂ-ਸੋਲਾਂ ਘੰਟੇ ਕੰਮ ਕਰਦਿਆਂ ਆਪਣੀ ਸਾਰੀ ਉਮਰ ਬਿਤਾ ਦਏਗਾ? ਅਖੀਰ, ਮੈਂ ਚਾਹ ਪੀ ਕੇ ਮੁੜ ਨੌਕਰੀ ਦੀ ਭਾਲ ਵਿੱਚ ਸੜਕਾਂ ਨਾਪਣ ਲੱਗਦਾ ਸਾਂ।

ਸ਼ਾਇਦ ਉਨ੍ਹੀਂ ਦਿਨੀਂ ਵੀ ਮੈਂ ਇਸ ਨੂੰ ਵੇਖਿਆ ਸੀ, ਜਦ ਸਾਡੀ ਇਸ 'ਚਾਲ' ਦੇ ਸਾਹਮਣੇ ਇਕ ਸੱਤ-ਮੰਜ਼ਲੀ ਇਮਾਰਤ ਬਣ ਰਹੀ ਸੀ, ਤੇ ਇਥੇ ਕੰਮ ਕਰਨ ਵਾਲਿਆਂ ਦਾ ਰੌਲਾ ਪਿਆ ਰਹਿੰਦਾ ਸੀ। ਸਵੇਰੇ ਤੋਂ ਤ੍ਰਿਕਾਲਾਂ ਤੀਕ ਰਾਜ ਤੇ ਮਜ਼ਦੂਰ ਇਮਾਰਤ ਨੂੰ ਉਸਾਰਨ ਵਿੱਚ ਰੁਝੇ ਰਹਿੰਦੇ ਸਨ। ਮੈਂ ਆਪਣੀ ਵਿਹਲ ਦੀਆਂ ਘੜੀਆਂ ਵਿੱਚ ਕਦੇ ਕਮਰੇ ਵਿੱਚ ਬੈਠਾ ਇਮਾਰਤ ਵੱਲ ਵੇਖਣ ਲਗਦਾ ਸਾਂ- ਖਾਸਕਰ ਉਨ੍ਹਾਂ ਮਜ਼ਦੂਰਾਂ ਨੂੰ, ਜੋ ਸਿਰਾਂ 'ਤੇ ਕੜਾਹੀਆਂ ਚੁੱਕੀ ਇੱਟਾਂ, ਪੱਥਰ, ਰੇਤ ਆਦਿ ਢੋਅ ਰਹੇ ਹੁੰਦੇ। ਉਨ੍ਹਾਂ ਮਜ਼ਦੂਰਾਂ ਵਿਚ ਮਰਦਾਂ ਦੇ ਰੇਟ ਨਾਲੋਂ ਅੱਧਾ ਸੀ, ਤੇ ਮੁੰਡਿਆਂ ਦਾ ਤੀਵੀਆਂ ਦੇ ਰੇਟ ਨਾਲੋਂ ਅੱਧਾ। ਪਰ ਇਹ ਤੀਵੀਆਂ ਤੇ ਮੁੰਡੇ ਕੰਮ ਲਗਪਗ ਮਰਦਾਂ ਜਿੰਨਾ ਹੀ ਕਰਦੇ ਸਨ। ਸਿਰਫ ਕੁਝ ਇਕ ਹੀ ਮਜ਼ਦੂਰ ਮਰਦ ਸਨ, ਜੋ ਖਾਸ-ਖਾਸ ਕੰਮਾਂ 'ਤੇ ਲੱਗੇ ਹੋਏ ਸਨ। ਉਥੇ ਹੀ ਮੈਂ ਇਸ ਨੂੰ ਵੇਖਦਾ ਸਾਂ। ਇਹੋ ਕਮੀਜ਼ ਤੇ ਇਹੋ ਨਿੱਕਰ। ਤੇ ਸਿਰੋਂ-ਪੈਰੋਂ ਨੰਗਾ। ਇਹ ਸਵੇਰ ਤੋਂ ਤ੍ਰਿਕਾਲਾਂ ਤੀਕ ਸਿਰ 'ਤੇ ਕੜਾਹੀ ਚੁੱਕੀ ਇੱਟਾਂ ਢੋਂਦਾ ਰਹਿੰਦਾ। ਤਦ ਇਸ ਦਾ ਪਿਓ ਵੀ ਇਥੇ ਕੰਮ ਕਰਦਾ ਸੀ, ਇਸ ਦੀ ਮਾਂ ਵੀ ਏਥੇ ਕੰਮ ਕਰਦੀ ਸੀ। ਦੁਪਹਿਰ ਵੇਲੇ ਜਦ ਅੱਧੇ ਘੰਟੇ ਦੀ ਛੁੱਟੀ ਹੁੰਦੀ, ਤਾਂ ਇਹ ਦੂਜੇ ਮਜ਼ਦੂਰਾਂ ਵਿਚ ਆਪਣੇ ਮਾਂ-ਪਿਓ ਨਾਲ ਬੈਠਾ ਰੋਟੀ ਖਾ ਰਿਹਾ ਹੁੰਦਾ। ਤਦ ਮੈਨੂੰ ਆਪਣਾ ਬਚਪਨ ਯਾਦ ਆਉਂਦਾ, ਜਦ ਮੈਂ ਸਕੂਲ ਵਿੱਚ ਪੜ੍ਹਿਆ ਕਰਦਾ ਸਾਂ ਤੇ ਦੁਪਹਿਰ ਦੀ ਛੁੱਟੀ ਵੇਲੇ ਦੋਸਤਾਂ ਨਾਲ ਖੱਟੀਆਂ-ਮਿੱਠੀਆਂ ਚਾਟਾਂ ਖਾਂਦਾ ਸਾਂ, ਤੇ ਪੇਪਰਾਮਿੰਟਾਂ ਜਾਂ ਟਾਫੀਆਂ ਚੂਸਦਾ ਹੋਇਆ ਮੁੰਡਿਆਂ ਨਾਲ ਖੇਡਿਆ ਕਰਦਾ ਸਾਂ। ਪਰ ਹੁਣ ਉਹ ਬਚਪਨ ਨਹੀਂ ਸੀ ਰਿਹਾ। ਹੁਣ ਮੈਨੂੰ ਆਪਣਾ ਤੇ ਆਪਣੇ ਬੁੱਢੇ ਮਾਂ-ਪਿਓ ਦਾ ਢਿੱਡ ਭਰਨ ਲਈ ਰੁਜ਼ਗਾਰ ਦੀਆਂ ਕੁੜਿੱਤਣਾਂ ਚਖਣੀਆਂ ਪੈ ਰਹੀਆਂ ਸਨ। ...ਤੇ ਆਪਣੇ ਮਾਂ-ਪਿਓ ਦੇ ਨਾਲ ਬੈਠਾ ਇਹ ਵੀ ਰੋਟੀ ਦੀਆਂ ਗ੍ਰਾਹੀਆਂ ਚੱਬਦਾ ਆਪਣੀ ਬਚਪਨ ਦੀ ਉਮਰੇ ਰੁਜ਼ਗਾਰ ਦੀਆਂ ਕੁੜਿੱਤਣਾਂ ਚਖ ਰਿਹਾ ਸੀ। ਪਰ ਪੱਥਰ ਜਾਂ ਇੱਟਾਂ ਢੋਣ ਦਾ ਅਜਿਹਾ ਕੰਮ ਰੋਜ਼-ਰੋਜ਼ ਤਾਂ ਮਿਲਦਾ ਨਹੀਂ। ਇਹ ਤਾਂ ਇਸ ਵਾਰ ਉਨ੍ਹਾਂ ਦਾ ਸੁਭਾਗ ਸੀ ਕਿ ਪਿਓ ਦੇ ਨਾਲ ਪੁੱਤਰ ਨੂੰ ਵੀ ਕੰਮ ਮਿਲ ਗਿਆ ਸੀ, ਤੇ ਪਤਨੀ ਨੂੰ ਵੀ, ਤੇ ਤਿੰਨੋਂ ਇਕੋ ਥਾਂ ਕੰਮ 'ਤੇ ਲੱਗੇ ਹੋਏ ਸਨ।

ਪਰ ਇਸ ਤੋਂ ਪਹਿਲਾਂ ਮੈਂ ਇਸ ਨੂੰ ਤਦ ਵੇਖਿਆ ਸੀ, ਜਦ ਇਹ ਸਾਡੀ ਇਸ 'ਚਾਲ' ਵਿੱਚ ਦੁੱਧ ਦੇਣ ਆਇਆ ਕਰਦਾ ਸੀ। ਉਹਨੀਂ ਦਿਨੀਂ ਇਸ ਦੇ ਤੇੜ ਨਿੱਕਰ ਦੀ ਥਾਂ ਗੋਡਿਆਂ ਤੋਂ ਉਚੀ ਮਾਰਕੀਨ ਦੀ ਮੈਲੀ ਧੋਤੀ ਹੁੰਦੀ ਸੀ, ਜੋ ਕਈਆਂ ਥਾਵਾਂ ਤੋਂ ਮੋਟੇ-ਮੋਟੇ ਤੋਪਿਆਂ ਨਾਲ ਸੀਤੀ ਹੁੰਦੀ। ਇਸ ਦੇ ਕੱਪੜਿਆਂ 'ਚੋਂ, ਜਾਂ ਸੱਚ ਪੁੱਛੋ ਤਾਂ ਇਸ ਦੇ ਸਰੀਰ 'ਚੋਂ ਗੋਹੇ ਦੀ ਨਿੰਮ੍ਹੀ-ਨਿੰਮ੍ਹੀ ਬੋਅ ਆਉਂਦੀ ਰਹਿੰਦੀ। ਇਸ ਦੇ ਨਹੁੰਆਂ ਵਿੱਚ ਗੋਹਾ ਫਸਿਆ ਹੁੰਦਾ। ਤੇ ਇਸ ਦੀਆਂ ਅੱਡੀਆਂ ਦੀਆਂ ਬਿਆਈਆਂ ਤੇ ਪੈਰਾਂ ਦੀਆਂ ਉਂਗਲਾਂ ਵਿੱਚ ਤਾਂ ਸਦਾ ਗੋਹਾ ਫਸਿਆ ਹੁੰਦਾ। ਇਹ ਕਿਸੇ ਦੁੱਧ ਵਾਲੇ ਭਈਏ ਦੇ ਤਬੇਲੇ ਵਿੱਚ ਕੰਮ ਕਰਦਾ ਸੀ। ਉਥੇ ਇਹ ਮੱਝਾਂ ਨੂੰ ਨੁਹਾਉਂਦਾ, ਉਨ੍ਹਾਂ ਦਾ ਗੋਹਾ ਸਾਫ ਕਰਦਾ, ਬਾਹਰ ਚਰਾਉਣ ਲੈ ਜਾਂਦਾ, ਤੇ ਪੱਠਾ-ਦੱਥਾ ਕਰਦਾ। ਸਵੇਰੇ ਮੂੰਹ ਹਨੇਰੇ ਅਤੇ ਸ਼ਾਮ ਤੋਂ ਪਹਿਲਾਂ ਦਿਨ ਵਿੱਚ ਦੋ ਵਾਰ ਦੁੱਧ ਦੇ ਛੋਟੇ-ਵੱਡੇ ਦੋ-ਦੋ, ਤਿੰਨ-ਤਿੰਨ ਡੱਬੇ ਦੋਹਾਂ ਹੱਥਾਂ ਵਿੱਚ ਲਟਕਾਈ ਘਰ-ਘਰ ਦੁੱਧ ਦੇਣ ਜਾਂਦਾ। ਸਵੇਰੇ ਇਹ ਏਨਾ ਸਵੇਰੇ ਆਉਂਦਾ ਕਿ ਕਈ ਵਾਰ ਮੇਰਾ ਆਪਣੀ ਉਸ 'ਗੁਲਾਬੀ ਨੀਂਦ' ਵਿਚੋਂ ਉੱਠਣ 'ਤੇ ਜੀਅ ਨਾ ਕਰਦਾ। ਪਰ ਇਸ ਦੇ ਵਾਰ-ਵਾਰ ਬੁਲਾਉਣ 'ਤੇ ਮੈਨੂੰ ਉਠਣਾ ਪੈਂਦਾ। ਤੇ ਜਦ ਮੈਂ ਦੁੱਧ ਲੈ ਰਿਹਾ ਹੁੰਦਾ, ਤਾਂ ਕਈ ਵਾਰ ਲਗਦਾ, ਜਿਵੇਂ ਇਸ ਦੀਆਂ ਉਂਘਲਾਉਂਦੀਆਂ ਹੋਈਆਂ ਅੱਖਾਂ ਮੇਰੀਆਂ ਆਪਣੀਆਂ ਅੱਖਾਂ ਹਨ। ਮੈਂ ਬੱਤੀ ਬੁਝਾ ਕੇ ਬਿਸਤਰੇ 'ਤੇ ਪੈ ਜਾਂਦਾ ਤੇ ਆਪਣੀ 'ਗੁਲਾਬੀ ਨੀਂਦ' ਵਿੱਚ ਗਵਾਚ ਜਾਂਦਾ।

ਫੇਰ, ਜਦ ਮੈਂ ਮਿਊਂਸਪੈਲਿਟੀ ਦੇ ਇੱਕ ਨਿੱਕੇ ਜਿਹੇ ਸਕੂਲ ਵਿੱਚ ਪੜ੍ਹਾਉਣ ਲੱਗਾ, ਤਾਂ ਵੇਖਿਆ ਕਿ ਇਹ ਉਥੇ ਲੱਗਾ ਹੋਇਆ ਸੀ। ਬੜੀ ਆਰਾਮ ਦੀ ਨੌਕਰੀ ਸੀ ਉਹ। ਸਵੇਰੇ ਦਸ ਵਜੇ ਤੋਂ ਸ਼ਾਮ ਦੇ ਪੰਜ ਵਜੇ ਤੀਕ ਇਸ ਨੂੰ ਕੰਮ ਕਰਨਾ ਪੈਂਦਾ ਸੀ, ਤੇ ਉਹ ਵੀ ਕਿਸੇ-ਕਿਸੇ ਵੇਲੇ। ਉਹ ਕੰਮ ਕੀ ਸੀ? ਸਕੂਲ ਦੇ ਕੰਪਾਊਂਡ ਵਿੱਚ ਦੋ ਵਾਰ ਝਾੜੂ ਲਾਉਣਾ, ਛੁੱਟੀ ਹੋਣ ਪਿੱਛੋਂ ਸਕੂਲ ਦੇ ਕਮਰਿਆਂ ਨੂੰ ਸਾਫ ਕਰਨਾ, ਦਿਨ ਵੇਲੇ ਵਿਦਿਆਰਥੀਆਂ ਦੇ ਪੀਣ ਲਈ ਪਾਣੀ ਦੇ ਡਰੱਮ ਭਰਨੇ, ਤੇ ਅਜਿਹੇ ਹੋਰ ਛੋਟੇ-ਮੋਟੇ ਕੰਮ। ਸਕੂਲ ਦੇ ਪਿਛਵਾੜੇ ਹੀ ਇਹ ਆਪਣੀ ਮਾਂ ਨਾਲ ਟੀਨ ਦੀ ਬਣੀ ਛੋਟੀ ਜਿਹੀ ਕੋਠੜੀ ਵਿੱਚ ਰਹਿੰਦਾ ਸੀ, ਜੋ ਸਕੂਲ ਵੱਲੋਂ ਇਨ੍ਹਾਂ ਨੂੰ ਦਿੱਤੀ ਗਈ ਸੀ। ਕਦੇ ਕੋਈ ਕੰਮ ਨਾ ਹੁੰਦਾ, ਤਾਂ ਇਹ ਬੈਠਾ-ਬੈਠਾ ਅੱਕ ਜਾਂਦਾ। ਤਦ ਕਦੇ ਇਸ ਦੀ ਛੋਟੀ ਭੈਣ ਉਥੇ ਆ ਜਾਂਦੀ ਤੇ ਇਹ ਉਸ ਨਾਲ ਖੇਡਣ ਲਗਦਾ। ਜਾਂ ਕਦੇ ਇਹ ਆਪਣਾ ਖਜ਼ਾਨਾ ਖੋਲ੍ਹ ਬਹਿੰਦਾ- ਰੰਗ-ਬਿਰੰਗੇ ਕਾਗਜ਼ਾਂ ਦੇ ਟੁਕੜੇ, ਟੁੱਟੀਆਂ ਹੋਈਆਂ ਨਿੱਬਾਂ, ਗੋਲੀਆਂ, ਪੱਥਰ ਤੇ ਹੋਰ ਅਜਿਹੀਆਂ ਚੀਜ਼ਾਂ।

ਪਰ ਜਦ ਦੁਪਹਿਰ ਦੀ ਛੁੱਟੀ ਹੁੰਦੀ, ਤੇ ਮੁੰਡੇ-ਕੁੜੀਆਂ ਰੌਲਾ ਪਾਉਂਦੇ ਹੋਏ ਜਮਾਤਾਂ 'ਚੋਂ ਨਿਕਲਦੇ ਤੇ ਖੇਡਣ ਵਿੱਚ ਰੁਝ ਜਾਂਦੇ, ਤਾਂ ਇਹ ਇਕ ਪਾਸੇ ਨਿੱਕੇ ਜਿਹੇ ਸਟੂਲ 'ਤੇ ਬੈਠਾ ਉਨ੍ਹਾਂ ਨੂੰ ਵੇਖਦਾ ਰਹਿੰਦਾ। ਇਸ ਤੋਂ ਪਹਿਲਾਂ ਉਸ ਸਕੂਲ ਵਿਚ ਇਕ ਹੋਰ ਨੌਕਰ ਸੀ, ਜੋ ਸੁਣਿਆਂ ਸੀ ਕਿ ਉਥੇ ਚਾਲੀ ਵਰ੍ਹੇ ਨੌਕਰੀ 'ਤੇ ਰਿਹਾ ਸੀ, ਤੇ ਜੇ ਇਕ ਦੁਰਘਟਨਾ ਵਿੱਚ ਮਾਰਿਆ ਨਾ ਜਾਂਦਾ, ਤਾਂ ਉਸ ਨੇ ਅਜੇ ਹੋਰ ਪੰਜ-ਛੇ ਵਰ੍ਹੇ ਨੌਕਰੀ ਕਰਕੇ ਰਿਟਾਇਰ ਹੋਣਾ ਸੀ। ਉਸ ਦੇ ਮਰਨ ਪਿੱਛੋਂ ਉਸ ਦੀ ਥਾਂ ਇਹ ਆਇਆ ਸੀ ਤੇ ਮੈਂ ਸੋਚਦਾ ਸਾਂ ਕਿ ਹੁਣ ਇਹ ਵੀ ਓਸੇ ਵਾਂਗ ਸਕੂਲ ਵਿੱਚ ਝਾੜੂ ਦਿੰਦਾ, ਪਾਣੀ ਭਰਦਾ ਤੇ ਮਾਸਟਰਾਂ ਲਈ ਬਜ਼ਾਰ ਤੋਂ ਪਾਨ ਤੇ ਸਿਗਰਟਾਂ ਲਿਆਉਂਦਾ ਇਥੇ ਚਾਲੀ ਵਰ੍ਹੇ ਕੱਟ ਦਏਗਾ। ਪਰ ਨਹੀਂ, ਇਹ ਉਥੇ ਵਧੇਰੇ ਚਿਰ ਨਹੀਂ ਸੀ ਰਿਹਾ। ਇਸ ਨੂੰ ਕੱਢ ਦਿੱਤਾ ਗਿਆ ਸੀ, ਕਿਉਂਕਿ ਹੈਡਮਾਸਟਰ ਕੋਲ ਇਸ ਦੀਆਂ ਕਈ ਵਾਰ ਸ਼ਿਕਾਇਤਾਂ ਪੁੱਜ ਚੁੱਕੀਆਂ ਹਨ ਕਿ ਇਹ ਕੰਮ ਕਰਨ ਦੀ ਥਾਂ ਸਕੂਲ ਦੇ ਵਿਦਿਆਰਥੀਆਂ ਨਾਲ ਖੇਡਦਾ ਰਹਿੰਦਾ ਹੈ।

ਤੇ ਫੇਰ, ਮੈਂ ਇਸ ਨੂੰ ਤਦ ਵੇਖਿਆ, ਜਦ ਇਹ ਸਟੇਸ਼ਨਾਂ ਦੇ ਪਲੇਟਫਾਰਮਾਂ 'ਤੇ ਹੱਥ ਵਿੱਚ ਪਾਲਸ਼ ਦੀਆਂ ਡੱਬੀਆਂ ਤੇ ਬੁਰਸ਼ ਫੜੀ ਬੂਟ-ਪਾਲਿਸ਼ ਕਰਿਆ ਕਰਦਾ ਸੀ। ਤੇ ਫੇਰ, ਮੈਂ ਇਸ ਨੂੰ ਤਦ ਵੇਖਿਆ, ਜਦ ਇਹ ਲੋਕਲ ਗੱਡੀਆਂ ਵਿੱਚ ਪੇਪਰਮਿੰਟਾਂ ਤੇ ਟਾਫੀਆਂ ਵੇਚਿਆ ਕਰਦਾ ਸੀ। ਜਾਂ ਫੇਰ, ਮੈਂ ਇਸ ਨੂੰ ਤਦ ਵੇਖਿਆ ਸੀ;

ਬਚਪਨ ਦੇ ਇਹ ਕਿੰਨੇ ਵੱਖ-ਵੱਖ ਰੂਪ ਸਨ !

ਪਰ ਇਸ ਚੌਂਕ ਵਿੱਚ ਖਲੋ ਕੇ ਇਸ ਨੂੰ ਕੰਘੀਆਂ ਵੇਚਦਿਆਂ ਮੈਂ ਕਾਫੀ ਚਿਰ ਤੋਂ ਵੇਖ ਰਿਹਾ ਸਾਂ, ਤੇ ਸੋਚਦਾ ਸਾਂ ਕਿ ਬਚਪਨ, ਜੋ ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰੱਖ ਰਿਹਾ ਸੀ, ਅੱਜ ਕਿਨ੍ਹਾਂ ਰਾਹਾਂ ਤੋਂ ਲੰਘ ਰਿਹਾ ਹੈ! ਬਚਪਨ ਦਾ ਇਹ ਫੁੱਲ ਅੱਜ ਕਿਸ ਵਾਯੂ-ਮੰਡਲ ਵਿਚ ਖਿੜਿਆ ਹੈ? ਪਰ ਇਹ ਫੁੱਲ ਵਧੇਰੇ ਚਿਰ ਖਿੜਿਆ ਨਾ ਰਹਿ ਸਕਿਆ। ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰੱਖਦਿਆਂ ਹੀ ਇਹ ਇਕ ਅੰਨ੍ਹੀ ਗੋਲੀ ਦਾ ਨਿਸ਼ਾਨਾ ਬਣ ਕੇ ਮੌਤ ਦੀ ਹਨੇਰੀ ਖੱਡ ਵਿੱਚ ਢਹਿ ਪਿਆ। ਤੇ ਮੇਰੇ ਬੁੱਲ੍ਹਾਂ 'ਤੇ ਮੁੜ-ਮੁੜ ਕੇ ਸਪੈਂਡਰ ਦੀ ਕਵਿਤਾ ਆਉਂਦੀ ਹੈ ਕਿ ਬਹਾਰ ਦੀ ਇਕ ਰੁੱਤੇ, ਬੰਦੂਕਾਂ ਗੋਲੀਆਂ ਦੀ ਜ਼ਬਾਨ ਨਾਲ ਗੱਲਾਂ ਕਰ ਰਹੀਆਂ ਸਨ। ਪਰ ਉਹ ਮੁੰਡਾ, ਜੋ ਅੰਜੀਰ ਦੇ ਬਿਰਛ ਥੱਲੇ ਮੋਇਆ ਪਿਆ ਹੈ, ਅਜੇ ਏਨਾ ਛੋਟਾ ਤੇ ਏਨਾ ਅਨਜਾਣ ਸੀ ਕਿ ਬੰਦੂਕ ਦੀਆਂ ਅੱਖਾਂ ਵਿੱਚ ਰੜਕ ਤਕ ਨਹੀਂ ਸੀ ਸਕਦਾ। ਉਹ ਤਾਂ ਸਿਰਫ ਚੁੰਮਣ ਦੇ ਯੋਗ ਬੱਚਾ ਸੀ। ਜਦ ਉਹ ਜਿਉਂਦਾ ਸੀ, ਤਾਂ ਫੈਕਟਰੀਆਂ ਦੇ ਘੁੱਗੂਆਂ ਨੇ ਉਸ ਨੂੰ ਕਦੇ ਨਹੀਂ ਬੁਲਾਇਆ, ਨਾ ਹੀ ਹੋਟਲਾਂ ਦੇ ਬੂਹੇ ਉਸ ਲਈ ਖੁੱਲ੍ਹੇ। ਉਸ ਦਾ ਨਾਂ ਕਦੇ ਅਖਬਾਰਾਂ ਵਿੱਚ ਨਹੀਂ ਛਪਿਆ। ਦੁਨੀਆਂ ਦੀ ਕੰਧ ਓਸੇ ਤਰ੍ਹਾਂ ਖਲੋਤੀ ਰਹੀ, ਜਦ ਕਿ ਉਸ ਦੀ ਜ਼ਿੰਦਗੀ ਸੱਟਾ ਬਜ਼ਾਰ ਦੀ ਕਿਸੇ ਅਫਵਾਹ ਵਾਂਗ ਭਟਕਦੀ ਰਹੀ। ਤੇ ਵੇਖੋ, ਉਸ ਮੁੰਡੇ ਦੀ ਬੇਮੁੱਲੀ ਜ਼ਿੰਦਗੀ ਨੂੰ ਵੇਖੋ- ਹੋਟਲਾਂ ਦੇ ਹਿਸਾਬ ਤੇ ਫਾਈਲਾਂ ਦੇ ਨੁਕਤੇ ਤੋਂ ਬੇਮੁੱਲੀ ਜ਼ਿੰਦਗੀ। ਦਸ ਹਜ਼ਾਰ ਗੋਲੀਆਂ 'ਚੋਂ ਇਕ ਗੋਲੀ ਆਦਮੀ ਨੂੰ ਮਾਰਦੀ ਹੈ, ਪਰ ਮੈਂ ਪੁੱਛਦਾ ਹਾਂ ਕਿ ਅੰਜੀਰ ਦੇ ਬਿਰਛ ਥੱਲੇ ਮੋਏ ਪਏ ਇਕ ਏਨੇ ਛੋਟੇ ਤੇ ਇੰਨੇ ਅਨਜਾਣ ਬੱਚੇ ਦੀ ਮੌਤ ਲਈ ਕੀ ਏਨਾ ਸਾਰਾ ਖਰਚ ਜਾਇਜ਼ ਸੀ?

## ਮੋਰਚਾ

ਇਕਬਾਲ ਸਿੰਘ ਹਮਜਾਪੁਰ

ਉਸ ਨੇ ਆਪਣੀ ਦੁਕਾਨ ਦੇ ਬੂਹੇ ਵਿੱਚ ਕੰਧ ਕਰਵਾ ਦਿੱਤੀ ਸੀ। ਇੱਕ ਪਾਸੇ ਲੰਘਣ ਜੋਗਾ ਹੀ ਰਾਹ ਰੱਖਿਆ ਸੀ। ਉਸ ਨੇ ਛੱਡੇ ਲਾਂਘੇ ਦੇ ਵੀ ਦੋਵੇਂ ਪਾਸੇ ਗੱਟੇ ਮਿੱਟੀ ਨਾਲ ਭਰ ਕੇ ਟਿਕਾ ਦਿੱਤੇ ਸਨ। ਇੰਝ ਲੱਗ ਰਿਹਾ ਸੀ ਜਿਵੇਂ ਮੋਰਚਾ ਬਣਾ ਦਿੱਤਾ ਹੋਵੇ।

"ਭਰਾ! ਇੰਝ ਲਗਦਾ ਜਿਵੇਂ ਤੂੰ ਜੰਗ ਦੀ ਤਿਆਰੀ ਕਰ ਰਿਹਾ ਹੋਵੇਂ। ਕਿਹਦੇ ਨਾਲ ਲੜੇਂਗਾ?"

ਮੋਰਚੇਨੁਮਾ ਦ੍ਰਿਸ਼ ਵੇਖ ਕੇ ਉਸ ਦੇ ਕਿਸੇ ਜਾਣਕਾਰ ਨੇ ਪੁੱਛਿਆ ਤਾਂ ਉਹ ਦੱਸਣ ਲੱਗਾ, "ਆਹੋ ਵੀਰ! ਪਾਣੀ ਨਾਲ ਲੜਨ ਦੀ ਤਿਆਰੀ ਕਰ ਰਿਹਾ ਹਾਂ। ਪਹਿਲਾਂ ਮੇਰੀ ਦੁਕਾਨ ਸੜਕ ਨਾਲੋਂ ਤਿੰਨ ਫੁੱਟ ਉੱਚੀ ਹੁੰਦੀ ਸੀ। ਹੁਣ ਸੜਕ ਉੱਚੀ ਹੋ ਗਈ ਤੇ ਦੁਕਾਨ ਤਿੰਨ ਫੁੱਟ ਨੀਵੀਂ ਹੋ ਗਈ। ਹੁਣ ਜਦੋਂ ਵੀ ਮੀਂਹ ਪੈਂਦਾ ਏ, ਸੜਕ ਦਾ ਸਾਰਾ ਪਾਣੀ ਅੰਦਰ ਆ ਵੜਦਾ ਹੈ।"

ਫਿਰ ਰੁਕ ਕੇ ਬੋਲਿਆ, "ਹੁਣ ਆਪਾਂ ਨੂੰ ਇਹੋ ਜਿਹੀਆਂ ਜੰਗਾਂ ਵੀ ਲੜਨੀਆਂ ਪੈਣੀਆਂ ਨੇ।"

"ਗੱਲ ਤੇਰੀ ਸੱਚੀ ਹੈ।" ਜਾਣਕਾਰ ਹਾਮੀ ਭਰ ਕੇ ਅੱਗੇ ਲੰਘ ਗਿਆ ਸੀ।

# ਮੇਰੀ ਕਲਮ

## ਚੁੱਪ ਦਾ ਜੰਗਲ


**ਸਰਬਜੀਤ ਕੌਰ ਜੱਸ**



ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ 'ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ 'ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ 'ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ 'ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ 'ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ, ਸੰਵਰੀਏ
ਚੁੱਪ ਦੇ ਜੰਗਲ 'ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ 'ਤੇ !

## ਬਾਪ ਜਿਹਾ ਕਿਰਦਾਰ

**ਸੁੱਚਾ ਸਿੰਘ ਪਸਨਾਵਾਲ**



ਫੁੱਲ ਹੋਰ ਵੀ ਬੇਸ਼ੱਕ ਨੇ ਬੜੇ ਸੋਹਣੇ,
ਗੁਲਾਬ ਵਰਗਾ ਨਾ ਖੁਸ਼ਬੂਦਾਰ ਹੋਵੇ।
ਨਗ ਲੱਖਾਂ ਜੜਾ ਲਉ ਗਹਿਣਿਆਂ ਵਿੱਚ,
ਹੀਰੇ ਜਿਹਾ ਨਾ ਕੋਈ ਚਮਕਦਾਰ ਹੋਵੇ।
ਰਿਸ਼ਤੇ ਜੱਗ 'ਤੇ ਭਾਵੇਂ ਹਜ਼ਾਰ ਹੋਵਣ,
ਪਿਓ ਵਰਗਾ ਨਾ ਮਦਦਗਾਰ ਹੋਵੇ।
ਤਾਏ ਚਾਚੇ ਬੇਸ਼ੱਕ ਹੋਣ ਜਿੰਨੇ ਮਰਜ਼ੀ,
ਬਾਪ ਜਿਹਾ ਨਾ ਕਿਤੇ ਕਿਰਦਾਰ ਹੋਵੇ।
ਲੱਖਾਂ ਕਰੋੜਾਂ ਵਿੱਚ ਭਾਵੇਂ ਖੇਡੇ ਬੰਦਾ,
ਮਾਂ ਪਿਓ ਦਾ ਸਦਾ ਕਰਜ਼ਦਾਰ ਹੋਵੇ।
ਮਨ ਨੀਵਾਂ ਤੇ ਸੋਚ ਨੂੰ ਉੱਚੀ ਰੱਖੀਏ,
ਸੋਚ ਉੱਚੀ ਨਾਲ ਚੰਗਾ ਵਿਹਾਰ ਹੋਵੇ।
ਮੁਰੀਦ ਦਿਲ ਦੇ ਭਾਵੇਂ ਹੋਣ ਲੱਖਾਂ,
ਦਿਲ ਉੱਥੇ ਲਾਈਏ ਜਿਹੜਾ ਕਦਰਦਾਨ ਹੋਵੇ।
ਕੋਇਲ ਉਦੋਂ ਹੀ ਬਾਗੀਂ ਕੂਕਦੀ ਏ,
ਜਦੋਂ ਅੰਬਾਂ ਤੇ ਆਈ ਬਹਾਰ ਹੋਵੇ।
ਧੀ ਪੁੱਤ ਨਾ ਕਦੇ ਵਿਆਹੀਏ ਉੱਥੇ,
ਨਸ਼ਿਆਂ ਦਾ ਜਿੱਥੇ ਕਾਰੋਬਾਰ ਹੋਵੇ।
'ਪਸਨਾਵਾਲੀਆ' ਫ਼ੌਜਾਂ ਉਹ ਕਦੇ ਜਿੱਤੀਆਂ ਨਾ,
ਫ਼ੌਜਾਂ ਜਿਹੜੀਆਂ ਦੇ ਵਿੱਚ ਗਦਾਰ ਹੋਵੇ।

## ਇਹ ਪੰਜਾਬੀ ਨੇ

**ਗੁਰਤੇਜ ਸਿੰਘ ਖੁਡਾਲ**

ਹਿੱਕਾਂ ਤਾਣ ਕੇ ਖੜ੍ਹ ਜਾਂਦੇ ਨੇ,
ਹੱਕਾਂ ਦੇ ਲਈ ਲੜ ਜਾਂਦੇ ਨੇ,
ਧਰਮ ਦੇਸ਼ ਲਈ ਮਰ ਜਾਂਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਨਾ ਕਿਸੇ ਕੋਲੋਂ ਇਹ ਡਰਦੇ ਨੇ,
ਨਾ ਕਿਸੇ ਨੂੰ ਇਹ ਡਰਾਉਂਦੇ ਨੇ,
ਮਜ਼ਲੂਮਾਂ ਨਾਲ ਇਹ ਖੜ੍ਹਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਦੁਸ਼ਮਣ ਨੂੰ ਸਬਕ ਸਿਖਾਉਂਦੇ ਨੇ,
ਪਾਪੀਆਂ ਤਾਈਂ ਸੋਧਾ ਲਾਉਂਦੇ ਨੇ,
ਚੁੰਮ ਫਾਸੀਆਂ ਗਲਾਂ ਵਿੱਚ ਪਾਉਂਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਇਹ ਅੰਨਦਾਤਾ ਅਖਵਾਉਂਦੇ ਨੇ,
ਸਾਰੇ ਦੇਸ਼ ਲਈ ਅੰਨ ਉਗਾਉਂਦੇ ਨੇ,
ਅੰਨ ਭੰਡਾਰ ਦੇਸ਼ ਦਾ ਭਰਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਬਹੁਤ ਅਣਖੀ ਅਤੇ ਬਹਾਦਰ ਨੇ,
ਸਾਰੇ ਦੇਸ਼ ਦੇ ਸੰਭਾਲੇ ਬਾਰਡਰ ਨੇ,
ਪੂਰੇ ਦੇਸ਼ ਦੀ ਇਹ ਜਿੰਦ ਜਾਨ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਨਾ ਪਹਿਲਾਂ ਇਹ ਕੁਝ ਕਹਿੰਦੇ ਨੇ,
ਨਾ ਜ਼ੁਲਮ ਕਿਸੇ ਦਾ ਸਹਿੰਦੇ ਨੇ,
ਖੁਡਾਲ ਦੇਸ਼ ਨੂੰ ਇਹੀ ਬਚਾਉਂਦੇ ਨੇ
ਇਹ ਪੰਜਾਬੀ ਨੇ, ਇਹ ਪੰਜਾਬੀ ਨੇ

## ਲੋਕਾਂ ਦੀਆਂ ਗੱਲਾਂ

**ਅਜੀਤ ਖੰਨਾ**



ਲੋਕਾਂ ਦੀਆਂ ਗੱਲਾਂ ਨੇ
ਝੂਠੀਆਂ ਤੇ ਕੁਝ ਸੱਚੀਆਂ
ਬਸ! ਦਿਖਾਵੇ ਦੀਆਂ ਛੱਲਾਂ ਨੇ
ਗੱਲਾਂ ਹੀ ਗੱਲਾਂ ਨੇ
ਸ਼ੇਖੀ ਮਾਰ ਲੋਕੀਂ ਆਖਣ
ਮਾਰੀਆਂ ਖ਼ੂਬ ਅਸਾਂ ਮੱਲਾਂ ਨੇ
ਹੋਰਾਂ ਦੀ ਤਾਂ ਗੱਲ ਹੀ ਛੱਡੋ
ਸਾਡੀਆਂ ਹੀ ਹਰ ਪਾਸੇ ਗੱਲਾਂ ਨੇ
ਸੱਚ ਦਾ ਪਾ ਨਕਾਬ ਏਥੇ
ਲੋਕੀਂ ਜੋੜਨ ਝੂਠੇ ਰਿਸ਼ਤੇ ਬਈ
ਦੂਜੇ ਨੂੰ ਤਾਂ ਸਮਝਣ ਝੱਲਾ
ਆਖਣ ਸਾਡੇ ਹੀ ਹੈ ਸਭ ਪੱਲੇ ਬਈ
ਸੱਚ ਫਿਰੇ ਇੱਥੇ ਜਾਨ ਬਚਾਉਂਦਾ
ਝੂਠੇ ਦੇ ਸਿਰ ਤਾਜ ਨੇ
ਜੁਮਲੇਬਾਜ਼ ਰਾਜ ਨੇ ਕਰਦੇ
ਵੋਟਰ ਫਿਰਦੇ ਅਵਾਜ਼ਾਰ ਨੇ
ਕਲਮ ਰੋਂਦੀ ਸੱਚ ਲਿਖਣ ਨੂੰ
ਪਰ ਝੂਠਾਂ ਮਾਰੀਆਂ ਮੱਲਾਂ ਨੇ
ਅਜੀਤ ਖੰਨਾ ਜੇ ਤੂੰ ਸੱਚਾ ਹੈਂ
ਤਾਂ ਹੁੰਦੀਆਂ ਤੇਰੀਆਂ ਗੱਲਾਂ ਨੇ

## ਫਰਜ਼

**ਭੁਪਿੰਦਰ ਸਿੰਘ ਪੰਛੀ**

ਹੱਕ ਦੀ ਲੜਾਈ 'ਚ ਸ਼ਸਤਰ ਚੁੱਕ
ਸ਼ੱਕ ਦੀ ਲੜਾਈ 'ਚ ਚੁੱਪ ਕਰ ਜਾ
ਝੂਠੇ ਦੇ ਮਗਰ ਨਾ ਜਾਵੀਂ ਭਾਈ
ਸੱਚ ਦੇ ਲਈ ਜਾ ਭਾਵੇਂ ਮਰ ਜਾ
ਜਿੱਥੇ ਗੱਲ ਨਿਆਂ ਦੀ ਹੋਵੇ
ਓਥੇ ਮਿੱਤਰਾ ਤਣ ਕੇ ਖੜ੍ਹ ਜਾ
ਸੱਚ ਇੱਕ ਬਿਖੜਾ ਪੈਂਡਾ ਬੱਲਿਆ
ਹਿੰਮਤ ਹੈ ਤਾਂ ਓਸ 'ਤੇ ਖੜ੍ਹ ਜਾ
ਜੇ ਤੂੰ ਮਿਤਰਾ ਖੋਆ ਬਣਨਾ
ਫਿਰ ਤਾਂ ਦੁੱਧ ਦੇ ਵਾਂਗੂੰ ਕੜ੍ਹ ਜਾ
ਅਗਲੀ ਰੁੱਤੇ ਫੇਰ ਜੇ ਆਉਣਾ
ਫਿਰ ਤਾਂ ਪੱਤਿਆਂ ਵਾਂਗੂੰ ਝੜ ਜਾ
ਜੇ ਬੁੱਲ੍ਹੀਆਂ ਦੇ ਹਾਸੇ ਗਵਾਉਣੇ
ਜਾ ਫਿਰ ਇਸ਼ਕ ਪਹਾੜਾ ਪੜ੍ਹ ਜਾ
ਜੇਕਰ ਦਿਲ ਨੂੰ ਰੋਗੀ ਕਰਨਾ
ਫਿਰ ਪਰਵਾਨੇ ਵਾਂਗੂੰ ਸੜ ਜਾ
ਮਨ ਦਾ ਹਨੇਰ ਜੇ ਦੂਰ ਤੂੰ ਕਰਨਾ
ਫਿਰ ਗਿਆਨ ਦੀ ਪੌੜੀ ਚੜ੍ਹ ਜਾ



ਸੋਹਣਾ ਲਿਖਿਆ ਕਰ ਤੂੰ ਪੰਛੀ
ਉਸਤਾਦਾਂ ਦੇ ਪੈਰੀਂ ਸਿਰ ਧਰ ਜਾ

## ਨਕਲੀ ਅਕਲ

**ਰਵਿੰਦਰ ਸਿੰਘ ਕੁੰਦਰਾ**
ਕਵੈਂਟਰੀ, ਯੂ.ਕੇ. 07748772308



ਨਕਲੀ ਅਕਲ ਨੇ ਲੋਕਾਂ ਦੀ, ਅਕਲ ਹੈ ਐਸੀ ਮਾਰੀ,
ਜਿਸ ਦੇ ਚੱਕਰ ਦੇ ਵਿੱਚ ਦੁਨੀਆ, ਫਸ ਗਈ ਹੈ ਸਾਰੀ।
ਅਸਲੀ ਚੀਜ਼ ਹੁਣ ਨਕਲੀ, ਤੇ ਨਕਲੀ ਹੈ ਹੁਣ ਅਸਲੀ,
ਦੁੱਧ ਤੋਂ ਪਾਣੀ ਵੱਖ ਕਰਨ ਦੀ, ਵਧ ਗਈ ਹੈ ਦੁਸ਼ਵਾਰੀ।
ਪਛਾਣ ਨਹੀਂ ਹੁਣ ਹੁੰਦੇ ਚਿਹਰੇ, ਜੋ ਸੀ ਕਦੀ ਭੋਲੇ ਭਾਲੇ,
ਸ਼ਰਾਫਤੀ ਸੂਰਤਾਂ ਪਿੱਛੇ ਵੀ, ਹੁਣ ਛੁਪੀ ਮਿਲੇ ਮੱਕਾਰੀ।
ਹਰ ਬੰਦੇ ਨੂੰ ਆਪਣੇ 'ਤੇ ਵੀ, ਸ਼ੱਕ ਜਿਹਾ ਹੁਣ ਰਹਿੰਦਾ,
ਗੁਆ ਬੈਠੇ ਹਾਂ ਆਪਣੀ ਹੀ, ਕਦਰ 'ਤੇ ਕੀਮਤ ਸਾਰੀ।
ਕੌਣ ਕਿਸੇ ਨੂੰ ਕਿਵੇਂ ਵਰਤ ਗਿਆ, ਸਮਝ ਕੋਈ ਨਾ ਆਵੇ,
ਹਰੇਕ ਫਿਰੇ ਹੁਣ ਡਰਦਾ, ਮਤੇ ਆ ਜਾਏ ਉਸ ਦੀ ਵਾਰੀ।
ਧਾਂਕ ਜਿਨ੍ਹਾਂ ਦੀ ਸੀ ਕਦੀ ਜੱਗ ਵਿੱਚ, ਹੋ ਗਏ ਕੱਖੋਂ ਹੌਲੇ,
'ਏ ਆਈ' ਨੇ ਖੋਹ ਲਈ ਉਨ੍ਹਾਂ ਦੀ, ਖੱਟੀ ਸਭ ਸਰਦਾਰੀ।
ਸਮਝ ਨਹੀਂ ਇਹ ਸਾਰਾ ਚੱਕਰ, ਕਿੱਥੇ ਜਾ ਕੇ ਰੁਕਣਾ,
ਰੁਕਦੀ ਨਹੀਂ ਲੱਗਦੀ ਕਿਤੇ ਵੀ, ਨਹਿਸ਼ ਜਿਹੀ ਬਿਮਾਰੀ।
ਬਨਾਵਟ ਚਮਕੇ ਇੰਨੀ ਕਿ, ਹਕੀਕਤ ਧੁੰਦਲੀ ਪੈ ਗਈ,
ਕਿਵੇਂ ਇਹ ਸਾਬਤ ਹੋਵੇ ਕਿ, ਸੱਚ ਸਦਾ ਹੈ ਚਮਤਕਾਰੀ?
ਉਸਰ ਰਹੇ ਨੇ ਬਨਾਵਟੀ ਮੰਦਰ, ਬਹੁਤੇ ਥਾਈਂ ਥਾਈਂ,
ਜਿੱਥੇ ਪੂਜਿਆ ਜਾਂਦੈ ਹੁਣ, ਹਰ ਬੇਈਮਾਨ ਮਾਇਆਧਾਰੀ।
'ਏ ਆਈ' ਥੱਲੇ ਆਕੇ ਬੰਦੇ ਦੀ, ਹਾਈ ਹਾਈ ਹੁਣ ਨਿੱਕਲੂ,
ਬਣ ਜਾਣੀ ਹੈ ਬੜੀ ਜਲਦੀ, ਇਹ ਨਵੀਂ ਹੀ ਮਹਾਂਮਾਰੀ।

## ਗ਼ਜ਼ਲ

**ਬਲਵਿੰਦਰ 'ਬਾਲਮ'**

ਅਪਣੇ ਹੰਝੂਆਂ ਦਾ ਸਿਰਨਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸੁੱਕੇ ਰੁੱਖਾਂ ਹੇਠਾਂ ਛਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਤੇਰੇ ਸਾਹਾਂ ਦੀ ਖ਼ੁਸ਼ਬੂ ਵਿੱਚ ਜਿਹੜੀਆਂ ਗੁੰਮ ਹੋ ਗਈਆਂ ਨੇ,
ਚੰਨ ਦੇ ਚਾਨਣ ਵਿੱਚੋਂ ਰਾਹਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਲਟ-ਲਟ ਬਲਦੇ ਭਖਦੇ ਦੀਵੇ ਪਲ ਵਿੱਚ ਸ਼ਾਂਤ ਸੁਭਾਅ ਕੀਤੇ,
ਉਹ ਫਿਰ ਠੰਢੀਆਂ ਠਾਰ ਹਵਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸਿਖ਼ਰ ਦੁਪਹਿਰਾਂ ਵਾਲਾ ਸੂਰਜ ਅੰਬਰ ਦੇ ਵਿੱਚ ਦਿਸਦਾ ਨਈਂ,
ਠੇਠ ਜਵਾਨੀ ਵਾਲੀਆਂ ਥਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਅੱਜ ਵੀ ਮੇਰੇ ਮਾਰੂਥਲ ਨੂੰ ਇੱਕ ਇੱਕ ਕਤਰਾ ਚੇਤੇ ਹੈ,
ਜੋ ਵਰ੍ਹੀਆਂ ਸੀ ਘੋਰ ਘਟਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਉੱਥੇ ਇੱਕ ਦਰਿਆ ਵਹਿੰਦਾ ਹੈ ਜਿਸ ਦਾ ਕੋਈ ਨਾਮ ਨਹੀਂ,
ਮਿਟੀਆਂ ਪੈੜਾਂ ਵਿੱਚੋਂ ਰਾਹਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸਿਦਕ ਸਿਰੜ ਚੱਜ ਆਚਾਰ ਸੁਚੱਜੀ ਕਿਰਤ ਕਰੇ ਅਗਵਾਈ,
ਕਿੱਥੇ ਤੁਰ ਗਈਆਂ ਉਹ ਮਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਨ਼ਫਰਤ ਦੌਲਤ ਤੇ ਹੰਕਾਰ 'ਚ ਰਿਸ਼ਤੇ ਅੰਨ੍ਹੇ ਬੋਲੇ ਨੇ,
ਭੈਣ ਭਰਾਵਾਂ ਵਾਲੀਆਂ ਬਾਵ੍ਹਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਬਜ਼ੁਰਗ ਗਏ ਨੇ ਬਿਰਧਘਰਾਂ ਵਿੱਚ ਨਿਰਭਰ ਜੀਵਨ ਜੀਵਣ ਲਈ,
ਖਾਲੀ ਮਹਿਲਾਂ ਹੇਠ ਦੁਆਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਜਿਸ 'ਚੋਂ ਬੀਤੇ ਸਮਿਆਂ ਦਾ ਸਿਰਲਾਵਾਂ 'ਬਾਲਮ' ਵੇਖ ਸਕਾਂ,
ਮੇਰੇ ਸਨਮੁਖ ਹੋਣ ਨਿਗ੍ਹਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।

## ਗ਼ਜ਼ਲ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਜਿਨ੍ਹਾਂ ਦੇ ਹੱਕ-ਸੱਚ ਪੱਲੇ, ਉਹ ਸੂਰੇ ਤਾਂ ਰੁਕਦੇ ਨਹੀਂ
ਪੋਟਾ ਪੋਟਾ ਕਟ ਜਾਂਦੇ ਨੇ, ਵੈਰੀ ਮੂਹਰੇ ਝੁਕਦੇ ਨਹੀਂ।
ਸੀਨਾ ਤਾਣੀ ਖੜ੍ਹ ਜਾਂਦੇ ਨੇ, ਆਈ ਮੌਤ ਦੇ ਮੂਹਰੇ ਵੀ
ਮਰਦਾਂ ਵਾਂਗੂੰ ਡਟ ਜਾਂਦੇ ਨੇ, ਕਾਇਰਾਂ ਵਾਂਗੂੰ ਲੁਕਦੇ ਨਹੀਂ।
ਆਵੇ ਹੁਨਰ ਜਾਂ ਤਾਕਤ ਹੱਥ ਵਿੱਚ, ਹਉਮੈਂ ਪੱਲੇ ਬੰਨ੍ਹਦੇ ਨਹੀਂ
ਐਵੇਂ ਕਿਸੇ ਡਫ਼ੂਸ ਦੇ ਵਾਂਗੂੰ, ਜਣੇ-ਖਣੇ 'ਤੇ ਬੁੱਕਦੇ ਨਹੀਂ।
ਹੋਵੇ ਦੁਖੀ ਕਿਸੇ ਦਾ ਹਿਰਦਾ, ਪਿਆਰ ਦੀ ਮੱਲ੍ਹਮ ਲਗਾਉਂਦੇ ਨੇ
ਬੋਲ ਕੇ ਭੈੜੀ, ਕੌੜੀ ਬੋਲੀ, ਜ਼ਖ਼ਮੀਂ ਲੂਣ ਤਾਂ ਭੁੱਕਦੇ ਨਹੀਂ।
ਕੁੱਲ ਜਹਾਨ ਹੈ ਸੀਸ ਨਿਵਾਉਂਦਾ, ਐਸੇ ਮਰਦ ਅਗੰਮੜੇ ਨੂੰ
ਯੁੱਗਾਂ ਤੀਕਰ ਰਹਿ ਜਾਂਦੇ ਨੇ, ਜਗ ਸੋਹਣੇ ਤੋਂ ਮੁੱਕਦੇ ਨਹੀਂ।

## ਮਾਂ ਬੋਲੀ ਦਾ ਬੂਟਾ

**ਰਜਵਿੰਦਰ ਪਾਲ ਸ਼ਰਮਾ**

ਆਉ ਸਾਰੇ ਮਾਂ ਬੋਲੀ ਦਾ ਬੂਟਾ,
ਘਰ ਘਰ ਲਾਈਏ।
ਸੱਭਿਆਚਾਰ ਦੀ ਖ਼ਾਦ ਤੇ ਪਾਣੀ,
ਉਸ ਬੂਟੇ ਵਿੱਚ ਪਾਈਏ।
ਲੋਕ ਗੀਤ ਤੇ ਲੋਕ ਰਵਾਇਤਾਂ,
ਫੁੱਲ ਤੇ ਫ਼ਲ ਬਣ ਜਾਣਾ।
ਹੌਲ਼ੀ ਹੌਲ਼ੀ ਹੁੰਦਾ ਬੂਟਾ,
ਰੁੱਖ ਇੱਕ ਦਿਨ ਬਣ ਜਾਣਾ।
ੳ, ਅ, ੲ, ਸ ਬਣ ਜਾਣੇ ਇਹਦੇ ਪੱਤੇ,
ਜੜ੍ਹਾਂ ਇਸਦੀਆਂ ਡੂੰਘੀਆਂ ਹੋਵਣ,
ਰੱਬ ਸਲਾਮਤ ਰੱਖੇ।
ਇਸ ਦੀਆਂ ਛਾਵਾਂ ਦੇ ਹੇਠਾਂ,
ਤ੍ਰਿੰਝਣ ਕੱਤਣ ਕੁੜੀਆਂ।
ਨਿੱਘ ਮਾਨਣ ਇਹਦੀ ਬੱਚੇ ਬੁੱਢੇ,
ਰਹਿਣ ਸਦਾ ਨਾਲ ਜੁੜੀਆਂ।
ਲੰਮੀ ਇਸਦੀ ਉਮਰ ਹੋਜੇ,
ਬਾਬਾ ਨਾਨਕ ਬਰਕਤ ਪਾਵੇ।
ਸਾਰੇ ਬੂਟੇ ਮੁਰਝਾਵਣ ਪਰ,
ਇਹ ਕਦੇ ਨਾ ਮੁਰਝਾਵੇ।
ਮਾਂ ਬੋਲੀ ਦਾ ਹੁੰਦਾ ਨਿਰਾਦਰ,
ਦਿਲ ਪਿਆ ਕੁਰਲਾਵੇ।
ਆਪਣਿਆਂ ਨੇ ਹੀ ਲੱਗੇ ਬਾਗ਼,
ਸਵਾਰਥ ਲਈ ਉਜਾੜੇ।
ਆਉ ਪੰਜਾਬੀ ਬੋਲੀ ਬਚਾਈਏ,
ਸ਼ਰਮਾ ਵਾਸਤਾ ਪਾਵੇ।

# ਜੁਝਾਰ ਸਿੰਘ ਬਣਿਆ 'ਪਾਵਰ ਸਲੈਪ' ਮੁਕਾਬਲਾ ਜਿੱਤਣ ਵਾਲਾ ਪਹਿਲਾ ਸਿੱਖ

## ਚਮਕੌਰ ਸਾਹਿਬ ਦਾ ਜੰਮਪਲ ਜੁਝਾਰ ਸਿੰਘ: ਪਿੰਡ ਤੋਂ ਰਿੰਗ ਤੱਕ !

## ਜਿੱਤਣ ਤੋਂ ਬਾਅਦ ਪਾਇਆ ਮਸਤ ਹੋਕੇ ਭੰਗੜਾ: ਪੰਜਾਬੀ ਜੋਸ਼ ਵਾਇਰਲ !




ਅਬੂ ਧਾਬੀ ਦੇ ਚਮਕਦਾਰ ਲਾਈਟਸ ਹੇਠਾਂ, ਜਿੱਥੇ ਅੰਤਰਰਾਸ਼ਟਰੀ ਖੇਡਾਂ ਦਾ ਜੋਸ਼ ਚਰਮ 'ਤੇ ਪਹੁੰਚ ਗਿਆ ਸੀ, ਇੱਕ ਨੌਜਵਾਨ ਸਿੱਖ ਖਿਡਾਰੀ ਨੇ ਨਾ ਸਿਰਫ਼ ਭਾਰਤ ਵੱਲੋਂ ਇਤਿਹਾਸ ਰਚਿਆ, ਸਗੋਂ ਪੂਰੀ ਸਿੱਖ ਕੌਮ ਦਾ ਮਾਣ ਰਖਿਆ। ਜੁਝਾਰ ਸਿੰਘ ਢਿੱਲੋਂ ਉਰਫ਼ 'ਟਾਈਗਰ', ਚਮਕੌਰ ਸਾਹਿਬ ਦੇ ਵਾਰਡ ਨੰਬਰ 13 ਵਾਸੀ ਸੰਗਤ ਸਿੰਘ ਦੇ ਬੇਟੇ ਨੇ, ਯੂ.ਐਫ.ਸੀ. ਅਮਰੀਕਾ ਵੱਲੋਂ ਆਯੋਜਿਤ ਪਹਿਲੀ ਅੰਤਰਰਾਸ਼ਟਰੀ ਪਾਵਰ ਸਲੈਪ ਚੈਂਪੀਅਨਸ਼ਿਪ ਵਿੱਚ ਰਸ਼ੀਅਨ ਭਾਰੀਭਾਰ ਵਰਗੇ ਖਿਡਾਰੀ ਐਂਟੀ ਗੁਲਸਕਾ (ਅਨਾਤੋਲੀ 'ਦ ਕ੍ਰੇਕਨ' ਗਲੂਸ਼ਕਾ) ਨੂੰ ਤਿੰਨ ਰਾਊਂਡਾਂ ਵਾਲੀ ਲੜਾਈ ਵਿੱਚ ਚਿੱਤ ਕਰਕੇ ਪਹਿਲਾ ਚੈਂਪੀਅਨ ਬਣਨ ਦਾ ਸਨਮਾਨ ਹਾਸਲ ਕੀਤਾ।

ਇਹ ਮੁਕਾਬਲਾ 24 ਅਕਤੂਬਰ ਨੂੰ ਅਬੂ ਧਾਬੀ ਵਿੱਚ ਹੋਇਆ, ਜਿੱਥੇ ਨੇਵਾਡਾ ਸਟੇਟ ਐਥਲੈਟਿਕ ਕਮਿਸ਼ਨ ਵੱਲੋਂ ਅਧਿਕਾਰਤ ਇਸ ਟੂਰਨਾਮੈਂਟ ਵਿੱਚ ਹਜ਼ਾਰਾਂ ਦਰਸ਼ਕਾਂ ਨੇ ਗਵਾਹੀ ਦਿੱਤੀ। ਜੁਝਾਰ ਸਿੰਘ, ਜੋ 28 ਸਾਲਾਂ ਦਾ ਨੌਜਵਾਨ ਹੈ, ਦੀਆਂ ਜ਼ਬਰਦਸਤ ਚਪੇੜਾਂ ਨੇ ਨਾ ਸਿਰਫ਼ ਵਿਰੋਧੀ ਨੂੰ ਚਾਰੇ ਖਾਨੇ ਚਿੱਤ ਕੀਤਾ, ਸਗੋਂ ਜਿੱਤ ਤੋਂ ਬਾਅਦ ਰਿੰਗ ਵਿੱਚ ਪਾਏ ਭੰਗੜੇ ਨੇ ਸੋਸ਼ਲ ਮੀਡੀਆ 'ਤੇ ਰੰਗ ਬੰਨ ਦਿੱਤਾ।

### ਕੀ ਹੈ ਪਾਵਰ ਸਲੈਪ ?

ਪਾਵਰ ਸਲੈਪ ਇੱਕ ਅੰਤਰਰਾਸ਼ਟਰੀ ਥੱਪੜ ਲੜਾਈ ਵਾਲੀ ਖੇਡ ਹੈ, ਜਿੱਥੇ ਦੋ ਖਿਡਾਰੀ ਇੱਕੋ ਟੇਬਲ ਦੇ ਅੱਗੇ ਖੜ੍ਹੇ ਹੁੰਦੇ ਹਨ ਅਤੇ ਬਾਅਦ ਵਾਰ ਵਾਰ ਇੱਕ ਦੂਜੇ ਨੂੰ ਖੁੱਲ੍ਹੇ ਹੱਥ ਨਾਲ ਥੱਪੜ ਮਾਰਦੇ ਹਨ। ਇਹ ਖੇਡ ਨਾ ਤਾਂ ਬਾਕਸਿੰਗ ਵਰਗੀ ਹੈ, ਨਾ ਹੀ ਰੈਸਲਿੰਗ. ਵਰਗੀ, ਪਰ ਇਸ ਵਿੱਚ ਤਾਕਤ, ਸਹਿਣਸ਼ੀਲਤਾ ਅਤੇ ਮਾਨਸਿਕ ਹਿੰਮਤ ਦਾ ਅਜੀਬ ਜੁੜਾਅ ਹੈ। ਨਿਯਮਾਂ ਅਨੁਸਾਰ, ਖਿਡਾਰੀ ਨੂੰ ਟੇਬਲ ਦੇ ਨਿਸ਼ਾਨ ਵਾਲੇ ਬਾਕਸ ਵਿੱਚ ਪੈਰ ਰੱਖ ਕੇ ਖੜ੍ਹੇ ਰਹਿਣੇ ਪੈਂਦੇ ਹਨ। ਹਮਲਾ ਕਰਨ ਵਾਲੇ ਨੂੰ ਤਿੰਨ ਵਾਰ ਹੱਥ ਵਗਾ ਕੇ ਥੱਪੜ ਮਾਰਨਾ ਪੈਂਦਾ ਹੈ, ਤੇ ਬਚਾਅ ਕਰਨ ਵਾਲੇ ਨੂੰ ਮੂੰਹ 'ਤੇ ਥੱਪੜ ਝੱਲਣਾ ਪੈਂਦਾ ਹੈ। ਥੱਪੜ ਸਿਰਫ਼ ਗੱਲ੍ਹ ਤੇ ਅੱਖਾਂ ਹੇਠਾਂ ਵਾਲੀ ਥਾਂ 'ਤੇ ਲੱਗਣਾ ਚਾਹੀਦਾ ਹੈ – ਅੱਖਾਂ, ਕੰਨਾਂ ਜਾਂ ਮੂੰਹ ਨੂੰ ਨਹੀਂ ਛੂਹਣਾ।

ਇੱਕ ਰਾਊਂਡ ਵਿੱਚ 30 ਸਕਿੰਟਾਂ ਵਿੱਚ ਥੱਪੜ ਮਾਰਨਾ ਅਤੇ 30 ਸਕਿੰਟਾਂ ਵਿੱਚ ਬਹਿ ਰਹਿਣਾ ਹੁੰਦਾ ਹੈ। ਥੱਪੜ ਝੱਲਣ ਤੋਂ ਬਾਅਦ 30 ਸਕਿੰਟਾਂ ਤੱਕ ਖੜ੍ਹਾ ਰਹਿਣਾ ਪੈਂਦਾ ਹੈ, ਡਿੱਗਿਆ ਤਾਂ ਹਾਰ ਗਿਆ। ਜੇ ਖਿਡਾਰੀ ਡਿੱਗ ਜਾਂਦਾ ਹੈ ਤਾਂ ਰੈਫਰੀ 10 ਗਿਣਤੀ ਗਿਣਦਾ ਹੈ। ਤਿੰਨ ਤੋਂ ਪੰਜ ਰਾਊਂਡਾਂ ਤੱਕ ਚੱਲ ਸਕਦੀ ਹੈ ਲੜਾਈ ਅਤੇ ਜੱਜ ਥੱਪੜ ਦੀ ਤਾਕਤ, ਵਿਰੋਧੀ ਦੀ ਪ੍ਰਤੀਕਿਰਿਆ ਅਤੇ ਡਿਗਣ ਤੋਂ ਬਾਅਦ ਉਠਣ ਨੂੰ ਵੇਖ ਕੇ 10–9 ਪੁਆਇੰਟ ਸਿਸਟਮ ਨਾਲ ਫੈਸਲਾ ਕਰਦੇ ਹਨ। ਗਲਤੀਆਂ ਹੋ ਜਾਣ ਜਿਵੇਂ ਪੈਰ ਚੁੱਕਣਾ, ਹੱਥ ਨਾਲ ਰੋਕਣਾ ਜਾਂ ਦੇਰ ਕਰਨਾ ਤਾਂ ਅੰਕ ਕੱਟੇ ਜਾਂਦੇ ਨੇ ਜਾਂ ਸਿੱਧਾ ਬਾਹਰ ਕੱਢ ਦਿੱਤਾ ਜਾਂਦਾ ਹੈ।

**ਖੇਡ ਵੀ ਵਜ਼ਨ ਵਰਗਾਂ ਵਿੱਚ ਵੰਡੀ ਹੈ - ਜਿਵੇਂ ਜੁਝਾਰ-ਗੁਲਸਕਾ ਭਾਰੀ ਭਾਰ ਵਰਗ ਵਿੱਚ ਲੜੇ।**

ਪਰ ਇਹ ਖੇਡ ਵਿਵਾਦਾਂ ਵਿੱਚ ਵੀ ਹੈ – ਕਈ ਖਿਡਾਰੀਆਂ ਨੂੰ ਸਿਰ ਤੇ ਗੰਭੀਰ ਚੋਟਾਂ ਲੱਗੀਆਂ ਸਨ, ਜਿਸ ਕਰਕੇ ਅਮਰੀਕੀ ਕਾਂਗਰੈੱਸ ਨੇ ਜਾਂਚ ਦੀ ਮੰਗ ਕੀਤੀ ਸੀ।




2022 ਦੌਰਾਨ ਅਮਰੀਕੀ ਯੂ.ਐਫ.ਸੀ. ਦੇ ਮਾਲਕ ਅਤੇ ਚੀਫ਼ ਐਗਜ਼ੀਕਿਊਟਿਵ ਆਫੀਸਰ ਡੇਨਾ ਵ੍ਹਾਈਟ ਨੇ ਪਾਵਰ ਸਲੈਪ ਨੂੰ ਸ਼ੁਰੂ ਕੀਤਾ ਸੀ। ਪਹਿਲਾਂ ਇਹ ਟੀ.ਬੀ.ਐੱਸ. ਚੈਨਲ 'ਤੇ ਚੱਲਿਆ, ਫਿਰ ਰੰਬਲ ਅਤੇ ਹੁਣ ਯੂਟਿਊਬ 'ਤੇ ਆ ਰਿਹਾ ਹੈ। ਡੇਨਾ ਵ੍ਹਾਈਟ, ਜੋ ਯੂ.ਐਮ.ਸੀ. ਨੂੰ ਵਿਸ਼ਵ ਪੱਧਰ 'ਤੇ ਲੈ ਗਿਆ। ਇਹ ਖੇਡ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਅਬੂ ਧਾਬੀ ਵਾਲਾ ਇਵੈਂਟ ਇਸ ਦਾ ਪਹਿਲਾ ਅੰਤਰਰਾਸ਼ਟਰੀ ਵਰਜਨ ਸੀ। ਭਾਰਤ ਵਿੱਚ ਵੀ ਇਹ ਲੋਕਪ੍ਰਿਅ ਬਣ ਰਹੀ ਹੈ, ਕਿਉਂਕਿ ਇਸ ਵਿੱਚ ਪੰਜਾਬੀ ਯੂਥ ਨੂੰ ਆਪਣੀ ਤਾਕਤ ਦਿਖਾਉਣ ਦਾ ਮੌਕਾ ਮਿਲਿਆ ਹੈ।

### ਜੁਝਾਰ ਸਿੰਘ ਦਾ ਚਮਕੌਰ ਸਾਹਿਬ ਦੇ ਖੇਤਾਂ ਤੋਂ ਰਿੰਗ ਤੱਕ ਦਾ ਸਫ਼ਰ

ਜੁਝਾਰ ਸਿੰਘ ਦੀ ਕਹਾਣੀ ਹੈ ਇੱਕ ਆਮ ਪੰਜਾਬੀ ਪਰਿਵਾਰ ਦੀ, ਜਿੱਥੋਂ ਨਿਕਲ ਕੇ ਉਹ ਵਿਸ਼ਵ ਚੈਂਪੀਅਨ ਬਣ ਗਿਆ। ਚਮਕੌਰ ਸਾਹਿਬ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਹੀਦ ਜੁਝਾਰੂ ਸਿੰਘਾਂ ਦੀ ਯਾਦ ਵਿੱਚ ਜਾਣਿਆ ਜਾਂਦਾ ਹੈ, ਇਸ ਛੋਟੇ ਜਿਹੇ ਕਸਬੇ ਵਿੱਚ ਜੁਝਾਰ ਦਾ ਜਨਮ ਹੋਇਆ। ਉਸ ਦੇ ਪਿਤਾ ਸੰਗਤ ਸਿੰਘ ਢਿੱਲੋਂ ਇੱਕ ਸਾਧਾਰਨ ਕਿਸਾਨ ਅਤੇ ਵਪਾਰੀ ਹਨ, ਜੋ ਵਾਰਡ ਨੰਬਰ 13 ਵਿੱਚ ਰਹਿੰਦੇ ਹਨ। ਮਾਂ ਦਾ ਨਾਮ ਨਿਰਮਲ ਕੌਰ ਹੈ, ਜੋ ਘਰੇਲੂ ਔਰਤ ਹੈ। ਜੁਝਾਰ ਨੂੰ ਬਚਪਨ ਤੋਂ ਹੀ ਖੇਡਾਂ ਨਾਲ ਲਗਾਅ ਹੈ। ਪੰਜਾਬ ਯੂਨੀਵਰਸਿਟੀ ਤੋਂ ਐਮ.ਐਮ.ਏ. ਵਿੱਚ ਡਿਗਰੀ ਲੈਣ ਵਾਲੇ ਜੁਝਾਰ ਨੇ 2018 ਦੌਰਾਨ ਖੇਡਾਂ ਵਿੱਚ ਕਦਮ ਰੱਖਿਆ ਉਸ ਨੇ ਲੋਕਲ ਐਮ.ਐਮ.ਏ. ਟੂਰਨਾਮੈਂਟਾਂ ਵਿੱਚ ਹਿੱਸਾ ਲਿਆ, ਜਿੱਥੇ ਉਸ ਨੂੰ 'ਟਾਈਗਰ' ਦਾ ਨਾਮ ਪਿਆ – ਕਿਉਂਕਿ ਉਸ ਦੀਆਂ ਚਪੇੜਾਂ ਸ਼ੇਰ ਵਾਂਗ ਜ਼ੋਰਦਾਰ ਹਨ। ਉਹ ਚੰਡੀਗੜ੍ਹ ਅਤੇ ਮੋਹਾਲੀ ਵਿੱਚ ਟ੍ਰੇਨਿੰਗ ਲੈਂਦਾ ਰਿਹਾ, ਜਿੱਥੇ ਉਸ ਨੇ ਨੈੱਕ ਸਟ੍ਰੈਂਥਨਿੰਗ (ਗਰਦਨ ਮਜ਼ਬੂਤ ਕਰਨ) ਅਤੇ ਬ੍ਰੀਥਿੰਗ ਐਕਸਰਸਾਈਜ਼ 'ਤੇ ਧਿਆਨ ਦਿੱਤਾ। ਪਰ ਪਾਵਰ ਸਲੈਪ ਵੱਲ ਉਸ ਨੂੰ ਟਰੇਨਿੰਗ ਐਮ.ਐਮ.ਏ. ਚੈਂਪੀਅਨ ਪੰਕਜ ਖੰਨਾ ਨੇ ਦਿੱਤੀ। ਪੰਕਜ ਨੇ ਜੁਝਾਰ 'ਤੇ ਭਰੋਸਾ ਕਰਕੇ ਉਸ ਨੂੰ ਅਬੂ ਧਾਬੀ ਵਾਲੇ ਇਵੈਂਟ ਲਈ ਚੁਣਿਆ। ਜੁਝਾਰ ਸਿੰਘ ਤਿਆਰੀ ਲਈ ਮਹੀਨੇ ਭਰ ਐਮ.ਐਮ.ਏ. ਜਿਮ ਵਿੱਚ ਰਿਹਾ, ਜਿੱਥੇ ਉਸ ਨੇ ਰਸ਼ੀਅਨ ਵਿਰੋਧੀ ਦੀਆਂ ਵੀਡੀਓਜ਼ ਵੇਖ ਕੇ ਉਸ ਦੀਆਂ ਕਮਜ਼ੋਰੀਆਂ ਲੱਭੀਆਂ। ਚਮਕੌਰ ਸਾਹਿਬ ਵਾਪਸ ਆ ਕੇ ਉਹ ਗੁਰਦੁਆਰੇ ਵਿੱਚ ਅਰਦਾਸ ਕਰਦਾ, ਜਿੱਥੇ ਉਸ ਨੂੰ ਗੁਰੂ ਜੀ ਦੀ ਸ਼ਕਤੀ ਮਿਲੀ।

24 ਅਕਤੂਬਰ ਨੂੰ ਅਬੂ ਧਾਬੀ ਦੇ ਐਥਲੈਟਿਕ ਕਲੱਬ ਵਿੱਚ ਪਾਵਰ ਸਲੈਪ 16 ਇਵੈਂਟ ਸ਼ੁਰੂ ਹੋਇਆ। ਜੁਝਾਰ ਨੂੰ ਰਸ਼ੀਅਨ ਐਂਟੀ ਗੁਲਸਕਾ ਨਾਲ ਮਿਲਾਇਆ ਗਿਆ, ਜੋ 'ਦ ਕ੍ਰੇਕਨ' ਉਰਫ਼ ਬਹੁਤ ਤਾਕਤਵਰ ਹੈ ਅਤੇ ਅੰਤਰਰਾਸ਼ਟਰੀ ਅਨੁਭਵੀ ਖਿਡਾਰੀ ਹੈ। ਕੁਈਨ ਟੌਸ ਵਿੱਚ ਜੁਝਾਰ ਨੂੰ ਪਹਿਲਾਂ ਡਿਫੈਂਡ ਕਰਨਾ ਪਿਆ। ਪਹਿਲੇ ਰਾਊਂਡ ਵਿੱਚ ਗੁਲਸਕਾ ਨੇ ਪਾਵਰ ਨਾਲ ਹਮਲਾ ਕੀਤਾ – ਉਸ ਦੇ ਥੱਪੜ ਨੇ ਜੁਝਾਰ ਦੀ ਅੱਖ ਦੇ ਨੇੜੇ ਕੱਟ ਲਗਾ ਦਿੱਤੀ। ਖ਼ੂਨ ਵਹਿ ਰਿਹਾ ਸੀ, ਪਰ ਜੁਝਾਰ ਨੇ ਹਾਰ ਨਹੀਂ ਮੰਨੀ। ਉਹ ਬਹਿ ਕੇ ਖੜ੍ਹਾ ਹੋ ਗਿਆ ਅਤੇ ਜੱਜਾਂ ਨੇ ਇਸ ਰਾਊਂਡ ਵਿੱਚ ਗੁਲਸਕਾ ਨੂੰ ਜੇਤੂ ਕਰਾਰ ਦਿੱਤਾ। ਦਰਸ਼ਕ ਹੈਰਾਨ ਸਨ – ਇੱਕ ਨਵਾਂ ਖਿਡਾਰੀ ਪੰਜਾਬੀ ਨੌਜਵਾਨ ਰਸ਼ੀਅਨ ਭਾਰੀਭਾਰ ਨਾਲ ਕਿਵੇਂ ਲੜ ਰਿਹਾ ਹੈ ?ਦੂਜੇ ਰਾਊਂਡ ਵਿੱਚ ਜੁਝਾਰ ਨੇ ਹਮਲਾ ਕੀਤਾ। ਉਹ ਰਿੰਗ ਵਿੱਚ ਉੱਤਰਨ ਤੋਂ ਪਹਿਲਾਂ ਅਰਦਾਸ ਕੀਤੀ ਅਤੇ ਸ਼ਹੀਦ ਹਰੀ ਸਿੰਘ ਨਲੂਆ ਦੀ ਵਾਰ ਪੜ੍ਹੀ – ਇਹ ਸੁਣ ਕੇ ਉਸ ਵਿੱਚ ਨਵਾਂ ਜੋਸ਼ ਭਰ ਆਇਆ। ਉਸ ਨੇ ਤਿੰਨ ਵਿੰਡ–ਅਪ ਲਏ ਅਤੇ ਇੱਕ ਜ਼ਬਰਦਸਤ ਥੱਪੜ ਮਾਰਿਆ, ਜਿਸ ਨਾਲ ਗੁਲਸਕਾ ਡਿੱਗ ਪਿਆ। ਰੈਫਰੀ ਨੇ 10 ਗਿਣਤੀ ਗਿਣੀ, ਪਰ ਗੁਲਸਕਾ ਉੱਠ ਗਿਆ। ਇਸ ਰਾਊਂਡ ਵਿੱਚ ਜੁਝਾਰ ਨੇ ਪੁਆਇੰਟ ਬਚਾਏ। ਤੀਜੇ ਅਤੇ ਫੈਸਲਾਕੁੰਨ ਰਾਊਂਡ ਵਿੱਚ ਜੁਝਾਰ ਨੇ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ। ਉਸ ਨੇ ਗੁਲਸਕਾ ਦੀ ਕਮਜ਼ੋਰ ਖੱਬੀ ਗਲ ਨੂੰ ਟਾਰਗੇਟ ਕੀਤਾ ਅਤੇ ਇੱਕ ਪਾਵਰਫੁਲ ਚਪੇੜ ਨਾਲ ਉਸ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ। ਗੁਲਸਕਾ ਡਿੱਗਿਆ ਅਤੇ ਉੱਠ ਨਾ ਸਕਿਆ। ਰਿੰਗ ਵਿੱਚ ਜੁਝਾਰ ਸਿੰਘ ਦੀ ਜਿੱਤ ਦਾ ਐਲਾਨ ਹੋਇਆ, ਅਤੇ ਦਰਸ਼ਕਾਂ ਨੇ ਤਾੜੀਆਂ ਵਜਾਈਆਂ।

ਜਿੱਤ ਤੋਂ ਬਾਅਦ ਜੁਝਾਰ ਸਿੰਘ ਰਿੰਗ ਵਿੱਚ ਚੈਂਪੀਅਨਸ਼ਿਪ ਬੈਲਟ ਗਲੇ ਵਿੱਚ ਪਾ ਕੇ ਉਹ ਭੰਗੜਾ ਪਾਉਣ ਲੱਗਾ। ਉਸਨੇ ਕਿਹਾ ਕਿ ਇਹ ਜਿੱਤ ਮੇਰੇ ਪਿੰਡ ਵਾਸੀਆਂ, ਮੇਰੇ ਪੰਜਾਬ ਅਤੇ ਸਿੱਖ ਪੰਥ ਨੂੰ ਸਮਰਪਿਤ ਹੈ।

### ਜੁਝਾਰੂ ਸਿੰਘ ਦੀਆਂ ਭਵਿੱਖ ਬਾਰੇ ਯੋਜਨਾਵਾਂ:

ਜੁਝਾਰ ਸਿੰਘ ਹੁਣ ਫਰਵਰੀ 2026 ਵਿੱਚ ਅਮਰੀਕਾ ਵਿੱਚ ਹੋਣ ਵਾਲੇ ਪਾਵਰ ਸਲੈਪ ਇਵੈਂਟਾਂ ਵਿੱਚ ਹਿੱਸਾ ਲਵੇਗਾ, ਜਿੱਥੇ ਉਹ ਆਪਣਾ ਬੈਲਟ ਡਿਫੈਂਡ ਕਰੇਗਾ। ਉਹ ਕਹਿੰਦਾ ਹੈ, 'ਇਹ ਜਿੱਤ ਸਿਰਫ਼ ਮੇਰੀ ਨਹੀਂ, ਹਰ ਭਾਰਤੀ ਨੌਜਵਾਨ ਦੀ ਹੈ ਜੋ ਸੁਪਨੇ ਵੇਖਦਾ ਹੈ। ਉਸ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਵੀ ਪ੍ਰਸੰਸਾ ਮਿਲ ਰਹੀ ਹੈ। ਉਹ ਹੁਣ ਚਮਕੌਰ ਸਾਹਿਬ ਵਿੱਚ ਖੇਡ ਅਕੈਡਮੀ ਖੋਲ੍ਹਣ ਦੀ ਯੋਜਨਾ ਬਣਾ ਰਿਹਾ ਹੈ, ਤਾਂ ਜੋ ਹੋਰ ਨੌਜਵਾਨਾਂ ਨੂੰ ਟਰੇਨਿੰਗ ਦਿੱਤੀ ਜਾ ਸਕੇ।

# ਕੈਲੀਫੋਰਨੀਆ : 4 ਖਿਡਾਰੀਆਂ ਦੀ ਮੌਤ ਨਾਲ ਖੇਡ ਜਗਤ 'ਚ ਛਾਇਆ ਮਾਤਮ

ਕੈਲੀਫੋਰਨੀਆ ਵਿੱਚ ਇੱਕ ਬਾਲਗ ਸਾਫਟਬਾਲ ਲੀਗ ਦੇ ਚਾਰ ਮੈਂਬਰਾਂ ਦੀ ਪਿਛਲੇ ਦਿਨੀਂ ਮੌਤ ਹੋ ਗਈ। ਮ੍ਰਿਤਕਾਂ ਦੇ ਇੱਕ ਦੋਸਤ ਨੇ ਦੱਸਿਆ ਕਿ ਉਨ੍ਹਾਂ ਨੇ ਨਸ਼ੇ ਦੀ ਓਵਰਡੋਜ਼ ਲਈ ਸੀ। ਫੁੱਲਰਟਨ ਪੁਲਿਸ ਵਿਭਾਗ ਦੇ ਅਨੁਸਾਰ, ਅਧਿਕਾਰੀਆਂ ਨੇ 911 ਕਾਲ ਦਾ ਜਵਾਬ ਦਿੱਤਾ, ਜਦੋਂ ਇੱਕ ਆਦਮੀ ਨੇ ਰਿਪੋਰਟ ਕੀਤੀ ਕਿ ਉਸ ਦੇ ਦੋਸਤਾਂ ਨੇ ਨਸ਼ੇ ਦੀ ਓਵਰਡੋਜ਼ ਲਈ, ਜਿਸ ਕਾਰਨ ਉਨ੍ਹਾਂ ਨੂੰ ਸਾਹ ਲੈਣ 'ਚ ਤਕਲੀਫ਼ ਹੋਣ ਲੱਗੀ।



ਫੁੱਲਰਟਨ ਵਿੱਚ ਡਬਲਯੂ. ਵਿਲਸ਼ਾਇਰ ਐਵੇਨਿਊ ਦੇ 100 ਬਲਾਕ ਵਿੱਚ ਸਥਿਤ ਅਪਾਰਟਮੈਂਟ ਵਿੱਚ ਪਹੁੰਚਣ 'ਤੇ, ਪੁਲਿਸ ਨੂੰ ਚਾਰ ਲੋਕਾਂ ਦੀਆਂ ਲਾਸ਼ਾਂ ਮਿਲੀਆਂ। ਪੁਲਿਸ ਨੇ ਕਿਹਾ, 'ਫੁੱਲਰਟਨ ਪੁਲਿਸ ਵਿਭਾਗ ਦੇ ਸੰਚਾਰ ਕੇਂਦਰ ਨੂੰ ਇੱਕ ਆਦਮੀ ਵੱਲੋਂ 911 ਕਾਲ ਪ੍ਰਾਪਤ ਹੋਈ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਉਸ ਦੇ ਚਾਰ ਦੋਸਤਾਂ ਨੇ ਨਸ਼ੇ ਦੀ ਓਵਰਡੋਜ਼ ਲਈ ਸੀ।' ਫੁੱਲਰਟਨ ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ।

ਮ੍ਰਿਤਕਾਂ ਵਿੱਚੋਂ ਇੱਕ ਦੇ ਦੋਸਤ ਨੇ ਦੱਸਿਆ ਕਿ ਸਾਰੇ ਚਾਰ ਪੀੜਤ ਇੱਕੋ ਸਾਫਟਬਾਲ ਟੀਮ ਦੇ ਸਨ ਅਤੇ ਇੱਕ ਹੋਰ ਸਾਥੀ ਨੂੰ ਮਿਲਣ ਲਈ ਅਪਾਰਟਮੈਂਟ ਵਿੱਚ ਆਏ ਸਨ। ਫੁਲਰਟਨ ਪੁਲਿਸ ਵਿਭਾਗ ਦੇ ਇੱਕ ਪ੍ਰਤੀਨਿਧੀ ਨੇ ਦੱਸਿਆ ਕਿ ਇਸ ਸਮੇਂ ਹੋਰ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਜਾਵੇਗੀ। ਪੁਲਿਸ ਨੇ ਪੁਸ਼ਟੀ ਨਹੀਂ ਕੀਤੀ ਹੈ ਕਿ ਕੀ ਮੌਤਾਂ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਹਨ। ਵਿਭਾਗ ਨੇ ਕਿਹਾ ਕਿ ਔਰੇਂਜ ਕਾਉਂਟੀਸ਼ੈਰਿਫ਼ ਦੇ ਕੋਰੋਨਰ ਦਫ਼ਤਰ ਦੁਆਰਾ ਨਾਮ ਅਤੇ ਉਮਰਾਂ ਜਾਰੀ ਕੀਤੀਆਂ ਜਾਣਗੀਆਂ, ਹਾਲਾਂਕਿ ਮੌਤ ਦਾ ਕਾਰਨ ਪਤਾ ਲਗਾਉਣਾ ਹਾਲੇ ਬਾਕੀ ਹੈ, ਜਿਸ 'ਚ ਕਈ ਹਫ਼ਤੇ ਲੱਗ ਸਕਦੇ ਹਨ।


# ਦੋ ਆਸਟ੍ਰੇਲਿਆਈ ਮਹਿਲਾ ਕ੍ਰਿਕਟਰਾਂ ਨਾਲ ਛੇੜਛਾੜ

ਇੰਦੌਰ/ਏ.ਟੀ.ਨਿਊਜ਼: ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਵਿੱਚ ਹਿੱਸਾ ਲੈ ਰਹੀਆਂ ਦੋ ਆਸ੍ਰੇਲਿਆਈ ਮਹਿਲਾ ਕ੍ਰਿਕਟਰਾਂ ਦਾ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਕਥਿਤ ਤੌਰ 'ਤੇ ਪਿੱਛਾ ਕੀਤਾ ਗਿਆ ਅਤੇ ਉਨ੍ਹਾਂ ਵਿੱਚੋਂ ਇੱਕ ਨਾਲ ਮੋਟਰਸਾਈਕਲ ਸਵਾਰ ਵਿਅਕਤੀ ਨੇ ਛੇੜਛਾੜ ਕੀਤੀ। ਪੁਲਿਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪਿਛਲੇ ਦਿਨੀਂ ਸਵੇਰੇ ਖਜਰਾਣਾ ਰੋਡ ਇਲਾਕੇ ਵਿੱਚ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਸਬ–ਇੰਸਪੈਕਟਰ ਨਿਧੀ ਰਘੂਵੰਸ਼ੀ ਨੇ ਕਿਹਾ ਕਿ ਦੋਵੇਂ ਮਹਿਲਾ ਕ੍ਰਿਕਟਰ ਆਪਣੇ ਹੋਟਲ ਤੋਂ ਨਿਕਲ ਕੇ ਇੱਕ ਕੈਫੇ ਵੱਲ ਜਾ ਰਹੀਆਂ ਸਨ ਤਾਂ ਇੱਕ ਮੋਟਰਸਾਈਕਲ ਸਵਾਰ ਵਿਅਕਤੀ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਰਘੂਵੰਸ਼ੀ ਮੁਤਾਬਕ ਉਸ ਵਿਅਕਤੀ ਨੇ ਕਥਿਤ ਤੌਰ 'ਤੇ ਇੱਕ ਕ੍ਰਿਕਟਰ ਨੂੰ ਗਲਤ ਤਰੀਕੇ ਨਾਲ ਛੂਹਿਆ ਤੇ ਫਰਾਰ ਹੋ ਗਿਆ। ਦੋਵਾਂ ਕ੍ਰਿਕਟਰਾਂ ਨੇ ਆਪਣੀ ਟੀਮ ਦੇ ਸੁਰੱਖਿਆ ਅਧਿਕਾਰੀ, ਡੈਨੀ ਸਿਮਨਸ ਨਾਲ ਸੰਪਰਕ ਕੀਤਾ, ਜਿਸ ਨੇ ਸਥਾਨਕ ਸੁਰੱਖਿਆ ਸੰਪਰਕ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਤੇ ਸਹਾਇਤਾ ਲਈ ਵਾਹਨ ਭੇਜਿਆ। ਸਹਾਇਕ ਕਮਿਸ਼ਨਰ ਪੁਲਿਸ ਹਿਮਾਨੀ ਮਿਸ਼ਰਾ ਨੇ ਦੋਵਾਂ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਐੱਮ.ਆਈ.ਜੀ. ਥਾਣੇ ਵਿੱਚ ਇਸ ਸਬੰਧੀ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।ਅਧਿਕਾਰੀ ਨੇ ਦੱਸਿਆ ਕਿ ਇੱਕ ਰਾਹਗੀਰ ਨੇ ਮਸ਼ਕੂਕ ਦਾ ਮੋਟਰਸਾਈਕਲ ਨੰਬਰ ਨੋਟ ਕਰ ਲਿਆ ਸੀ, ਜਿਸ ਦੇ ਆਧਾਰ 'ਤੇ ਮੁਲਜ਼ਮ ਅਕੀਲ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਨਹੀਂ ਰਹੇ 'ਅੰਗਰੇਜ਼ੋਂ ਕੇ ਜ਼ਮਾਨੇ ਦੇ ਜੇਲ੍ਹਰ'

# ਅਸਰਾਨੀ





ਬਜ਼ੁਰਗ ਅਦਾਕਾਰ ਤੇ ਕਾਮੇਡੀਅਨ ਗੋਵਰਧਨ ਅਸਰਾਨੀ ਦਾ ਪਿਛਲੇ ਦਿਨੀਂ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ 84 ਸਾਲ ਦੇ ਸਨ। ਅਸਰਾਨੀ ਵੱਲੋਂ ਫ਼ਿਲਮ 'ਸ਼ੋਅਲੇ' ਵਿੱਚ ਨਿਭਾਇਆ 'ਜੇਲ੍ਹਰ' ਦਾ ਕਿਰਦਾਰ ਤੇ ਡਾਇਲਾਗ 'ਹਮ ਅੰਗਰੇਜ਼ੋਂ ਕੇ ਜ਼ਮਾਨੇ ਦੇ ਜੇਲ੍ਹਰ ਹੈਂ' ਅੱਜ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਚੇਤਿਆਂ ਵਿੱਚ ਹੈ। ਅਸਰਾਨੀ ਨੇ ਬੌਲੀਵੁੱਡ ਵਿੱਚ ਤਿੰਨ ਸੌ ਤੋਂ ਵੱਧ ਫ਼ਿਲਮਾਂ ਵਿੱਚ ਕੰਮ ਕੀਤਾ।

ਅਦਾਕਾਰ ਦਾ ਪੂਰਾ ਨਾਮ ਗੋਵਰਧਨ ਅਸਰਾਨੀ ਸੀ, ਪਰ ਉਹ ਫਿਲਮ ਇੰਡਸਟਰੀ ਵਿੱਚ ਅਸਰਾਨੀ ਦੇ ਨਾਂ ਨਾਲ ਹੀ ਮਕਬੂਲ ਸਨ। ਫ਼ਿਲਮ 'ਸ਼ੋਅਲੇ' ਵਿਚਲੇ ਕਿਰਦਾਰ ਨੇ ਲੋਕਾਂ ਦੇ ਢਿੱਡੀਂ ਪੀੜਾਂ ਪਾਈਆਂ। ਸਲੀਮ ਖ਼ਾਨ ਤੇ ਜਾਵੇਦ ਖ਼ਾਨ ਵੱਲੋਂ ਲਿਖਿਆ ਇਹ ਕਿਰਦਾਰ ਚਾਰਲੀ ਚੈਪਲਿਨ ਦੀ 'ਦਿ ਗ੍ਰੇਟ ਡਿਕਟੇਟਰ' ਉੱਤੇ ਅਧਾਰਿਤ ਸੀ। ਅਦਾਕਾਰ ਦਾ ਉਨ੍ਹਾਂ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਮਿੱਤਰਾਂ ਦੀ ਹਾਜ਼ਰੀ ਵਿੱਚ ਸਾਂਤਾ ਕਰੂਜ਼ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਕਰ ਦਿੱਤਾ ਗਿਆ।

ਅਸਰਾਨੀ ਦੇ ਮੈਨੇਜਰ ਬਾਬੂਭਾਈ ਥੀਬਾ ਮੁਤਾਬਕ ਅਦਾਕਾਰ ਨੂੰ ਚਾਰ ਦਿਨ ਪਹਿਲਾਂ ਸਬ-ਅਰਬਨ ਜੂਹੂ ਵਿੱਚ ਭਾਰਤੀ ਅਰੋਗਿਆ ਨਿਧੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਥੀਬਾ ਨੇ ਖ਼ਬਰ ਏਜੰਸੀ ਨੂੰ ਦੱਸਿਆ, "ਉਨ੍ਹਾਂ ਦੀ ਸਿਹਤ ਥੋੜ੍ਹੀ ਨਾਸਾਜ਼ ਸੀ। ਉਨ੍ਹਾਂ ਨੂੰ ਸਾਹ ਲੈਣ ਵਿੱਚ ਦਿੱਕਤ ਕਰਕੇ ਹਸਪਤਾਲ ਲਿਆਂਦਾ ਗਿਆ ਸੀ। ਉਨ੍ਹਾਂ ਨੇ ਬਾਅਦ ਦੁਪਹਿਰ ਤਿੰਨ ਵਜੇ ਆਖਰੀ ਸਾਹ ਲਏ। ਸਾਨੂੰ ਡਾਕਟਰਾਂ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਫੇਫੜਿਆਂ ਵਿਚ ਪਾਣੀ ਭਰ ਗਿਆ ਸੀ।" ਅਸਰਾਨੀ ਨੇ ਆਪਣੇ ਪੰਜ ਦਹਾਕੇ ਲੰਮੇ ਫ਼ਿਲਮੀ ਕਰੀਅਰ ਦੌਰਾਨ ਹਰੇਕ ਵੱਡੇ ਫ਼ਿਲਮਸਾਜ਼ ਅਤੇ ਰਾਜੇਸ਼ ਖੰਨਾ, ਅਮਿਤਾਭ ਬੱਚਨ, ਆਮਿਰ ਖ਼ਾਨ ਜਾਂ ਹੋਰਨਾਂ ਸਟਾਰਜ਼ ਨਾਲ ਕੰਮ ਕੀਤਾ। ਅਸਰਾਨੀ ਨੂੰ ਸਭ ਤੋਂ ਪਹਿਲਾਂ 'ਆਜ ਕੀ ਤਾਜ਼ਾ ਖ਼ਬਰ' ਵਿਚਲੇ ਕਿਰਦਾਰ ਨਾਲ ਪਛਾਣ ਮਿਲੀ।

ਅਦਾਕਾਰ ਨੇ 1967 ਵਿਚ ਫ਼ਿਲਮ 'ਹਰੇ ਕਾਂਚ ਕੀ ਚੂੜੀਆਂ' ਨਾਲ ਹਿੰਦੀ ਸਿਨੇਮਾ ਵਿੱਚ ਕੈਰੀਅਰ ਦੀ ਸ਼ੁਰੂਆਤ ਕੀਤੀ। ਰਿਸ਼ੀਕੇਸ਼ ਮੁਖਰਜੀ ਉਨ੍ਹਾਂ ਦੇ ਮੈਂਟਰ ਸਨ। ਅਸਰਾਨੀ ਨੇ ਗੁਲਜ਼ਾਰ ਨਾਲ ਵੀ 'ਮੇਰੇ ਅਪਨੇ', 'ਕੋਸ਼ਿਸ਼' ਤੇ 'ਪਰਿਚੈ' ਜਿਹੀਆਂ ਫ਼ਿਲਮਾਂ ਕੀਤੀਆਂ। ਅਸਰਾਨੀ ਦੀਆਂ ਹੋਰਨਾਂ ਮਕਬੂਲ ਫ਼ਿਲਮਾਂ ਵਿਚ 'ਬਾਵਰਚੀ', 'ਅਭਿਮਾਨ', 'ਦੋ ਲੜਕੇ ਦੋਨੋਂ ਕੜਕੇ' ਤੇ 'ਬੰਦਿਸ਼' ਸ਼ਾਮਲ ਹਨ। ਅਦਾਕਾਰ ਨੇ 'ਚੁਪਕੇ ਚੁਪਕੇ', 'ਰਫੂ ਚੱਕਰ', 'ਬਾਲਿਕ ਬਧੂ', 'ਹੀਰਾਲਾਲ ਪੰਨਾਲਾਲ', 'ਪਤੀ ਪਤਨੀ ਔਰ ਵੋਹ' ਜਿਹੀਆਂ ਫ਼ਿਲਮਾਂ ਵਿਚ ਆਪਣੀ ਕੌਮਿਕ ਟਾਈਮਿੰਗ ਨਾਲ ਦਰਸ਼ਕਾਂ ਦੇ ਚਿਹਰੇ 'ਤੇ ਮੁਸਕਾਨ ਲਿਆਂਦੀ।

2000 ਦੇ ਦਹਾਕੇ ਵਿਚ ਅਸਰਾਨੀ ਨੇ ਪ੍ਰਿਯਾਦਰਸ਼ਨ ਨਾਲ 'ਹੇਰਾਫੇਰੀ', 'ਹਲਚਲ', 'ਭੂਲ ਭੁਲੱਈਆ' ਤੇ 'ਕਮਾਲ ਧਮਾਲ ਮਾਲਾਮਾਲ' ਫਿਲਮਾਂ ਕੀਤੀਆਂ। ਅਸਰਾਨੀ ਨੇ 'ਚੈਤਾਲੀ' ਤੇ 'ਕੋਸ਼ਿਸ਼' ਵਿੱਚ ਨਕਾਰਾਤਮਕ ਕਿਰਦਾਰ ਵੀ ਕੀਤੇ। ਬਜ਼ੁਰਗ ਅਦਾਕਾਰ ਨੇ ਫਿਲਮ 'ਚਲਾ ਮੁਰਾਰੀ ਹੀਰੋ ਬਨਨੇ' ਦਾ ਨਿਰਦੇਸ਼ਨ ਵੀ ਕੀਤਾ।

ਫ਼ਿਲਮਾਂ ਦੇ ਮਸ਼ਹੂਰ ਐਕਟਰ ਅਸਰਾਨੀ ਦਾ ਅਸਲੀ ਨਾਂਅ ਗੋਵਰਧਨ ਅਸਰਾਨੀ ਸੀ। ਗੋਵਰਧਨ ਅਸਰਾਨੀ ਦਾ ਜਨਮ 1 ਜਨਵਰੀ 1941 ਨੂੰ ਜੈਪੁਰ, ਰਾਜਸਥਾਨ ਵਿੱਚ ਹੋਇਆ ਸੀ। ਸੇਂਟ ਜ਼ੇਵੀਅਰ ਸਕੂਲ, ਜੈਪੁਰ ਤੋਂ ਆਪਣੀ ਸ਼ੁਰੂਆਤੀ ਪੜ੍ਹਾਈ ਕਰਨ ਤੋਂ ਬਾਅਦ, ਉਹ ਗ੍ਰੈਜੂਏਸ਼ਨ ਲਈ ਰਾਜਸਥਾਨ ਕਾਲਜ ਗਏ। ਇੱਥੋਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਸ ਨੇ ਇੱਕ ਰੇਡੀਓ ਕਲਾਕਾਰ ਵਜੋਂ ਕੰਮ ਕੀਤਾ। ਅਸਰਾਨੀ ਦੀ ਪਤਨੀ ਮੰਜੂ ਬਾਂਸਲ ਇਰਾਨੀ ਹੈ।ਅਸਰਾਨੀ ਆਪਣੀ ਪਤਨੀ ਨਾਲ ਕਈ ਫ਼ਿਲਮਾਂ 'ਚ ਕੰਮ ਕਰ ਚੁੱਕੇ ਹਨ। ਅਸਰਾਨੀ ਨੇ ਆਪਣੇ ਕੈਰੀਅਰ ਵਿੱਚ 300 ਤੋਂ ਵੱਧ ਹਿੰਦੀ ਤੇ ਗੁਜਰਾਤੀ ਫ਼ਿਲਮਾਂ ਕੀਤੀਆਂ। ਉਹ ਪੰਜ ਦਹਾਕਿਆਂ ਤੱਕ ਫ਼ਿਲਮਾਂ ਦਾ ਹਿੱਸਾ ਰਿਹੇ।

ਐਕਟਰ ਹੋਣ ਦੇ ਨਾਲ-ਨਾਲ ਉਹ ਇੱਕ ਸਿਆਸਤਦਾਨ ਵੀ ਸਨ। ਉਹ ਸਾਲ 2004 'ਚ ਕਾਂਗਰਸ ਪਾਰਟੀ 'ਚ ਸ਼ਾਮਲ ਹੋਏ। ਲੋਕ ਸਭਾ ਚੋਣਾਂ ਦੇ ਸਮੇਂ ਵੀ ਉਹ ਆਪਣੀ ਪਾਰਟੀ 'ਚ ਹਿੱਸਾ ਪਾਉਂਦੇ ਰਹੇ।

ਉਸ ਨੇ ਦੱਸਿਆ ਸੀ, 'ਗੁਲਜ਼ਾਰ ਸਾਹਬ ਨੇ ਕਿਹਾ ਸੀ ਨਾ... ਉਹ ਮੈਨੂੰ ਕਮਰਸ਼ੀਅਲ ਐਕਟਰ ਨਹੀਂ ਸਮਝਦੇ... ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਦਾ ਚਿਹਰਾ ਅਜੀਬ ਹੈ।' ਉਸ ਨੇ ਅੱਗੇ ਦੱਸਿਆ ਕਿ ਇੱਕ ਵਾਰ ਉਹ ਡਾਇਰੈਕਟਰ ਐਲਵੀ ਪ੍ਰਸਾਦ ਨੂੰ ਮਿਲੇ। ਉਨ੍ਹਾਂ ਕਿਹਾ ਸੀ ਕਿ ਅਸਰਾਨੀ ਨਾ ਤਾਂ ਖਲਨਾਇਕ ਲੱਗਦੇ ਹਨ ਤੇ ਨਾ ਹੀਰੋ, ਉਨ੍ਹਾਂ ਨੂੰ ਕਿਸ ਤਰ੍ਹਾਂ ਦਾ ਰੋਲ ਦਿੱਤਾ ਜਾਵੇ।

---

ਅੰਗਰੇਜ਼ ਸਿੰਘ ਵਿਰਦੀ

## ਬੋਲ ਮਿੱਟੀ ਦਿਆ ਬਾਵਿਆ....ਵਾਲਾ

# ਆਲਮ ਲੁਹਾਰ



ਆਲਮ ਲੁਹਾਰ ਲਹਿੰਦੇ ਪੰਜਾਬ ਦਾ ਮਸ਼ਹੂਰ ਲੋਕ ਗਾਇਕ, ਜਿਨ੍ਹਾਂ ਨੂੰ ਉਨ੍ਹਾਂ ਦੇ ਗਾਏ ਬੇਸ਼ੁਮਾਰ ਲੋਕ ਗੀਤਾਂ ਕਰਕੇ ਪੂਰੀ ਦੁਨੀਆ ਵਿੱਚ ਬੇਹੱਦ ਸ਼ੋਹਰਤ ਹਾਸਿਲ ਹੋਈ। ਲਹਿੰਦੇ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਏ ਮੁਹੰਮਦ ਆਲਮ ਲੁਹਾਰ ਨੂੰ ਆਪਣੇ ਫ਼ਨ-ਏ-ਮੌਸੀਕੀ ਜ਼ਰੀਏ ਦੋਵਾਂ ਪੰਜਾਬਾਂ ਦੇ ਨਾਲ-ਨਾਲ ਪੂਰੀ ਦੁਨੀਆਂ ਵਿੱਚ ਜਿੱਥੇ ਵੀ ਪੰਜਾਬੀ ਵਸਦੇ ਨੇ, ਵਿੱਚ ਪੂਰੀ ਰੀਝ ਨਾਲ ਸੁਣਿਆ ਗਿਆ। ਆਲਮ ਲੁਹਾਰ ਨੂੰ ਅੱਜ ਸਾਡੇ ਕੋਲੋਂ ਵਿਛੜਿਆਂ 40 ਸਾਲਾਂ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ ਪਰ ਅੱਜ ਵੀ ਉਨ੍ਹਾਂ ਵਲੋਂ ਗਾਏ ਗੀਤ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣੇ ਹੋਏ ਹਨ। ਪੰਜਾਬ ਦੇ ਲੋਕ ਗੀਤਾਂ ਦੀ ਬਾਤ ਪਾਉਣ ਵਾਲਾ ਪੰਜਾਬੀਅਤ ਵਿੱਚ ਰੰਗਿਆ ਆਲਮ ਲੁਹਾਰ ਇਕ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਸੀ। ਉਨ੍ਹਾਂ ਦਾ ਦਰਮਿਆਨਾ ਕੱਦ, ਭਰਵਾਂ ਜੁੱਸਾ, ਕਣਕ ਵੰਨਾ ਰੰਗ ਅਤੇ ਸਿਰ ਦੇ ਲੰਮੇ ਵਾਲ, ਹੱਥ ਵਿੱਚ ਚਿਮਟਾ, ਗਲ ਵਿੱਚ ਮੋਤੀਆਂ ਸਜੀ ਗਾਨੀ, ਪੈਰੀ ਕੱਢਵਾਂ ਖੁੱਸਾ, ਉਂਗਲੀਆਂ ਵਿੱਚ ਛੱਲੇ, ਤੇੜ ਰੰਗਦਾਰ ਲਾਚਾ, ਕਢਾਈ ਵਾਲਾ ਕੁੜਤਾ, ਉਨ੍ਹਾਂ ਦੀ ਵੱਖਰੀ ਚਾਲ ਢਾਲ ਅਤੇ ਮੁੱਖ 'ਤੇ ਮੁਸਕਾਨ ਨੂੰ ਵੇਖ ਕੇ ਇੰਝ ਲਗਦਾ ਸੀ ਜਿਵੇਂ ਪੰਜਾਬ ਦਾ ਹਕੀਕੀ ਨੁਮਾਇਦਾ ਆ ਰਿਹਾ ਹੋਵੇ। ਸੱਚਮੁੱਚ ਹੀ ਸਾਂਝੇ ਪੰਜਾਬ ਦਾ ਕੋਹਿਨੂਰ ਹੀਰਾ ਸੀ ਪੰਜਾਬੀ ਲੋਕ ਗਾਇਕ ਮੁਹੰਮਦ ਆਲਮ ਲੁਹਾਰ।

ਆਲਮ ਲੁਹਾਰ ਦਾ ਜਨਮ 1 ਮਾਰਚ 1928 ਈ: ਨੂੰ ਲਹਿੰਦੇ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਓਚ ਕੋਚ ਨਜ਼ਦੀਕ ਲਾਲਾ ਮੂਸਾ ਤਹਿਸੀਲ ਖਾਰੀਆਂ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਹੋਇਆ। ਲੁਹਾਰ ਪਰਿਵਾਰ ਵਿੱਚ ਪੈਦਾ ਹੋਏ ਆਲਮ ਨੂੰ ਬਚਪਨ ਤੋਂ ਹੀ ਸੂਫ਼ੀਆਨਾ ਕਲਾਮ, ਪੰਜਾਬੀ ਲੋਕ ਦਾਸਤਾਨਾ ਅਤੇ ਪੰਜਾਬੀ ਕਿੱਸਿਆਂ ਨੂੰ ਪੜ੍ਹਨ ਤੇ ਸੁਣਨ ਦਾ ਸ਼ੌਕ ਸੀ। ਆਪਣੇ ਬਚਪਨ ਦੇ ਦਿਨਾਂ ਵਿੱਚ ਹੀ ਆਲਮ ਲੁਹਾਰ ਇਨ੍ਹਾਂ ਨੂੰ ਗੁਣਗੁਣਾਉਣ ਵੀ ਲੱਗ ਪਏ ਸਨ। ਆਲਮ ਲੁਹਾਰ ਨੇ ਤਕਰੀਬਨ 8-9 ਸਾਲ ਦੀ ਉਮਰ ਵਿੱਚ ਹੀ ਗਾਉਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਨੇ ਗਾਉਣ ਦੀ ਮੁਢਲੀ ਸਿੱਖਿਆ ਆਪਣੇ ਨਾਨਕੇ ਪਿੰਡ ਆਪਣੇ ਮਾਮੇ ਮੁਹੰਮਦ ਦੀਨ ਕੋਲੋਂ ਹਾਸਿਲ ਕੀਤੀ। ਪਿਤਾ ਪੁਰਖੀ ਜੱਦੀ ਕੰਮ ਲੋਹੇ ਦੇ ਖੇਤੀ ਸੰਦ ਬਣਾਉਣ ਦੇ ਕਿੱਤੇ ਨਾਲ ਜੁੜੇ ਹੋਣ ਕਾਰਨ ਆਲਮ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਵੀ ਆਪਣਾ ਜੱਦੀ ਪੁਸ਼ਤੀ ਲੁਹਾਰਾ ਕੰਮ ਹੀ ਸਿੱਖੇ, ਪਰ ਆਲਮ ਦਾ ਗਾਉਣ ਦਾ ਸ਼ੌਕ ਜਨੂੰਨ ਦੀ ਹੱਦ ਪਾਰ ਕਰ ਚੁੱਕਾ ਸੀ ਤੇ ਉਸ ਨੇ ਗਾਉਣ ਤੋਂ ਸਿਵਾ ਹੋਰ ਕੁਝ ਵੀ ਨਹੀਂ ਕਰਨਾ ਸੀ। ਸੱਤ ਭੈਣਾਂ ਦਾ ਇਕਲੌਤਾ ਲਾਡਲਾ ਵੀਰ ਆਲਮ ਲੁਹਾਰ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹਦਾ ਹੀ ਘਰ ਵਿੱਚ ਪਈ ਸੈਫ਼ ਉਲ ਮਲੂਕ ਦੇ ਕਲਾਮ ਦੀ ਕਿਤਾਬ ਨੂੰ ਬੜੇ ਸ਼ੌਂਕ ਨਾਲ ਪੜ੍ਹਨ ਲੱਗ ਪਿਆ ਸੀ।

ਰੱਬ ਵੱਲੋਂ ਬਖ਼ਸ਼ੀ ਸੁਰੀਲੀ ਆਵਾਜ਼ ਅਤੇ ਤੀਖਣ ਬੁੱਧੀ ਦਾ ਮਾਲਿਕ ਆਲਮ ਲੁਹਾਰ ਨਿੱਕੀ ਉਮਰੇ ਹੀ ਆਪਣੀ ਗਾਇਕੀ ਨੂੰ ਸਿਖ਼ਰਾਂ ਵੱਲ ਲੈ ਤੁਰਿਆ ਸੀ। ਆਲਮ ਲੁਹਾਰ ਨੇ ਬਚਪਨ ਵਿੱਚ ਹੀ ਬਹੁਤ ਸਾਰੇ ਸੂਫ਼ੀਆਨਾ ਕਲਾਮ ਜਿਨ੍ਹਾਂ ਵਿੱਚ ਬੁੱਲੇ ਸ਼ਾਹ ਦੇ ਕਲਾਮ, ਸੁਲਤਾਨ ਬਾਹੂ ਦੇ ਕਲਾਮ, ਬਾਬਾ ਫ਼ਰੀਦ ਜੀ ਦੀ ਬਾਣੀ, ਸੈਫ਼ ਉਲ ਮਲੂਕ ਅਤੇ ਪੰਜਾਬ ਦੀਆਂ ਲੋਕ ਦਾਸਤਾਨਾ ਜਿਨ੍ਹਾਂ ਵਿੱਚ ਹੀਰ ਰਾਂਝਾ, ਸੋਹਣੀ ਮਹੀਵਾਲ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ, ਯੂਸਫ਼ ਜ਼ੁਲੈਖ਼ਾ ਅਤੇ ਦੁੱਲਾ ਭੱਟੀ ਨੂੰ ਮੂੰਹ ਜ਼ੁਬਾਨੀ ਯਾਦ ਕਰ ਲਿਆ ਸੀ ਤੇ ਇਨ੍ਹਾਂ ਨੂੰ ਉਹ ਪਿੰਡਾਂ ਦੀਆਂ ਮਹਿਫ਼ਲਾਂ, ਦਰਗਾਹਾਂ 'ਤੇ ਲੱਗਦੇ ਮੇਲਿਆਂ ਵਿੱਚ ਸਾਰੀ-ਸਾਰੀ ਰਾਤ ਗਾਉਂਦਾ ਰਹਿੰਦਾ ਸੀ। ਉਸ ਦੀ ਗਾਇਕੀ ਵਿੱਚ ਏਨਾ ਠਹਿਰਾਅ ਤੇ ਰਸ ਹੁੰਦਾ ਸੀ ਕਿ ਲੋਕ ਸਾਰੀ ਸਾਰੀ ਰਾਤ ਉਸ ਦੇ ਗਾਉਣ ਨੂੰ ਬੜੀ ਸ਼ਿੱਦਤ ਨਾਲ ਸੁਣਦੇ ਸਨ। ਪਿੰਡਾਂ ਵਿੱਚ ਲਗਦੇ ਮੇਲਿਆਂ, ਇਕੱਠਾਂ 'ਤੇ ਜਾ ਕੇ ਗਾਉਣ ਨਾਲ ਦਿਨਾਂ ਵਿੱਚ ਹੀ ਆਲਮ ਲੁਹਾਰ ਦੀ ਮਸ਼ਹੂਰੀ ਸਾਰੇ ਪੰਜਾਬ ਵਿੱਚ ਚਾਰੇ ਪਾਸੇ ਫੈਲ ਗਈ।

ਆਲਮ ਲੁਹਾਰ ਦੇ ਪਿੰਡ ਓਚ-ਕੋਚ ਦੇ ਬਹੁਤ ਸਾਰੇ ਬੰਦੇ ਮਿਹਨਤ ਮਜ਼ਦੂਰੀ ਕਰਨ ਲਈ ਲਾਹੌਰ ਰਹਿੰਦੇ ਸਨ। ਆਲਮ ਦੀ ਵਧਦੀ ਪ੍ਰਸਿੱਧੀ ਨੂੰ ਵੇਖ ਕੇ ਉਨ੍ਹਾਂ 13 ਸਾਲ ਦੀ ਛੋਟੀ ਉਮਰ ਦੇ ਆਲਮ ਲੁਹਾਰ ਨੂੰ ਲਾਹੌਰ ਵਿਖੇ ਅਖਾੜਾ ਲਾਉਣ ਲਈ ਸੱਦਿਆ। ਆਲਮ ਲੁਹਾਰ ਨੇ ਲਹੌਰ ਆ ਕੇ ਆਪਣੀ ਗਾਇਕੀ ਦੇ ਚੰਗੇ ਰੰਗ ਬੰਨ੍ਹੇ ਤੇ ਆਪਣੀ ਕਲਾ ਦਾ ਭਰਪੂਰ ਮੁਜ਼ਾਹਰਾ ਕੀਤਾ। ਉਥੇ ਆਲਮ ਨੇ ਆਪਣੇ ਖ਼ਾਸ ਅੰਦਾਜ਼ ਵਿੱਚ ਜਦੋਂ ਘੜੇ ਦੇ ਨਾਲ ਹੀਰ ਗਾਉਣੀ ਤਾਂ ਸੁਣਨ ਵਾਲੇ ਸਰੋਤੇ ਅਸ਼-ਅਸ਼ ਕਰ ਉੱਠਦੇ। ਇਸ ਤਰ੍ਹਾਂ ਹੀ ਜਦੋ ਇੱਕ ਦਿਨ ਇੱਕ ਰਿਕਾਰਡਿੰਗ ਕੰਪਨੀ ਦੇ ਮਾਲਿਕ ਜਾਨਕੀ ਦਾਸ ਨੇ ਮੇਵਾ ਮੰਡੀ ਲਹੌਰ ਵਿੱਚ ਆਲਮ ਲੁਹਾਰ ਨੂੰ ਗਾਉਂਦੇ ਸੁਣਿਆ ਤਾਂ ਉਸ ਨੂੰ ਆਪਣੇ ਰਿਕਾਰਡਿੰਗ ਸਟੂਡੀਓ ਤਵੇ ਭਰਵਾਉਣ ਲਈ ਆਉਣ ਦਾ ਸੱਦਾ ਦਿੱਤਾ। ਸਿੱਧੇ-ਸਾਧੇ ਪਿੰਡ ਦੇ ਰਹਿਣ ਵਾਲੇ ਆਲਮ ਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਤਵੇ ਕੀ ਹੁੰਦੇ ਨੇ। ਜਦੋਂ ਆਲਮ ਲੁਹਾਰ ਜਾਨਕੀ ਦਾਸ ਦੇ ਸਟੂਡੀਓ ਪੁੱਜਾ ਤਾਂ ਆਲਮ ਨੇ ਆਪਣੀ ਬਣਾਈ ਹੋਈ ਧੁਨ 'ਤੇ ਤਸਵੀਰ-ਏ-ਯੂਸਫ਼ ਪੜ੍ਹੀ ਜੋ ਜਾਨਕੀ ਦਾਸ ਨੂੰ ਪਸੰਦ ਨਾ ਆਈ। ਪਰ ਕਹਿੰਦੇ ਨੇ ਹੀਰੇ ਦੀ ਪਰਖ ਜੌਹਰੀ ਨੂੰ ਹੀ ਹੁੰਦੀ ਹੈ। ਸੋ ਇਸੇ ਹੀ ਧੁਨ 'ਤੇ ਤਸਵੀਰ-ਏ-ਯੂਸਫ਼ ਦਾ ਪਹਿਲਾ ਤਵਾ ਰਿਕਾਰਡ 13 ਸਾਲ ਦੀ ਉਮਰ ਵਿੱਚ ਮੌਲਵੀ ਨੂਰ ਮੁਹੰਮਦ ਦੀ ਰਹਿਨੁਮਾਈ ਹੇਠ ਜੈਨਬ ਦੀ ਫ਼ਰਿਆਦ ਟਾਈਟਲ ਹੇਠ ਰਿਕਾਰਡ ਕੀਤਾ ਗਿਆ।

ਆਲਮ ਲੁਹਾਰ ਵੱਲੋਂ ਗਾਉਣ ਦਾ ਆਪਣਾ ਇੱਕ ਵੱਖਰਾ ਅੰਦਾਜ਼ ਪੈਦਾ ਕੀਤਾ ਗਿਆ। ਪਿੰਡਾਂ, ਕਸਬਿਆਂ ਅਤੇ ਦਰਗਾਹਾਂ 'ਤੇ ਲੱਗਣ ਵਾਲੇ ਮੇਲਿਆਂ ਵਿੱਚ ਆਲਮ ਲੁਹਾਰ ਆਪਣਾ ਥੀਏਟਰ ਲਾਉਂਦਾ ਹੁੰਦਾ ਸੀ, ਜਿਥੇ ਉਹ ਸਾਰੀ-ਸਾਰੀ ਰਾਤ ਆਪਣੀ ਲੋਕ ਗਾਇਕੀ ਦੇ ਹੁਨਰ ਨੂੰ ਲੋਕਾਂ ਸਾਹਮਣੇ ਪੇਸ਼ ਕਰਦਾ ਤੇ ਸੂਫ਼ੀਆਨਾ ਕਲਾਮ, ਕਿੱਸਾ ਯੂਸਫ਼ ਜ਼ੁਲੈਖ਼ਾ, ਹੀਰ ਦਾ ਕਿੱਸਾ, ਸੋਹਣੀ ਮਹੀਂਵਾਲ ਦਾ ਕਿੱਸਾ, ਮਿਰਜ਼ਾ ਅਤੇ ਆਪਣੇ ਖਾਸ ਅੰਦਾਜ਼ ਵਿੱਚ ਜਦੋਂ ਜੁਗਨੀ ਗਾਉਂਦਾ ਤਾਂ ਸੁਣਨ ਵਾਲੇ ਸਰੋਤੇ ਖ਼ੁਸ਼ ਵੀ ਬਹੁਤ ਹੁੰਦੇ ਤੇ ਬਿਰਹਾ ਵਿੱਚ ਉਦਾਸ ਵੀ ਹੋ ਜਾਂਦੇ। ਆਲਮ ਲੁਹਾਰ ਦੀ ਖ਼ਾਸ ਪਹਿਚਾਣ ਉਨ੍ਹਾਂ ਦਾ ਹੱਥ ਵਿੱਚ ਫੜਿਆ ਚਿਮਟਾ ਹੁੰਦਾ ਸੀ। ਜਦੋਂ ਉਹ ਚਿਮਟੇ ਦੀ ਮੁਨਫ਼ਰਿਦ ਧੁਨ, ਜੋੜੀ (ਅਲਗੋਜ਼ੇ) ਅਤੇ ਢੋਲਕੀ ਨਾਲ ਖਾਸ ਅੰਦਾਜ਼ ਵਿੱਚ ਮਿਰਜ਼ਾ ਗਾਉਂਦਾ ਤਾਂ ਲੋਕ ਅਸ਼-ਅਸ਼ ਕਰ ਉੱਠਦੇ। ਇਸ ਦੇ ਨਾਲ ਹੀ ਸੁਲਤਾਨ ਬਾਹੂ, ਹਾਸ਼ਮ ਸ਼ਾਹ, ਮੁਹੰਮਦ ਬਖ਼ਸ਼ ਦੇ ਦੋਹਿੜੇ ਅਤੇ ਦੁੱਲੇ ਭੱਟੀ ਦੀ ਵਾਰ ਨੂੰ ਆਪਣੇ ਖਾਸ ਅੰਦਾਜ਼ ਵਿੱਚ ਗਾਉਣ ਦੀ ਕਲਾ ਆਲਮ ਲੁਹਾਰ ਨੂੰ ਪੰਜਾਬੀ ਲੋਕ ਗਾਇਕੀ ਦਾ ਸਭ ਤੋਂ ਉੱਚਾ, ਵਿਲੱਖਣ ਅਤੇ ਮਹਾਨ ਗਾਇਕ ਬਣਾਉਂਦੀ ਸੀ। ਆਪਣੀ ਸਾਰੀ ਜ਼ਿੰਦਗੀ ਵਿੱਚ ਆਲਮ ਲੁਹਾਰ ਨੇ ਬੇਸ਼ੁਮਾਰ ਗੀਤ ਗਾਏ ਅਤੇ 15 ਗੋਲਡ ਐਲ.ਪੀ. ਡਿਸਕ ਆਪਣੇ ਨਾਂਅ ਕੀਤੇ। ਇਨ੍ਹਾਂ ਨੇ ਸੰਨ 1948 ਵਿੱਚ ਸੈਫ਼ ਉਲ ਮਲੂਕ, 1959 ਵਿੱਚ ਕਿੱਸਾ ਦੁੱਲਾ ਭੱਟੀ, 1961 ਵਿੱਚ ਕਿੱਸਾ ਯੂਸਫ਼ ਜ਼ੁਲੈਖ਼ਾਂ, 1963 ਵਿੱਚ ਕਿੱਸਾ ਹਿਰਨੀ , 1964 ਵਿੱਚ ਮਸ਼ਹੂਰ ਲੋਕ ਗੀਤ 'ਬੋਲ ਮਿੱਟੀ ਦਿਆ ਬਾਵਿਆ', 1965 ਵਿੱਚ ਜੁਗਨੀ, 1967 ਵਿੱਚ ਕਿੱਸਾ ਮਿਰਜ਼ਾ ਸਾਹਿਬਾਂ, 1968 ਵਿੱਚ ਮਿਰਜ਼ੇ ਦੀ ਮਾਂ,1969 ਵਿਚ ਹੀਰ, 1971 ਵਿਚ ਮਾਂ ਦਾ ਪਿਆਰ, 1972 ਵਿਚ ਕਿੱਸਾ ਸੱਸੀ ਪੁੰਨੂ, 1973 ਵਿੱਚ ਵਿਆਹ, 1974 ਵਿੱਚ ਕਿੱਸਾ ਬਾਰਹ ਮਾਹ, 1975 ਵਿੱਚ ਦਿਲ ਵਾਲਾ ਦੁੱਖੜਾ ਅਤੇ 1977 ਵਿੱਚ ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਦੇ ਟਾਈਟਲ ਹੇਠ ਸੁਪਰ ਹਿੱਟ ਗਾਣਿਆਂ ਦੇ ਰਿਕਾਰਡ ਕੱਢੇ ਜਿਨ੍ਹਾਂ ਨੂੰ ਬੇਹੱਦ ਮਕਬੂਲੀਅਤ ਹਾਸਿਲ ਹੋਈ। ਇਸ ਤੋਂ ਇਲਾਵਾ ਆਲਮ ਲੁਹਾਰ ਵੱਲੋਂ ਨਾਅਤ ਵੀ ਰਿਕਾਰਡ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਐ ਅਰਬ ਦਿਆ ਸੁਲਤਾਨਾ, ਆਜਾ ਤੂੰ ਅਰਸ਼ਾਂ ਤੋਂ, ਮੁਹੰਮਦ ਦੀਆਂ ਕੀ ਤਾਰੀਫ਼ਾਂ, ਮੈਂ ਵੇਖਦਾ ਹੀ ਰਹਿ ਗਿਆ ਪ੍ਰਮੁੱਖ ਹਨ। ਆਲਮ ਲੁਹਾਰ ਨੇ ਆਪਣੀ ਖ਼ੂਬਸੂਰਤ ਆਵਾਜ਼ ਵਿੱਚ ਸ਼ਬਦ ਗੁਰਬਾਣੀ ਅਵਲ ਅੱਲਹਾ ਨੂਰ ਉਪਾਇਆ, ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ,ਅਤੇ ਊਚ ਅਪਾਰ ਬੇਅੰਤ ਸੁਆਮੀ ਦਾ ਵੀ ਗਾਇਨ ਕੀਤਾ।

ਲੋਕਾਂ ਵਿੱਚ ਆਲਮ ਲੁਹਾਰ ਦੀ ਮਕਬੂਲੀਅਤ ਨੂੰ ਵੇਖ ਕੇ ਬਹੁਤ ਸਾਰੇ ਫਿਲਮਸਾਜ਼ਾਂ ਨੇ ਇਨ੍ਹਾਂ ਤੋਂ ਆਪਣੀਆਂ ਫ਼ਿਲਮਾਂ ਲਈ ਕਈ ਹਿੱਟ ਗੀਤ ਗਵਾਏ ਜਿਨ੍ਹਾਂ ਵਿੱਚ ਆਲਮ ਲੁਹਾਰ ਨੇ ਸਭ ਤੋਂ ਪਹਿਲਾ ਗੀਤ ਸੰਨ 1964 ਈ: ਵਿੱਚ ਬਣੀ ਪੰਜਾਬੀ ਫ਼ਿਲਮ ਲਾਈ ਲੱਗ ਲਈ ਐ ਧਰਤੀ ਪੰਜ ਦਰਿਆਵਾਂ ਦੀ ਗਾਇਆ ਜੋ ਕਿ ਅਦਾਕਾਰ ਅਲਾਓਦੀਨ 'ਤੇ ਫ਼ਿਲਮਾਇਆ ਗਿਆ ਸੀ। (**ਬਾਕੀ ਸਫ਼ਾ 27 'ਤੇ**)

## 32 ਹਜ਼ਾਰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ....

ਇਹ ਫੰਡਿੰਗ ਨਾਲ ਨਵੀਆਂ ਟੀਮਾਂ ਬਣਾਈਆਂ ਜਾਣਗੀਆਂ ਅਤੇ ਟੈਕਨਾਲੌਜੀ ਨਾਲ ਟਰੈਕਿੰਗ ਵਧਾਈ ਜਾਵੇਗੀ।

ਇਸ ਤੋਂ ਇਲਾਵਾ, ਅੰਤਰਰਾਸ਼ਟਰੀ ਪੱਧਰ 'ਤੇ ਵੀ ਕੋਸ਼ਿਸ਼ਾਂ ਜਾਰੀ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟ੍ਰੰਪ ਦੇ ਨਵੇਂ ਪ੍ਰਸ਼ਾਸਨ ਨੇ ਵੀ ਵੱਡੇ ਪੈਮਾਨੇ 'ਤੇ ਡਿਪੋਰਟੇਸ਼ਨਾਂ ਨੂੰ ਲੈ ਕੇ ਦਬਾਅ ਬਣਾਇਆ ਹੈ, ਜਿਸ ਨਾਲ ਕੈਨੇਡਾ ਨੂੰ ਆਪਣੇ ਬਾਰਡਰ ਨੂੰ ਮਜ਼ਬੂਤ ਕਰਨਾ ਪੈ ਰਿਹਾ ਹੈ।

ਕੈਨੇਡਾ ਸਰਕਾਰ ਨੇ ਭਾਰਤੀ ਗ਼ੈਰ-ਕਾਨੂੰਨੀ ਪਰਵਾਸੀਆਂ ਲਈ ਵਿਸ਼ੇਸ਼ ਯੋਜਨਾ ਬਣਾਈ ਹੈ। ਤਾਜ਼ਾ ਜਾਣਕਾਰੀ ਅਨੁਸਾਰ, 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦਿੱਲੀ ਦੇ ਜਹਾਜ਼ਾਂ ਵਿੱਚ ਚੜ੍ਹਾਉਣ ਦੀ ਤਿਆਰੀ ਜਾਰੀ ਹੈ। ਇਹ ਜ਼ਿਆਦਾਤਰ ਭਾਰਤੀ ਮੂਲ ਦੇ ਵਿਦਿਆਰਥੀ ਅਤੇ ਕਾਮਕਾਜ ਕਰਨ ਵਾਲੇ ਹਨ, ਜਿਨ੍ਹਾਂ ਨੇ ਨਕਲੀ ਡਾਕੂਮੈਂਟਸ ਨਾਲ ਵੀਜ਼ੇ ਲਏ ਸਨ। 2023 ਵਿੱਚ ਇੱਕ ਵੱਡਾ ਸਕੈਂਡਲ ਉੱਭਰਿਆ ਸੀ, ਜਿੱਥੇ ਜਲੰਧਰ ਦੀ ਇੱਕ ਏਜੰਸੀ ਨੇ 700 ਤੋਂ ਵੱਧ ਵਿਦਿਆਰਥੀਆਂ ਨੂੰ ਨਕਲੀ ਅਡਮਿਸ਼ਨ ਲੈਟਰਾਂ ਨਾਲ ਕੈਨੇਡਾ ਭੇਜਿਆ। ਇਸ ਕਾਰਨ ਉਨ੍ਹਾਂ ਨੂੰ ਡਿਪੋਰਟ ਨੋਟਿਸ ਜਾਰੀ ਹੋ ਗਏ ਅਤੇ ਹੁਣ ਇਹ ਗਿਣਤੀ ਵਧ ਕੇ 7 ਹਜ਼ਾਰ ਤੱਕ ਪਹੁੰਚ ਗਈ ਹੈ।

ਇਹ ਸਾਰਾ ਸੰਕਟ ਦਰਸਾਉਂਦਾ ਹੈ ਕਿ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਡੂੰਘੇ ਸੁਧਾਰਾਂ ਦੀ ਲੋੜ ਹੈ। 32 ਹਜ਼ਾਰ ਫ਼ਰਾਰ ਪਰਵਾਸੀਆਂ ਨੂੰ ਲੱਭਣਾ, ਬਾਰਡਰ ਸੁਰੱਖਿਆ ਨੂੰ ਮਜ਼ਬੂਤ ਕਰਨਾ ਅਤੇ ਨਕਲੀ ਡਾਕੂਮੈਂਟਸ ਵਾਲੇ ਕੇਸਾਂ ਨੂੰ ਹੱਲ ਕਰਨਾ—ਇਹ ਸਭ ਚੁਣੌਤੀਆਂ ਹਨ। ਗੈਰੀ ਆਨੰਦਸੰਗਰੀ ਅਤੇ ਐਰਿਨ ਓ ਗੌਰਮਨ ਵਰਗੇ ਅਧਿਕਾਰੀਆਂ ਨੇ ਵਾਅਦੇ ਕੀਤੇ ਹਨ, ਪਰ ਨਤੀਜੇ ਤੇਜ਼ੀ ਨਾਲ ਦਿਖਣੇ ਚਾਹੀਦੇ ਹਨ। ਵਿਰੋਧੀ ਧਿਰ ਨੇ ਇਸ ਨੂੰ 'ਸਿਸਟਮ ਦੀ ਕਮਜ਼ੋਰੀ' ਕਿਹਾ ਹੈ ਅਤੇ ਚੋਣਾਂ ਵਿੱਚ ਇਸ ਨੂੰ ਵੱਡਾ ਮੁੱਦਾ ਬਣਾਉਣ ਦਾ ਐਲਾਨ ਕੀਤਾ ਹੈ।

ਅੰਤ ਵਿੱਚ, ਇਹ ਸੰਕਟ ਨਾ ਸਿਰਫ਼ ਸਰਕਾਰੀ ਨੀਤੀਆਂ ਨੂੰ ਚੁਣੌਤੀ ਦਿੰਦਾ ਹੈ, ਸਗੋਂ ਕੈਨੇਡੀਅਨ ਸਮਾਜ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਜੇਕਰ ਸਹੀ ਯਤਨ ਨਾ ਕੀਤੇ ਗਏ ਤਾਂ ਇਹ ਅੰਕੜੇ ਹੋਰ ਵਧਣਗੇ ਅਤੇ ਭਵਿੱਖ ਵਿੱਚ ਵੱਡੇ ਸਮੱਸਿਆਵਾਂ ਪੈਦਾ ਕਰਨਗੇ। ਕੈਨੇਡਾ ਨੂੰ ਆਪਣੀ ਇਮੀਗ੍ਰੇਸ਼ਨ ਵਿਰਾਸਤ ਨੂੰ ਬਚਾਉਣ ਲਈ ਤੁਰੰਤ ਕਾਰਵਾਈ ਕਰਨੀ ਪਵੇਗੀ।

***

## ਕੈਨੇਡਾ 'ਚ ਭਾਰਤੀਆਂ ਨੂੰ ਜ਼ਬਰਦਸਤੀ....

ਹਾਲ ਹੀ ਇੱਕ ਪ੍ਰੋਗਰਾਮ ਵਿੱਚ ਸਪੱਸ਼ਟ ਕਿਹਾ, 'ਵਿਦੇਸ਼ੀ ਅਪਰਾਧੀਆਂ ਨੂੰ ਕੱਢਣ ਦੀ ਪ੍ਰਕਿਰਿਆ ਅਸੀਂ ਤੇਜ਼ ਕਰਾਂਗੇ। ਵਧੇਰੇ ਸਰੋਤ ਦੇਣ ਅਤੇ ਟਰੈਕਿੰਗ ਸੁਧਾਰਨ ਵਾਲੀਆਂ ਯੋਜਨਾਵਾਂ ਚੱਲ ਰਹੀਆਂ ਨੇ। ਇਹ ਅਪ੍ਰਵਾਸ ਪ੍ਰਣਾਲੀ ਵਿੱਚ ਵੱਡੇ ਸੁਧਾਰਾਂ ਦਾ ਹਿੱਸਾ ਹੈ। ਸ਼ਰਨ ਚਾਹੁਣ ਵਾਲੇ ਅਤੇ ਅਸਥਾਈ ਨਿਵਾਸੀ ਪਰਮਿਟ ਵਾਲਿਆਂ 'ਤੇ ਖ਼ਾਸ ਨਜ਼ਰ ਹੈ।

ਸਰਕਾਰ ਨੇ 2025 ਬਜਟ ਵਿੱਚ 500 ਮਿਲੀਅਨ ਡਾਲਰ ਵਾਧੂ ਖਰਚੇ ਦਾ ਐਲਾਨ ਕੀਤਾ ਹੈ, ਜਿਸ ਨਾਲ ਸੀ.ਬੀ.ਐਸ.ਏ. ਨੂੰ 1,000 ਨਵੇਂ ਅਧਿਕਾਰੀ ਮਿਲਣਗੇ। ਪਰਵਾਸੀਆਂ ਨੂੰ ਕਢਣ ਦਾ ਟੀਚਾ 50,000 ਤੱਕ ਵਧਾ ਦਿੱਤਾ ਗਿਆ ਹੈ। ਭਾਰਤ ਨਾਲ ਡਿਪੋਰਟੇਸ਼ਨ ਐਗ੍ਰੀਮੈਂਟ ਨੂੰ ਵੀ ਮਜ਼ਬੂਤ ਕੀਤਾ ਗਿਆ, ਜਿਸ ਨਾਲ ਭਾਰਤੀ ਪਾਸਪੋਰਟ ਵੈਰੀਫ਼ਿਕੇਸ਼ਨ ਤੇਜ਼ ਹੋਈ। ਇਸ ਨਾਲ 70 ਫ਼ੀਸਦੀ ਕੇਸ 30 ਦਿਨਾਂ ਵਿੱਚ ਹੱਲ ਹੋ ਰਹੇ ਨੇ। ਪਰ ਇਹ ਨੀਤੀਆਂ ਭਾਰਤੀ ਲੋਕਾਂ ਨੂੰ ਨਿਰਾਸ਼ ਕਰ ਰਹੀਆਂ ਨੇ।

ਭਾਰਤ ਸਰਕਾਰ ਵੀ ਸਖ਼ਤੀ ਕਰ ਰਹੀ ਹੈ। ਵਿਦੇਸ਼ ਮੰਤਰਾਲੇ ਨੇ ਪੰਜਾਬੀ ਨੌਜਵਾਨਾਂ ਨੂੰ ਚਿਤਾਵਨੀ ਜਾਰੀ ਕੀਤੀ ਸੀ ਕਿ ਗੈਰ-ਕਾਨੂੰਨੀ ਪਰਵਾਸ ਤੋਂ ਬਚੋ। ਪਰ ਇਸ ਦੇ ਬਾਵਜੂਦ ਇੱਕ ਰਿਪੋਰਟ ਅਨੁਸਾਰ, 40 ਫ਼ੀਸਦੀ ਭਾਰਤੀ ਸ਼ਰਨ ਲਈ ਗਲਤ ਦਸਤਾਵੇਜ਼ਾਂ ਨਾਲ ਆਉਂਦੇ ਨੇ।

ਭਾਰਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਮੁੱਖ ਕਾਰਨ ਹਨ:

ਸਭ ਤੋਂ ਵੱਧ ਗਿਣਤੀ – 2024 ਵਿੱਚ 1 ਲੱਖ ਤੋਂ ਵੱਧ ਭਾਰਤੀਆਂ ਨੇ ਸ਼ਰਨ ਲਈ ਅਪਲਾਈ ਕੀਤਾ ਸੀ।

ਅਪਰਾਧਾਂ ਨਾਲ ਜੁੜੇ ਕੇਸ – ਜਿਵੇਂ ਪੀਲ ਡਾਕ ਚੋਰੀ, ਡਰੱਗਸ ਅਤੇ ਗੈਂਗ ਵਾਇਲੈਂਸ ਕਾਰਣ ਕੈਨੇਡਾ ਵਿੱਚ ਵਿਰੋਧ ਵਧ ਰਿਹਾ ਹੈ।

ਆਰਥਿਕ ਦਬਾਅ – ਕੈਨੇਡਾ ਵਿੱਚ ਭਾਰਤੀ ਵਰਕਰਾਂ ਦੀ ਗਿਣਤੀ ਵਧਣ ਨਾਲ ਨੌਕਰੀਆਂ ਘੱਟ ਹੋਈਆਂ ਹਨ।

ਸਿਆਸੀ ਦਬਾਅ – ਪਰਵਾਸੀ ਵਿਰੋਧੀ ਭਾਸ਼ਣ ਵਧੇ ਹਨ।

ਕੈਨੇਡਾ ਹੁਣ ਪਰਵਾਸ ਟੀਚੇ 4 ਲੱਖ ਤੋਂ ਘਟਾ ਕੇ 2.5 ਲੱਖ ਕਰ ਰਿਹਾ ਹੈ। ਜੇਕਰ ਕੈਨੇਡਾ ਨੇ ਨੀਤੀਆਂ ਨਾ ਬਦਲੀਆਂ ਤਾਂ ਹਜ਼ਾਰਾਂ ਪਰਿਵਾਰ ਤਬਾਹ ਹੋ ਜਾਣਗੇ। ਪੰਜਾਬ ਨੂੰ ਨਵੇਂ ਮੌਕੇ ਲੱਭਣੇ ਪੈਣਗੇ।

***

## ਸ਼ੈਂਗੇਨ ਵੀਜ਼ਾ: ਭਾਰਤੀ ਵਿਦਿਆਰਥੀਆਂ ਨੂੰ ਵੱਡੀਆਂ

### ਯੂਰਪ ਵਿੱਚ ਪੜ੍ਹਨ ਤੇ ਨੌਕਰੀ ਲਈ ਵਧੀਆ ਦੇਸ਼ ਕੌਣ ?

ਯੂਰਪ ਵਿੱਚ ਭਾਰਤੀ ਵਿਦਿਆਰਥੀਆਂ ਲਈ ਜਰਮਨੀ ਸਭ ਤੋਂ ਵਧੀਆ ਦੇਸ਼ ਹੈ। ਇੱਥੇ ਸਰਕਾਰੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਲਗਭਗ ਮੁਫ਼ਤ ਹੈ। ਸਿਰਫ਼ ਸੈਮੇਸਟਰ ਫ਼ੀਸ 300 ਯੂਰੋ ਤੱਕ ਹੁੰਦੀ ਹੈ। 2025 ਵਿੱਚ ਭਾਰਤੀ ਵਿਦਿਆਰਥੀ 54 ਹਜ਼ਾਰ ਹੋ ਗਏ ਨੇ ਜੋ 2024 ਦੇ 46 ਹਜ਼ਾਰ ਤੋਂ ਵੱਧ ਨੇ। 2030 ਤੱਕ 1 ਲੱਖ 14 ਹਜ਼ਾਰ ਹੋਣ ਦਾ ਅੰਦਾਜ਼ਾ ਹੈ। ਜਰਮਨੀ ਵਿੱਚ ਇੰਜੀਨੀਅਰਿੰਗ, ਮੈਡੀਸਨ ਤੇ ਆਈ.ਟੀ. ਕੋਰਸ ਵਧੀਆ ਨੇ ਤੇ ਨੌਕਰੀਆਂ ਵੀ ਬਹੁਤ ਨੇ। ਖ਼ਤਮ ਹੋਣ ਤੋਂ ਬਾਅਦ 18 ਮਹੀਨੇ ਨੌਕਰੀ ਲੱਭਣ ਦਾ ਸਮਾਂ ਮਿਲਦਾ ਹੈ। ਔਸਤ ਤਨਖ਼ਾਹ 4000 ਯੂਰੋ ਮਹੀਨੇ ਹੈ।

ਦੂਜਾ ਵਧੀਆ ਦੇਸ਼ ਹੈ ਨੀਦਰਲੈਂਡਜ਼। ਇੱਥੇ ਅੰਗਰੇਜ਼ੀ ਵਿੱਚ ਕੋਰਸ ਨੇ ਤੇ ਵੀਜ਼ਾ ਖਾਰਜ ਹੋਣ ਦਰ ਘੱਟ ਹੈ – ਸਿਰਫ਼ 10 ਫ਼ੀਸਦੀ। ਨੌਕਰੀ ਲਈ ਬਲੂ ਕਾਰਡ ਸਕੀਮ ਹੈ ਜਿੱਥੇ ਉੱਚ ਤਨਖ਼ਾਹ ਵਾਲੀਆਂ ਨੌਕਰੀਆਂ ਆਸਾਨ ਨੇ। ਤੀਜਾ ਸਵੀਡਨ ਹੈ ਜਿੱਥੇ ਪੜ੍ਹਾਈ ਮੁਫ਼ਤ ਨੇ ਤੇ ਫੈਮਿਲੀ ਨਾਲ ਰਹਿਣ ਦੀ ਆਗਿਆ ਹੈ। ਨੌਕਰੀ ਵਿੱਚ ਆਈ.ਟੀ. ਤੇ ਟੈਕ ਖੇਤ ਵਧੀਆ ਨੇ। ਫ਼ਰਾਂਸ ਵੀ ਚੰਗਾ ਹੈ ਪਰ ਵੀਜ਼ਾ ਪ੍ਰਕਿਰਿਆ ਥੋੜ੍ਹੀ ਸਖ਼ਤ ਹੈ। ਇੰਗਲੈਂਡ ਵਿੱਚ ਫ਼ੀਸ ਵੱਧ ਹੈ ਪਰ ਨੌਕਰੀਆਂ ਵਧੀਆ ਨੇ। ਪੋਲੈਂਡ ਤੇ ਚੈੱਕ ਰਿਪਬਲਿਕ ਵਿੱਚ ਘੱਟ ਖਰਚੇ ਨਾਲ ਪੜ੍ਹਾਈ ਹੁੰਦੀ ਹੈ ਤੇ ਨੌਕਰੀ ਵੀ ਮਿਲ ਜਾਂਦੀ ਹੈ। ਪਰ ਜਰਮਨੀ ਸਭ ਤੋਂ ਵਧੀਆ ਹੈ ਕਿਉਂਕਿ ਖਰਚਾ ਘੱਟ, ਨੌਕਰੀਆਂ ਵੱਧ ਤੇ ਵਸਣ ਵਾਲੀ ਜਗ੍ਹਾ ਵੀ ਚੰਗੀ।

### ਯੂਰਪ ਲਈ ਵੀਜ਼ਾ ਬੇਨਤੀ ਕਿਉਂ ਖਾਰਜ ਹੁੰਦੀ ਹੈ?

ਸ਼ੈਂਗੇਨ ਵੀਜ਼ਾ ਬੇਨਤੀਆਂ ਖਾਰਜ ਹੋਣ ਦੀ ਵੱਡੀ ਵਜ੍ਹਾ ਹੈ ਅਧੂਰੇ ਜਾਂ ਗਲਤ ਭਰੇ ਫਾਰਮ। ਭਾਰਤੀ ਦੁਨੀਆਂ ਵਿੱਚ ਦੂਜੇ ਨੰਬਰ ਤੇ ਨੇ, ਜਿਨ੍ਹਾਂ ਦੀਆਂ 15 ਫ਼ੀਸਦੀ ਬੇਨਤੀਆਂ ਖਾਰਜ ਹੋਈਆਂ। ਯੂਰਪੀਅਨ ਕਮਿਸ਼ਨ ਅਨੁਸਾਰ ਜਰਮਨੀ ਲਈ 12 ਫ਼ੀਸਦੀ ਬੇਨਤੀਆਂ ਭਾਰਤ ਤੋਂ ਨੇ। ਪਹਿਲੀ ਵਜ੍ਹਾ – ਦਸਤਾਵੇਜ਼ ਘੱਟ ਜਾਂ ਗਲਤ। ਜਿਵੇਂ ਬੈਂਕ ਸਟੇਟਮੈਂਟ ਵਿੱਚ ਪੈਸੇ ਘੱਟ ਹੋਣ ਜਾਂ ਐਡਮਿਸ਼ਨ ਲੈਟਰ ਨਾ ਹੋਣਾ। ਦੂਜੀ ਵਜ੍ਹਾ – ਜਰੂਰਤ ਤੋਂ ਵੱਧ ਜਾਂ ਘੱਟ ਸਮੇਂ ਵਿੱਚ ਬੇਨਤੀ ਕਰਨਾ। ਅਧਿਕਾਰੀ ਕਹਿੰਦੇ ਨੇ, 'ਸਹੀ ਸਮੇਂ 'ਤੇ ਬੇਨਤੀ ਕਰੋ, ਨਾ ਜਲਦੀ ਨਾ ਦੇਰ ਨਾਲ।'

ਤੀਜੀ ਵਜ੍ਹਾ – ਝੂਠ ਬੋਲਣਾ। ਜੇ ਇੰਟਰਵਿਊ ਵਿੱਚ ਜਾਂ ਦਸਤਾਵੇਜ਼ਾਂ ਵਿੱਚ ਗਲਤ ਜਾਣਕਾਰੀ ਹੋਵੇ ਤਾਂ ਖਾਰਜ। ਚੌਥੀ – ਫ਼ਾਈਨੈਂਸ਼ਲ ਪਰੂਫ ਨਾ ਹੋਣਾ। ਵਿਦਿਆਰਥੀ ਨੂੰ ਦੱਸਣਾ ਪੈਂਦਾ ਹੈ ਕਿ ਉਹ ਖਰਚੇ ਕਿਵੇਂ ਚਲਾਵੇਗਾ। ਪੰਜਵੀਂ – ਅਪਾਇੰਟਮੈਂਟ ਨਾ ਮਿਲਣ ਕਰਕੇ ਦੇਰ ਹੋ ਜਾਣਾ। ਇੱਕ ਅਧਿਕਾਰੀ ਨੇ ਕਿਹਾ, 'ਈਮਾਨਦਾਰ ਰਹੋ ਤੇ ਸਭ ਦਸਤਾਵੇਜ਼ ਪੂਰੇ ਰੱਖੋ।' 2024 ਵਿੱਚ ਇਸ ਨਾਲ 136 ਕਰੋੜ ਰੁਪਏ ਦਾ ਨੁਕਸਾਨ ਹੋਇਆ। ਵਿਦਿਆਰਥੀ ਵਧੇਰੇ ਪ੍ਰਭਾਵਿਤ ਹੁੰਦੇ ਨੇ ਕਿਉਂਕਿ ਉਹਨਾਂ ਨੇ ਐਡਮਿਸ਼ਨ ਤੇ ਫ਼ੀਸ ਦੇ ਦਿੱਤੀ ਹੁੰਦੀ ਹੈ। ਖਾਰਜ ਹੋਣ ਤੋਂ ਬਚਣ ਲਈ ਵੈੱਬਸਾਈਟ ਤੋਂ ਚੈੱਕਲਿਸਟ ਡਾਊਨਲੋਡ ਕਰੋ ਤੇ ਸਹੀ ਸਮੇਂ ਬੇਨਤੀ ਕਰੋ।

### ਜਰਮਨੀ ਵੱਲ ਭਾਰਤੀਆਂ ਦਾ ਰੁਝਾਨ ਕਿਉਂ ਵਧ ਰਿਹਾ ਹੈ ?

ਜਰਮਨੀ ਭਾਰਤੀ ਵਿਦਿਆਰਥੀਆਂ ਲਈ ਪਹਿਲੀ ਚੋਣ ਬਣ ਗਿਆ ਹੈ। ਚੀਨ ਤੇ ਤੁਰਕੀ ਤੋਂ ਵੱਧ ਭਾਰਤੀ ਆ ਰਹੇ ਨੇ। ਵਜ੍ਹਾ ਹੈ ਮੁਫ਼ਤ ਪੜ੍ਹਾਈ। ਸਰਕਾਰੀ ਯੂਨੀਵਰਸਿਟੀਆਂ ਵਿੱਚ ਟਿਊਸ਼ਨ ਫ਼ੀਸ ਨਹੀਂ ਹੈ। ਸਿਰਫ਼ ਰਹਿਣ-ਖਾਣ ਤੇ 1000 ਯੂਰੋ ਮਹੀਨੇ ਲੱਗਦੇ ਨੇ। 2025 ਵਿੱਚ ਵਿਦਿਆਰਥੀ ਵੀਜ਼ਾ ਬੇਨਤੀਆਂ 35 ਫ਼ੀਸਦੀ ਵਧੀਆਂ ਨੇ। ਨਵੀਂ ਦਿੱਲੀ ਜਰਮਨ ਦੂਤਾਵਾਸ ਵਾਲੇ ਕਹਿੰਦੇ ਨੇ, 'ਭਾਰਤੀ ਵਿਦਿਆਰਥੀਆਂ ਲਈ ਜਰਮਨੀ ਸਭ ਤੋਂ ਪਸੰਦੀਦਾ ਹੈ।'

ਦੂਜੀ ਵਜ੍ਹਾ ਹੈ ਵਧੀਆ ਨੌਕਰੀਆਂ। ਜਰਮਨੀ ਨੂੰ ਕੁਸ਼ਲ ਮਜ਼ਦੂਰਾਂ ਦੀ ਲੋੜ ਹੈ। ਪੜ੍ਹਾਈ ਖ਼ਤਮ ਹੋਣ ਤੋਂ ਬਾਅਦ ਨੌਕਰੀ ਮਿਲਣ 'ਤੇ ਪੱਕਾ ਵੀਜ਼ਾ ਮਿਲ ਜਾਂਦਾ ਹੈ। ਤੀਜੀ ਵਜ੍ਹਾ ਹੈ ਅੰਗਰੇਜ਼ੀ ਤੇ ਜਰਮਨ ਭਾਸ਼ਾ ਸਿੱਖਣ ਵਾਲੇ ਕੋਰਸ। ਫ੍ਰਾਈਬਰਗ ਤੇ ਬ੍ਰਾਂਡੇਨਬਰਗ ਵਰਗੀਆਂ ਜਗ੍ਹਾਵਾਂ 'ਤੇ ਭਾਰਤੀ ਵਿਦਿਆਰਥੀ ਖੋਜ ਕਰ ਰਹੇ ਨੇ। ਚੌਥੀ ਵਜ੍ਹਾ ਹੈ ਸੁਰੱਖਿਅਤ ਤੇ ਚੰਗੀ ਜ਼ਿੰਦਗੀ। ਜਰਮਨੀ ਵਿੱਚ ਅਪਰਾਧ ਘੱਟ ਹੈ ਤੇ ਸਿਹਤ ਸਹੂਲਤ ਵਧੀਆ ਨੇ। ਪੰਜਵੀਂ ਵਜ੍ਹਾ ਹੈ ਵੀਜ਼ਾ ਨਿਯਮ ਆਸਾਨ ਹੋ ਰਹੇ ਨੇ।

***

## ਯੂ.ਕੇ. ਵਿੱਚ ਪਰਵਾਸੀਆਂ ਲਈ ਸਖ਼ਤ...

ਬ੍ਰਿਟਿਸ਼ ਕਾਉਂਸਲ ਅਨੁਸਾਰ, ਬੀ-2 ਪੱਧਰ ਵਾਲਾ ਵਿਅਕਤੀ ਗੁੰਝਲਦਾਰ ਲੇਖਾਂ ਦੇ ਮੁੱਖ ਵਿਚਾਰ ਸਮਝ ਸਕਦਾ ਹੈ, ਸਹਿਜ ਤਰੀਕੇ ਨਾਲ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ, ਹੋਰ ਅੰਗਰੇਜ਼ੀ ਬੋਲਣ ਵਾਲਿਆਂ ਨਾਲ ਆਰਾਮ ਨਾਲ ਗੱਲ ਕਰ ਸਕਦਾ ਹੈ ਅਤੇ ਵਿਸਤ੍ਰਿਤ ਲੇਖ ਲਿਖ ਸਕਦਾ ਹੈ। ਉਦਾਹਰਨ ਲਈ, ਉਹ ਕਿਸੇ ਵੀ ਵਿਸ਼ੇ ਉੱਤੇ ਆਪਣੀ ਰਾਏ ਸਪੱਸ਼ਟ ਤਰੀਕੇ ਨਾਲ ਬਿਆਨ ਕਰ ਸਕੇਗਾ।

ਗ੍ਰਹਿ ਸਕੱਤਰ ਸ਼ਬਾਨਾ ਮਹਮੂਦ ਨੇ ਕਿਹਾ, 'ਜੇਕਰ ਤੁਸੀਂ ਇਸ ਦੇਸ਼ ਵਿੱਚ ਆਉਂਦੇ ਹੋ, ਤਾਂ ਤੁਹਾਨੂੰ ਸਾਡੀ ਭਾਸ਼ਾ ਸਿੱਖਣੀ ਚਾਹੀਦੀ ਹੈ। ਇਸ ਦੇਸ਼ ਨੇ ਹਮੇਸ਼ਾ ਉਨ੍ਹਾਂ ਪਰਵਾਸੀਆਂ ਦਾ ਸਵਾਗਤ ਕੀਤਾ ਹੈ ਜੋ ਮੁਲਕ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ, ਪਰ ਭਾਸ਼ਾ ਨਾ ਜਾਨਣ ਵਾਲੇ ਨੂੰ ਨਾਮਨਜ਼ੂਰ ਕੀਤਾ ਜਾਵੇਗਾ।' ਇਹ ਨਿਯਮ 8 ਜਨਵਰੀ 2026 ਤੋਂ ਸ਼ੁਰੂ ਹੋਣਗੇ ਅਤੇ ਪਹਿਲਾਂ ਤੋਂ ਅਰਜ਼ੀ ਦੇਣ ਵਾਲਿਆਂ ਨੂੰ ਵੀ ਪ੍ਰਭਾਵਿਤ ਕਰਨਗੇ।

ਸਕਿਲਡ ਵਰਕਰ ਵੀਜ਼ਾ ਉੱਤੇ ਆਉਣ ਵਾਲੇ ਨੂੰ ਸਰਕਾਰ ਮਨਜ਼ੂਰਸ਼ੁਦਾ ਨੌਕਰੀ ਵਿੱਚ ਕੰਮ ਕਰਨਾ ਪਵੇਗਾ। ਘੱਟੋ-ਘੱਟ ਤਨਖ਼ਾਹ 41,700 ਪਾਊਂਡ (ਲਗਭਗ 49.17 ਲੱਖ ਰੁਪਏ) ਸਾਲਾਨਾ ਹੋਣੀ ਚਾਹੀਦੀ ਹੈ। ਸਕੇਲ-ਅੱਪ ਵੀਜ਼ਾ ਤੇਜ਼ੀ ਨਾਲ ਵਧ ਰਹੇ ਕਾਰੋਬਾਰਾਂ ਲਈ ਹੈ, ਜਦਕਿ ਐੱਚ.ਪੀ.ਆਈ. ਵੀਜ਼ਾ ਪਿਛਲੇ ਪੰਜ ਸਾਲਾਂ ਵਿੱਚ ਟਾਪ ਵਿਸ਼ਵ ਵਿਸ਼ਵਵਿਦਿਆਲਿਆਂ ਤੋਂ ਗ੍ਰੈਜੂਏਟਸ ਲਈ ਹੈ। ਇਨ੍ਹਾਂ ਸਾਰੇ ਵੀਜ਼ਿਆਂ ਵਿੱਚ ਅੰਗਰੇਜ਼ੀ ਬੀ-2 ਜ਼ਰੂਰੀ ਹੈ।

ਇਹ ਨਿਯਮ ਯੂ.ਕੇ. ਦੇ ਰਾਸ਼ਟਰੀ ਜੀਵਨ ਵਿੱਚ ਪਰਵਾਸੀਆਂ ਦੇ ਯੋਗਦਾਨ ਨੂੰ ਵਧਾਉਣ ਲਈ ਹਨ। ਪਰ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਹੁਤ ਸਖ਼ਤ ਹਨ ਅਤੇ ਕੁਸ਼ਲ ਕਰਮਚਾਰੀਆਂ ਨੂੰ ਇਸ ਦੇਸ ਵਿੱਚ ਆਉਣ ਤੋਂ ਰੋਕਣਗੇ।

ਪਰਵਾਸੀਆਂ ਦੀ ਗਿਣਤੀ ਘਟਾਉਣ ਦਾ ਅੰਦਾਜ਼ਾ ਅਤੇ ਅੰਕੜੇ

ਹੋਮ ਆਫਿਸ ਦੇ ਅਨੁਮਾਨਾਂ ਅਨੁਸਾਰ, ਇਹ ਨਵੇਂ ਨਿਯਮ ਪ੍ਰਤੀ ਸਾਲ ਯੂਕੇ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ 1 ਲੱਖ ਤੱਕ ਘਟਾ ਦੇਣਗੇ। 2024 ਵਿੱਚ ਕੁੱਲ ਸਥਾਈ ਪਰਵਾਸ 431,000 ਰਿਹਾ, ਜੋ 2023 ਦੇ ਰਿਕਾਰਡ 906,000 ਤੋਂ ਲਗਭਗ 50 ਫ਼ੀਸਦੀ ਘੱਟ ਸੀ। ਹੋਮ ਆਫਿਸ ਮੰਤਰੀ ਮਾਈਕ ਟੈਪ ਨੇ ਸੰਸਦ ਵਿੱਚ ਕਿਹਾ ਕਿ ਹੋਰ ਵੀਜ਼ਾ ਰੂਟਾਂ ਅਤੇ ਪਰਿਵਾਰ ਨਿਰਭਰ ਵੀਜ਼ਿਆਂ ਲਈ ਵੀ ਅੰਗਰੇਜ਼ੀ ਲੋੜਾਂ ਵਧਾਈਆਂ ਜਾਣਗੀਆਂ।

ਪ੍ਰਧਾਨ ਮੰਤਰੀ ਨੇ ਵ੍ਹਾਈਟ ਪੇਪਰ ਨੂੰ 'ਨਿਯੰਤਰਿਤ, ਸਲੈਕਟਿਵ ਅਤੇ ਨਿਰਪੱਖ' ਇਮੀਗ੍ਰੇਸ਼ਨ ਸਿਸਟਮ ਦੱਸਿਆ ਹੈ। ਇਸ ਨਾਲ ਉੱਚ ਕੁਸ਼ਲ ਪਰਵਾਸੀਆਂ ਨੂੰ ਆਕਰਸ਼ਿਤ ਕੀਤਾ ਜਾਵੇਗਾ, ਜਦਕਿ ਘੱਟ ਹੁਨਰ ਵਾਲੇ ਨੂੰ ਰੋਕਿਆ ਜਾਵੇਗਾ। 2024 ਵਿੱਚ ਨੈੱਟ ਮਾਈਗ੍ਰੇਸ਼ਨ 728,000 ਤੱਕ ਪਹੁੰਚ ਗਿਆ ਸੀ, ਪਰ ਨਵੇਂ ਨਿਯਮਾਂ ਨਾਲ ਇਹ 10-15 ਫ਼ੀਸਦੀ ਘਟ ਸਕਦਾ ਹੈ।

ਇਹ ਬਦਲਾਅ ਯੂਕੇ ਅਰਥਵਿਵਸਥਾ ਲਈ ਚੁਣੌਤੀ ਹਨ। ਡਾਕਟਰ ਮੈਡੇਲੀਨ ਸੰਪਸ਼ਨ, ਆਕਸਫ਼ੋਰਡ ਯੂਨੀਵਰਸਿਟੀ ਦੀ ਮਾਈਗ੍ਰੇਸ਼ਨ ਆਬਜ਼ਰਵੇਟਰੀ ਡਾਇਰੈਕਟਰ ਨੇ ਕਿਹਾ, 'ਸਰਕਾਰ ਨੂੰ ਭਾਸ਼ਾ ਯਕੀਨੀ ਬਣਾਉਣ ਅਤੇ ਆਰਥਿਕ ਲਾਭ ਵਾਲੇ ਕਰਮਚਾਰੀਆਂ ਨੂੰ ਆਉਣ ਦੇ ਵਿਚਕਾਰ ਤਾਲਮੇਲ ਕਰਨਾ ਪਵੇਗਾ।' ਉਨ੍ਹਾਂ ਅਨੁਸਾਰ, ਗ੍ਰੈਜੂਏਟ ਨੌਕਰੀਆਂ ਵਿੱਚ ਪਹਿਲਾਂ ਹੀ ਏ-ਲੈਵਲ ਤੋਂ ਉੱਚੀ ਭਾਸ਼ਾ ਚਾਹੀਦੀ ਹੈ, ਪਰ ਮੱਧਮ ਹੁਨਰ ਵਾਲੀਆਂ ਨੌਕਰੀਆਂ ਵਿੱਚ ਮੁਸ਼ਕਲ ਵਧੇਗੀ।

ਇਮੀਗ੍ਰੇਸ਼ਨ ਵਕੀਲ ਅਫ਼ਸਾਨਾ ਅਖ਼ਤਰ ਨੇ ਕਿਹਾ, 'ਇਹ ਗਲਤ ਹੈ। ਯੂ.ਕੇ. ਵਿੱਚ ਬਹੁਤ ਸਾਰੇ ਬ੍ਰਿਟਿਸ਼ ਲੋਕ ਵੀ ਏ-ਲੈਵਲ ਨਹੀਂ ਪਾਸ ਕਰਦੇ। ਜੀ.ਸੀ.ਐੱਸ.ਈ. ਕਾਫ਼ੀ ਹੈ, ਆ ਕੇ ਰਹਿਣ ਨਾਲ ਭਾਸ਼ਾ ਆਪੇ ਬਿਹਤਰ ਹੋ ਜਾਵੇਗੀ।' ਇਸ ਨਾਲ ਕੁਸ਼ਲ ਕਰਮਚਾਰੀਆਂ ਦਾ ਯੋਗਦਾਨ ਘਟੇਗਾ। ਹੋਮ ਆਫਿਸ ਦੇ ਅੰਕੜਿਆਂ ਵਿੱਚ ਵਿਦੇਸ਼ੀ ਕਰਮਚਾਰੀ 20 ਫ਼ੀਸਦੀ ਐੱਨਐੱਚਐੱਸ ਅਤੇ 18 ਫ਼ੀਸਦੀ ਆਈ.ਟੀ. ਵਿੱਚ ਹਨ। ਇਹ ਘਟਾਉਣ ਨਾਲ ਸੇਵਾਵਾਂ ਪ੍ਰਭਾਵਿਤ ਹੋਣਗੀਆਂ।

ਨਵੇਂ ਨਿਯਮ ਨੌਕਰੀਆਂ ਨੂੰ ਵੱਡਾ ਝਟਕਾ ਦੇਣਗੇ, ਖ਼ਾਸ ਕਰਕੇ ਤਕਨੀਕੀ, ਮੈਨੂਅਲ ਅਤੇ ਮੱਧਮ ਹੁਨਰ ਵਾਲੇ ਖੇਤਰਾਂ ਵਿੱਚ। ਡਾਕਟਰ ਸੰਪਸ਼ਨ ਨੇ ਕਿਹਾ ਕਿ ਗ੍ਰੈਜੂਏਟ ਨੌਕਰੀਆਂ ਵਿੱਚ ਤਾਂ ਪਹਿਲਾਂ ਹੀ ਉੱਚੀ ਭਾਸ਼ਾ ਚਾਹੀਦੀ ਹੈ, ਪਰ ਨਰਸਿੰਗ, ਕੰਸਟਰਕਸ਼ਨ ਜਾਂ ਰੈਸਟੋਰੈਂਟ ਵਰਗੀਆਂ ਨੌਕਰੀਆਂ ਵਿੱਚ ਮਾਲਕ ਅਕਸਰ ਘੱਟ ਭਾਸ਼ਾ ਵਾਲੇ ਕਰਮਚਾਰੀ ਚਾਹੁੰਦੇ ਹਨ। ਇਸ ਨਾਲ ਭਰਤੀ ਵਿੱਚ ਮੁਸ਼ਕਲ ਵਧੇਗੀ ਅਤੇ ਖ਼ਰਚੇ ਵਧਣਗੇ।

ਵਕੀਲ ਅਫ਼ਸਾਨਾ ਅਖ਼ਤਰ ਨੇ ਕਿਹਾ, 'ਇਹ ਅਰਥਵਿਵਸਥਾ ਲਈ ਨੁਕਸਾਨੀ ਹੈ। ਕੁਸ਼ਲ ਪਰਵਾਸੀ ਯੂਕੇ ਨੂੰ ਟੈਕਸ ਦਿੰਦੇ ਹਨ ਅਤੇ ਨੌਕਰੀਆਂ ਪੈਦਾ ਕਰਦੇ ਹਨ। ਬੀ-2 ਲੈਵਲ ਬਹੁਤ ਉੱਚਾ ਹੈ।' ਉਨ੍ਹਾਂ ਅਨੁਸਾਰ, ਆ ਕੇ ਰਹਿਣ ਨਾਲ ਭਾਸ਼ਾ ਸੁਧਰ ਜਾਂਦੀ ਹੈ। ਬ੍ਰਿਟਿਸ਼ ਚੈਂਬਰ ਆਫ਼ ਕਾਮਰਸ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ ਕਿ ਇਸ ਨਾਲ 50,000 ਨੌਕਰੀਆਂ ਪ੍ਰਭਾਵਿਤ ਹੋਣਗੀਆਂ।

ਪਰ ਸਰਕਾਰ ਦਾ ਕਹਿਣਾ ਹੈ ਕਿ ਇਹ ਲਾਭਦਾਇਕ ਹੈ। ਗ੍ਰਹਿ ਸਕੱਤਰ ਨੇ ਕਿਹਾ ਕਿ ਭਾਸ਼ਾ ਜਾਣਣ ਵਾਲੇ ਪਰਵਾਸੀ ਜਲਦੀ ਘੁਲ-ਮਿਲ ਜਾਂਦੇ ਹਨ ਅਤੇ ਵੱਧ ਯੋਗਦਾਨ ਪਾਉਂਦੇ ਹਨ। ਇਸ ਨਾਲ ਸਮਾਜੀ ਏਕਤਾ ਵਧੇਗੀ। ਮਾਹਿਰਾਂ ਅਨੁਸਾਰ, ਤਕਨੀਕੀ ਖੇਤਰ ਵਿੱਚ ਘੱਟ ਪ੍ਰਭਾਵ ਪਵੇਗਾ ਕਿਉਂਕਿ ਉੱਥੇ ਉੱਚੀ ਭਾਸ਼ਾ ਪਹਿਲਾਂ ਹੀ ਚਾਹੀਦੀ ਹੈ, ਪਰ ਹੈਲਥਕੇਅਰ ਅਤੇ ਹੋਸਪਿਟੈਲਿਟੀ ਵਿੱਚ ਸਮੱਸਿਆ ਵਧੇਗੀ।

ਵ੍ਹਾਈਟ ਪੇਪਰ ਵਿੱਚ ਹੋਰ ਵੀ ਬਹੁਤ ਸਾਰੇ ਸਖ਼ਤ ਨਿਯਮ ਹਨ। ਵਿਦਿਆਰਥੀ ਵੀਜ਼ੇ ਲਈ ਗ੍ਰੈਜੂਏਟ ਨੌਕਰੀ ਲੱਭਣ ਦੀ ਮਿਆਦ 2 ਸਾਲ ਤੋਂ ਘਟਾ ਕੇ 18 ਮਹੀਨੇ ਕੀਤੀ ਗਈ ਹੈ, ਜੋ ਜਨਵਰੀ 2027 ਤੋਂ ਲਾਗੂ ਹੋਵੇਗੀ। ਵਿਦਿਆਰਥੀਆਂ ਨੂੰ ਵਿੱਤੀ ਲੋੜ ਵਧਾ ਕੇ ਲੰਡਨ ਤੋਂ ਬਾਹਰ 1,171 ਪਾਊਂਡ ਪ੍ਰਤੀ ਮਹੀਨੇ (9 ਮਹੀਨੇ ਲਈ) ਕੀਤੀ ਗਈ ਹੈ।

ਗਲੋਬਲ ਟੈਲੇਂਟ ਵੀਜ਼ਾ ਨੂੰ ਵਿਸਥਾਰ ਦਿੱਤਾ ਗਿਆ ਹੈ, ਜਿਸ ਵਿੱਚ ਤਕਨੀਕੀ, ਕਲਾ ਅਤੇ ਅਕਾਦਮਿਕ ਖੇਤਰਾਂ ਦੇ ਉੱਤਮ ਪ੍ਰਦਰਸ਼ਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਐੱਚ.ਪੀ.ਆਈ. ਵੀਜ਼ੇ ਦੀ ਗਿਣਤੀ 2,000 ਤੋਂ 4,000 ਕੀਤੀ ਗਈ ਹੈ, ਪਰ ਹਰ ਸਾਲ 8,000 ਅਰਜ਼ੀਆਂ ਦੀ ਕੈਪ ਹੈ।

ਇਮੀਗ੍ਰੇਸ਼ਨ ਸਕਿੱਲ ਚਾਰਜ (ਆਈ.ਐੱਸ.ਸੀ.) ਵਧਾ ਦਿੱਤਾ ਗਿਆ ਹੈ। ਛੋਟੀਆਂ ਕੰਪਨੀਆਂ ਲਈ 480 ਪਾਊਂਡ (ਪਹਿਲਾਂ 364) ਅਤੇ ਵੱਡੀਆਂ ਲਈ 1,320 ਪਾਊਂਡ (ਪਹਿਲਾਂ 1,000) ਪ੍ਰਤੀ ਵਿਅਕਤੀ ਪ੍ਰਤੀ ਸਾਲ। ਇਹ ਚਾਰਜ ਰੁਜ਼ਗਾਰਦਾਤਾ ਨੂੰ ਵਿਦੇਸ਼ੀ ਕਰਮਚਾਰੀ ਸਪਾਂਸਰ ਕਰਨ ਲਈ ਦੇਣੇ ਪੈਣਗੇ।

ਭਵਿੱਖ ਵਿੱਚ ਪਰਿਵਾਰ ਵੀਜ਼ੇ ਲਈ ਵੀ ਅੰਗਰੇਜ਼ੀ ਲੋੜ ਵਧੇਗੀ। ਸਰਕਾਰ ਦਾ ਟੀਚਾ ਹੈ ਕਿ ਇਮੀਗ੍ਰੇਸ਼ਨ ਨੂੰ ਲਾਭਦਾਇਕ ਬਣਾਇਆ ਜਾਵੇ। ਮਾਹਿਰਾਂ ਅਨੁਸਾਰ, ਇਹ ਬਦਲਾਅ ਯੂਕੇ ਨੂੰ ਉੱਚ ਕੁਸ਼ਲ ਲੋਕਾਂ ਲਈ ਆਕਰਸ਼ਕ ਬਣਾਉਣਗੇ, ਪਰ ਛੋਟੇ ਕਾਰੋਬਾਰਾਂ ਨੂੰ ਨੁਕਸਾਨ ਹੋਵੇਗਾ।

***

## ਗੁਰੂ ਤੇਗ਼ ਬਹਾਦਰ ਸਾਹਿਬ ਸਾਰੇ ਭਾਰਤੀ

ਕੁਰਬਾਨੀ ਦਾ ਪ੍ਰਸਾਦ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਪ੍ਰੋਗਰਾਮ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਲੋਕ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸਮਾਜਿਕ ਏਕਤਾ ਦਾ ਨਹੀਂ, ਸਗੋਂ ਭਾਰਤ ਦੀ ਸਾਂਝੀ ਆਧਿਆਤਮਕ ਸੰਸਕ੍ਰਿਤੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਇਸ ਅਨਮੋਲ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ।

ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮਹਾਰਾਸ਼ਟਰ ਸਰਕਾਰ ਅਤੇ ਖ਼ਾਸ ਤੌਰ 'ਤੇ ਮੁੱਖ ਮੰਤਰੀ ਫੜਨਵੀਸ ਵੱਲੋਂ ਗੁਰੂ ਸਾਹਿਬਾਨ ਪ੍ਰਤੀ ਪ੍ਰਗਟ ਕੀਤੀ ਸ਼ਰਧਾ ਤੇ ਉਨ੍ਹਾਂ ਦੀ ਸ਼ਹੀਦੀ ਨੂੰ ਸੂਬਾ ਪੱਧਰ 'ਤੇ ਯਾਦਗਾਰੀ ਢੰਗ ਨਾਲ ਮਨਾਉਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮਾਗਮ ਨਾ ਸਿਰਫ਼ ਸਿੱਖ ਭਾਈਚਾਰੇ ਲਈ ਮਾਣ ਦਾ ਵਿਸ਼ਾ ਹੈ, ਸਗੋਂ ਪੂਰੇ ਭਾਰਤ ਵਿੱਚ ਧਾਰਮਿਕ ਸਹਿਣਸ਼ੀਲਤਾ, ਆਦਰ ਤੇ ਕੌਮੀ ਚੇਤਨਾ ਦੇ ਪ੍ਰਤੀਕ ਵਜੋਂ ਪ੍ਰੇਰਨਾ ਦਿੰਦਾ ਹੈ।

ਸਮਾਗਮ ਦੌਰਾਨ ਇੱਕ ਵਰਕਸ਼ਾਪ ਦੀ ਸ਼ੁਰੂਆਤ ਵੀ ਕੀਤੀ ਗਈ। ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਬੰਧਿਤ ਵਿਸ਼ਿਆਂ 'ਤੇ ਆਧਾਰਤ ਵਿਸ਼ੇਸ਼ ਵੈੱਬਸਾਈਟ ਤੇ ਇਤਿਹਾਸਕ ਪ੍ਰਕਾਸ਼ਨਾ ਦਾ ਵੀ ਇਸ ਮੌਕੇ ਉਦਘਾਟਨ ਕੀਤਾ ਗਿਆ।

ਇਸ ਮੌਕੇ ਵਿਧਾਇਕ ਬਾਬੂ ਸਿੰਘ ਮਹਾਰਾਜ ਰਾਠੌੜ, ਮੰਤਰੀ ਗਿਰੀਸ਼ ਮਹਾਜਨ, ਘੱਟ ਗਿਣਤੀ ਵਿਭਾਗ ਦੇ ਸਕੱਤਰ ਰੁਚੇਸ਼ ਜੈਵੰਸ਼ੀ, ਗਾਇਕ ਸਤਿੰਦਰ ਸਰਤਾਜ, ਮਹੰਤ ਸੁਨੀਲ ਮਹਾਰਾਜ, ਸਵਾਮੀ ਹੀਰਾਨੰਦ, ਰਾਮੇਸ਼ਵਰ ਨਾਇਕ, ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਹੈਪੀ ਸਿੰਘ, ਤਾਲਮੇਲ ਕਮੇਟੀ ਮੁਖੀ ਜਸਪਾਲ ਸਿੰਘ ਸਿੱਧੂ ਅਤੇ ਚੇਅਰਮੈਨ, ਪੰਜਾਬੀ ਅਕੈਡਮੀ ਮਲਕੀਤ ਸਿੰਘ ਬੱਲ ਸਣੇ ਕਈ ਪਤਵੰਤੇ ਹਾਜ਼ਰ ਸਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ
ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਸਰ੍ਹੋਂ ਦਾ ਸਾਗ...

ਜਿਸ ਦਿਨ ਘਰ ਵਿੱਚ ਸਾਗ ਬਣਦਾ ਸੀ ਉਸ ਦਿਨ ਵਿਸ਼ੇਸ਼ ਤੌਰ 'ਤੇ ਮੱਕੀ ਦੀਆਂ ਰੋਟੀਆਂ ਪਕਾਈਆਂ ਜਾਂਦੀਆਂ ਸਨ। ਕਦੇ ਕਦੇ ਕਣਕ ਤੇ ਬਾਜਰੇ ਦੀਆਂ ਵੀ ਰੋਟੀਆਂ ਪੱਕਦੀਆਂ ਸਨ, ਪਰ ਜਿਹੜਾ ਮੇਲ ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਦਾ ਬਣਦਾ ਹੈ, ਉਹ ਹੋਰ ਕਿਸੇ ਰੋਟੀ ਦਾ ਨਹੀਂ। ਪੰਜਾਬੀ ਸੱਭਿਆਚਾਰ ਨਾਲ ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਦਾ ਪੱਕਾ ਸਬੰਧ ਹੈ। ਸਾਗ ਨੂੰ ਬਣਨ ਤੋਂ ਬਾਅਦ ਉਸ ਨੂੰ ਕੁਝ ਚਿਰ ਲਈ ਚੁੱਲ੍ਹੇ ਉੱਤੇ ਹੀ ਤਿਆਰ ਹੋਣ ਦਿੱਤਾ ਜਾਂਦਾ। ਜਦ ਖਾਣਾ ਹੁੰਦਾ ਤਾਂ ਰਸੋਈ ਵਿੱਚੋਂ ਮੱਖਣ ਦਾ ਭਰਿਆ ਕੌਲਾ (ਛੰਨਾ) ਕੱਢ ਕੇ ਵਿੱਚ ਮੱਖਣ ਪਾ ਕੇ ਮੱਕੀ ਦੀਆਂ ਰੋਟੀਆਂ ਨਾਲ ਖਾਧਾ ਜਾਂਦਾ। ਉਸ ਸਮੇਂ ਹਰੇਕ ਘਰ ਦੁੱਧ, ਘਿਓ, ਮੱਖਣ, ਦਹੀਂ, ਲੱਸੀ ਵਾਧੂ ਹੁੰਦੇ ਸਨ। ਬਹੁਤੇ ਲੋਕ ਤਾਂ ਦੇਸੀ ਘਿਓ ਪਾ ਕੇ ਹੀ ਸਾਗ ਖਾਂਦੇ ਤੇ ਕਈ ਮੱਖਣ ਪਾ ਕੇ। ਪਿੰਡਾਂ ਦਾ ਇੱਕ ਰਿਵਾਜ ਸੀ ਕਿ ਜਿਸ ਘਰ ਵੀ ਪ੍ਰਾਹੁਣੇ ਆਉਂਦੇ ਸਨ, ਹੋਰ ਭਾਵੇਂ ਕਈ ਸਬਜ਼ੀਆਂ ਬਣੀਆਂ ਹੋਣ, ਪਰ ਪ੍ਰਾਹੁਣਿਆਂ ਵਾਸਤੇ ਸਪੈਸ਼ਲ ਸਾਗ ਵੀ ਬਣਾਇਆ ਜਾਂਦਾ। ਮੱਕੀ ਦੀਆਂ ਰੋਟੀਆਂ ਵੀ ਪਕਾਈਆਂ ਜਾਂਦੀਆਂ ਤੇ ਬੜੇ ਪਿਆਰ ਨਾਲ ਘਿਓ, ਮੱਖਣ ਪਾ ਕੇ ਸਾਗ ਖਾਧਾ ਜਾਂਦਾ ਸੀ।

ਅੱਜ ਭਾਵੇਂ ਵੱਡੇ ਵੱਡੇ ਹੋਟਲਾਂ, ਢਾਬਿਆਂ ਅਤੇ ਖ਼ਾਸ ਕਰ ਵਿਆਹਾਂ ਵਿੱਚ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਮਿਲ ਜਾਂਦੀ ਹੈ, ਪਰ ਉਸ ਵਿੱਚ ਬੇਬੇ ਦਾ ਪਿਆਰ, ਰਿਸ਼ਤਿਆਂ ਦਾ ਨਿੱਘ, ਪਿਆਰ ਦੀ ਮਹਿਕ ਨਹੀਂ ਆਉਂਦੀ। ਉਸ ਸਾਗ ਵਰਗਾ ਸੁਆਦ ਹੋਟਲਾਂ, ਢਾਬਿਆਂ 'ਤੇ ਕਦੇ ਨਹੀਂ ਮਿਲ ਸਕਦਾ। ਉਸ ਸਮੇਂ ਭਾਵੇਂ ਘਰਾਂ ਵਿੱਚ ਬਿਜਲੀ ਤੇ ਫ਼ਰਿੱਜ ਨਹੀਂ ਸਨ, ਪਰ ਰਸੋਈ ਵਿੱਚ ਬਣੀ ਜਾਲੀ ਵਾਲੀ ਅਲਮਾਰੀ ਵਿੱਚ ਪਿਆ ਸਾਗ ਦੋ-ਤਿੰਨ ਦਿਨ ਤੱਕ ਖਾਧਾ ਜਾਂਦਾ ਸੀ ਤੇ ਉਸ ਦਾ ਸੁਆਦ ਵੀ ਨਹੀਂ ਸੀ ਬਦਲਦਾ। ਅੱਜਕੱਲ੍ਹ ਤਾਂ ਫ਼ਰਿੱਜ ਵਿੱਚ ਚੀਜ਼ਾਂ ਰੱਖ ਕੇ ਚੀਜ਼ਾਂ ਦਾ ਅਸਲੀ ਰੂਪ ਹੀ ਬਦਲ ਦਿੱਤਾ ਜਾਂਦਾ ਹੈ ਅਤੇ ਸੁਆਦ ਵੀ ਹੋਰ ਦਾ ਹੋਰ ਹੋ ਜਾਂਦਾ ਹੈ।

ਸੋ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਸਾਡੇ ਪੰਜਾਬੀ ਸੱਭਿਆਚਾਰ ਨਾਲ ਜੁੜੀ ਸੀ ਅਤੇ ਹਮੇਸ਼ਾ ਜੁੜੀ ਰਹੇਗੀ। ਇਸ ਦੀ ਥਾਂ ਕੋਈ ਹੋਰ ਭੋਜਨ ਨਹੀਂ ਲੈ ਸਕਦਾ।

***

## ਕੈਨੇਡਾ ਦੇ ਇਤਿਹਾਸ 'ਚ ਨਸਲਵਾਦ...

ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫ਼ੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿੱਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ।

21 ਅਕਤੂਬਰ 1914 ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ। ਅੱਜ ਲੋੜ ਅਜਿਹੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫ਼ਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਕਰਕੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖ਼ਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ। ਅਜਿਹੇ ਕਦਮ ਨਸਲਵਾਦ ਦੇ ਮੁਕੰਮਲ ਖ਼ਾਤਮੇ ਵਿੱਚ ਸਹਾਈ ਸਾਬਤ ਹੋਣਗੇ।

***

## ਆਲਮ ਲੁਹਾਰ...

ਇਹ ਗੀਤ ਉਸ ਜ਼ਮਾਨੇ ਵਿੱਚ ਬੇਹੱਦ ਮਕਬੂਲ ਹੋਇਆ ਸੀ। ਇਸ ਗੀਤ ਤੋਂ ਬਾਅਦ ਆਲਮ ਲੁਹਾਰ ਨੇ ਹੋਰ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਲਈ ਵੀ ਗੀਤ ਗਾਏ ਜਿਨ੍ਹਾਂ ਵਿੱਚ ਫ਼ਿਲਮਾਂ ਆਜ਼ਾਦੀ ਜਾਂ ਮੌਤ, ਬਾਈਕਾਟ, ਹਥਿਆਰ, ਖ਼ਾਨਾ ਜੰਗੀ ਅਤੇ ਖ਼ਾਨ-ਏ-ਆਜ਼ਮ ਜ਼ਿਕਰਯੋਗ ਹਨ। ਆਲਮ ਲੁਹਾਰ ਦੀ ਗਾਇਕੀ ਨੂੰ ਸਭ ਤੋਂ ਵੱਧ ਮਕਬੂਲੀਅਤ ਜਿਸ ਲੋਕ ਗੀਤ ਨੂੰ ਗਾਉਣ ਨਾਲ ਹਾਸਿਲ ਹੋਈ ਉਹ ਸੀ ਜੁਗਨੀ। ਆਲਮ ਲੁਹਾਰ ਦੀ ਜੁਗਨੀ ਜਗਤ ਪ੍ਰਸਿੱਧ ਹੈ, ਇਨ੍ਹਾਂ ਨੇ ਉਸ ਜ਼ਮਾਨੇ ਵਿੱਚ ਜੁਗਨੀ ਨੂੰ ਇਕ ਨਵੀ ਪਹਿਚਾਣ ਦਿੱਤੀ ਤੇ ਜੁਗਨੀ ਨੂੰ ਆਪਣੇ ਖ਼ਾਸ ਅੰਦਾਜ਼ ਵਿੱਚ ਗਾ ਕੇ ਅਮਰ ਕਰ ਦਿੱਤਾ। ਇਨ੍ਹਾਂ ਵੱਲੋਂ ਗਾਈ ਜੁਗਨੀ ਜਿਨ੍ਹਾਂ ਵਿੱਚ ਪੀਰ ਮੇਰਿਆ ਜੁਗਨੀ, ਇੰਗਲੈਂਡ ਦੀ ਜੁਗਨੀ, ਇਹ ਜੁਗਨੀ ਪਾਕਿਸਤਾਨੀ ਏ, ਜੁਗਨੀ ਆਪਣਾ ਦੇਸ਼ ਭੁਲਾਇਆ ਬੇਹੱਦ ਮਕਬੂਲ ਸਨ। ਫਕੀਰੀ ਰੰਗ ਵਿੱਚ ਰੰਗਿਆ ਆਲਮ ਲੁਹਾਰ ਆਪਣੇ ਫ਼ਨ ਨਾਲ ਇਸ਼ਕ ਕਰਦਾ ਸੀ। ਗਾਇਕੀ ਉਸ ਲਈ ਇਬਾਦਤ ਸੀ। ਇਕ ਵਾਰ ਜਦੋਂ ਇਕ ਸੜਕ ਹਾਦਸੇ ਵਿੱਚ ਇਨ੍ਹਾਂ ਦੀ ਲੱਤ ਦੀ ਹੱਡੀ ਟੁੱਟ ਗਈ ਤਾਂ ਹਸਪਤਾਲ ਦੇ ਸਟਾਫ ਅਤੇ ਆਪਣੇ ਚਾਹੁਣ ਵਾਲਿਆ ਦੀ ਬੇਰੁਖੀ ਨੇ ਆਲਮ ਦੇ ਕੋਮਲ ਦਿਲ 'ਤੇ ਡੂੰਘੀ ਸੱਟ ਮਾਰੀ ਤੇ ਉਸ ਦੇ ਅੰਦਰੋਂ ਇਸ ਬੇਰੁਖੀ ਦੇ ਖ਼ਿਲਾਫ਼ ਇਕ ਰੋਸਾ ਜ਼ਾਹਰ ਕਰਦਾ ਗੀਤ ਫੁੱਟਿਆ ਜੋ ਉਨ੍ਹਾਂ ਬਾਅਦ ਵਿੱਚ ਰਿਕਾਰਡ ਵੀ ਕਰਵਾਇਆ। ਇਹ ਗੀਤ ਮਗਰੋਂ ਬੇਹੱਦ ਮਕਬੂਲ ਹੋਇਆ ਸੀ। ਗੀਤ ਦੇ ਬੋਲ ਸਨ ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ। ਪਹਿਲੇ ਐਕਸੀਡੈਂਟ ਵਿੱਚ ਤਾਂ ਆਲਮ ਲੁਹਾਰ ਨੂੰ ਸੱਟਾਂ ਹੀ ਲੱਗੀਆਂ ਸਨ ਜੋ ਸਮਾਂ ਪਾ ਕੇ ਠੀਕ ਵੀ ਹੋ ਗਈਆਂ ਪਰ ਕਿਸੇ ਨੇ ਇਹ ਸੋਚਿਆ ਵੀ ਨਹੀਂ ਸੀ ਕਿ ਆਲਮ ਲੁਹਾਰ ਇੱਕ ਵਾਰ ਫਿਰ ਐਕਸੀਡੈਂਟ ਦਾ ਸ਼ਿਕਾਰ ਹੋ ਜਾਣਗੇ। ਮਿਤੀ 3 ਜੁਲਾਈ 1979 ਈ: ਨੂੰ ਇਕ ਪ੍ਰੋਗਰਾਮ ਕਰਕੇ ਘਰ ਵਾਪਸੀ ਦੌਰਾਨ ਪਿੰਡ ਸ਼ਾਮ ਕੀ ਭੱਟੀਆਂ ਦੇ ਨਜ਼ਦੀਕ ਆਲਮ ਜੀ ਦੀ ਕਾਰ ਦਾ ਜ਼ਬਰਦਸਤ ਐਕਸੀਡੈਂਟ ਹੋਇਆ ਜੋ ਉਨ੍ਹਾਂ ਲਈ ਜਾਨਲੇਵਾ ਸਾਬਿਤ ਹੋਇਆ ਤੇ ਆਲਮ ਲੁਹਾਰ ਆਪਣੇ ਕਰੋੜਾਂ ਚਾਹੁਣ ਵਾਲਿਆਂ ਨੂੰ ਛੱਡ ਕੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਨੂੰ ਲਾਲਾ ਮੂਸਾ ਜ਼ਿਲ੍ਹਾ ਗੁਜਰਾਤ ਲਹਿੰਦਾ ਪੰਜਾਬ ਵਿਖੇ ਸਪੁਰਦੇ ਖ਼ਾਕ ਕੀਤਾ ਗਿਆ।

ਆਲਮ ਲੁਹਾਰ ਇਕ ਮਹਾਨ ਗਾਇਕ ਸਨ ਜਿਨ੍ਹਾਂ 'ਤੇ ਪੰਜਾਬੀ ਅੱਜ ਵੀ ਫ਼ਖ਼ਰ ਕਰਦੇ ਹਨ। ਅੱਜ ਵੀ ਯੂਥ ਫ਼ੈਸਟੀਵਲਾਂ ਵਿੱਚ ਆਲਮ ਲੁਹਾਰ ਦੇ ਗਾਏ ਲੋਕ ਗੀਤ ਨੌਜਵਾਨਾਂ ਵੱਲੋਂ ਗਾਏ ਜਾਂਦੇ ਹਨ। ਆਲਮ ਦੇ ਜਾਣ ਤੋਂ ਬਾਅਦ ਇਨ੍ਹਾਂ ਦੀ ਗਾਇਕੀ ਦੀ ਵਿਰਾਸਤ ਨੂੰ ਇਨ੍ਹਾਂ ਦੇ 8 ਪੁੱਤਰਾਂ ਵਿਚੋਂ ਸਭ ਤੋਂ ਛੋਟਾ ਤੇ ਲਾਡਲਾ ਪੁੱਤਰ ਆਰਿਫ਼ ਲੁਹਾਰ ਅੱਗੇ ਵਧਾ ਰਿਹਾ ਹੈ ਜੋ ਬਿਲਕੁਲ ਆਪਣੇ ਬਾਪ ਦੇ ਅੰਦਾਜ਼ ਵਿੱਚ ਹੀ ਗਾਉਂਦਾ ਹੈ ਅਤੇ ਹੁਣ ਅੱਗੋਂ ਆਲਮ ਲੁਹਾਰ ਦੇ ਪੋਤਰੇ, ਆਰਿਫ਼ ਲੁਹਾਰ ਦੇ ਤਿੰਨੇ ਪੁੱਤਰ ਵੀ ਲੋਕ ਗਾਇਕੀ ਦੀ ਇਸ ਵਿਰਾਸਤ ਨੂੰ ਅੱਗੇ ਲੈ ਜਾਣ ਲਈ ਤਿਆਰ ਹੋ ਰਹੇ ਹਨ। ਲੋਕ ਇਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਵੀ ਅੰਤਾਂ ਦਾ ਮੋਹ ਕਰਦੇ ਹਨ।

***

## ਨਹੀਂ ਰਹੇ 'ਅੰਗਰੇਜ਼ੋਂ ਕੇ ਜ਼ਮਾਨੇ ਦੇ ਜੇਲ੍ਹਰ'...

ਬਾਲੀਵੁੱਡ 'ਚ ਰਿਜੈਕਟ ਹੋਣ ਤੋਂ ਬਾਅਦ ਅਸਰਾਨੀ ਨੇ ਦੱਖਣ ਵੱਲ ਜਾਣ ਦਾ ਫ਼ੈਸਲਾ ਕੀਤਾ। ਇੱਥੇ ਉਸ ਦੇ ਹੁਨਰ ਦੀ ਤਾਰੀਫ਼ ਹੋਈ ਅਤੇ ਉਸ ਨੇ ਦੱਖਣ ਦੇ ਵੱਡੇ-ਵੱਡੇ ਐਕਟਰਸ ਅਤੇ ਡਰੈਕਟਰਸ ਨਾਲ ਕੰਮ ਕੀਤਾ। ਇਸ ਤੋਂ ਬਾਅਦ ਉਹ ਹਿੰਦੀ ਫ਼ਿਲਮ ਇੰਡਸਟਰੀ 'ਚ ਵੀ ਉਹ ਮਸ਼ਹੂਰ ਹੋਏ।

ਉਸ ਦਾ ਕੰਮ ਦੇਖ ਕੇ ਉਹ ਬੀ ਆਰ ਚੋਪੜਾ ਦੀ ਨਜ਼ਰਾਂ 'ਚ ਆਏ ਹਾਲਾਂਕਿ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਕਿ ਇਸ ਰੋਲ ਲਈ ਉਹ ਸਹੀ ਨਹੀਂ ਹਨ ਪਰ ਉਨ੍ਹਾਂ ਕਿਹਾ ਕਿ ਮੈਨੂੰ ਕਰਨ ਦੇਓ ਜਿਸ ਤੋਂ ਬਾਅਦ ਫ਼ਿਲਮ ਹਿੱਟ ਰਹੀ।

ਅਸਰਾਨੀ ਨੇ ਲਗਭਗ 5 ਦਹਾਕਿਆਂ ਤੱਕ ਬਾਲੀਵੁੱਡ ਵਿੱਚ ਕੰਮ ਕੀਤਾ। ਉਹ ਹਮ ਨਹੀਂ ਸੁਧਰੇਂਗੇ, ਦਿਲ ਹੀ ਤੋ ਹੈ ਅਤੇ ਉਡਾਨ ਸਮੇਤ ਕਈ ਫ਼ਿਲਮਾਂ ਦੇ ਡਾਇਰੈਕਟਰ ਵੀ ਰਹੇ। ਅਸਰਾਨੀ ਨੂੰ ਅਮਿਤਾਭ ਬੱਚਨ ਅਤੇ ਧਰਮਿੰਦਰ ਦੀ ਸੁਪਰਹਿੱਟ ਫ਼ਿਲਮ 'ਸ਼ੋਅਲੇ' 'ਚ ਦੇਖਿਆ ਗਿਆ ਸੀ ਅਤੇ ਇਸ ਫ਼ਿਲਮ 'ਚ ਜੇਲਰ ਦੀ ਭੂਮਿਕਾ ਯਾਦਗਾਰ ਬਣ ਗਈ ਸੀ।

***

## ਨਿਊਯਾਰਕ 'ਚ ਗੁਰੂ ਤੇ.ਗ ਬਹਾਦਰ ਜੀ ਦੇ ਨਾਂਅ 'ਤੇ...

ਪਹਿਲਾਂ ਤਾਂ ਇਹ ਸਿੱਖ ਭਾਈਚਾਰੇ ਲਈ ਇੱਕ ਵੱਡਾ ਮਾਣ ਹੈ। ਨਿਊਯਾਰਕ ਵਰਗੇ ਵਿਸ਼ਵ ਦੇ ਸਭ ਤੋਂ ਵੱਡੇ ਸ਼ਹਿਰ ਵਿੱਚ ਗੁਰੂ ਜੀ ਦਾ ਨਾਂਅ ਲਿਖੇ ਹੋਣ ਨਾਲ ਸਿੱਖ ਬੱਚੇ ਅਤੇ ਨੌਜਵਾਨ ਆਪਣੀ ਵਿਰਾਸਤ 'ਤੇ ਫਖਰ ਮਹਿਸੂਸ ਕਰਨਗੇ। ਇਹ ਉਹਨਾਂ ਨੂੰ ਆਪਣੇ ਧਰਮ ਅਤੇ ਇਤਿਹਾਸ ਨਾਲ ਜੋੜੇਗਾ। ਦੂਜਾ, ਇਹ ਨਾਂਅ ਬਦਲਾਅ ਨਿਊਯਾਰਕ ਦੀ ਬਹੁਸਾਂਸਕ੍ਰਿਤਕ ਪਛਾਣ ਨੂੰ ਹੋਰ ਮਜ਼ਬੂਤ ਕਰੇਗਾ। ਰਿਚਮੰਡ ਹਿੱਲ ਨੂੰ 'ਲਿਟਲ ਪੰਜਾਬ' ਕਿਉਂ ਕਿਹਾ ਜਾਂਦਾ ਹੈ ? ਕਿਉਂਕਿ ਇੱਥੇ ਹਜ਼ਾਰਾਂ ਪੰਜਾਬੀ ਰਹਿੰਦੇ ਹਨ ਅਤੇ ਉਹਨਾਂ ਨੇ ਆਪਣੇ ਲੰਗਰ, ਸੰਗੀਤ, ਗੁਰਮਤਿ ਮੁਹਿੰਮ ਅਤੇ ਵਪਾਰ ਨਾਲ ਇਲਾਕੇ ਨੂੰ ਚਮਕਾਇਆ ਹੈ। ਇਸ ਨਾਲ ਹੋਰ ਭਾਈਚਾਰੇ ਵੀ ਸਿੱਖ ਇਤਿਹਾਸ ਬਾਰੇ ਜਾਣਨਗੇ ਅਤੇ ਆਪਸੀ ਸਮਝ ਬਣੇਗੀ।

ਤੀਜਾ ਫਾਇਦਾ ਟੂਰਿਜ਼ਮ ਅਤੇ ਆਰਥਿਕ ਹੈ। ਹੁਣ ਵਿਦੇਸ਼ੀ ਟੂਰਿਸਟ ਇਸ ਸੜਕ 'ਤੇ ਆਉਣਗੇ, ਗੁਰਦੁਆਰੇ ਵਿਖੇ ਰਹਿਣਗੇ ਅਤੇ ਲੋਕਲ ਵਪਾਰ ਵਧੇਗਾ। ਪੰਜਾਬੀ ਰੈਸਟੋਰੈਂਟਾਂ, ਦੁਕਾਨਾਂ ਅਤੇ ਹੋਟਲਾਂ ਨੂੰ ਫਾਇਦਾ ਹੋਵੇਗਾ। ਚੌਥਾ, ਇਹ ਧਾਰਮਿਕ ਆਜ਼ਾਦੀ ਦੇ ਸੰਦੇਸ਼ ਨੂੰ ਵਿਸ਼ਵ ਤੱਕ ਪਹੁੰਚਾਏਗਾ। ਅੱਜ ਦੇ ਜ਼ਮਾਨੇ ਵਿੱਚ ਜਦੋਂ ਘੱਟ ਗਿਣਤੀਆਂ ਨਾਲ ਜ਼ੁਲਮ ਹੁੰਦੇ ਹਨ, ਤਾਂ ਇਹ ਨਾਂਅ ਬਦਲਾਅ ਇੱਕ ਮਿਸਾਲ ਬਣੇਗਾ। ਅਮਰੀਕਾ ਵਿੱਚ ਸਿੱਖਾਂ ਨੂੰ ਕਈ ਵਾਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਇਹ ਘਟਨਾ ਉਹਨਾਂ ਨੂੰ ਹੌਂਸਲਾ ਦੇਵੇਗੀ।

ਪੰਜਵਾਂ ਫਾਇਦਾ ਸਿੱਖਿਆ ਨਾਲ ਜੁੜਿਆ ਹੈ। ਸਕੂਲਾਂ ਵਿੱਚ ਬੱਚੇ ਇਸ ਬਾਰੇ ਪੜ੍ਹਨਗੇ ਅਤੇ ਗੁਰੂ ਜੀ ਦੀ ਸ਼ਹਾਦਤ ਬਾਰੇ ਜਾਣਨਗੇ। ਇਹ ਮੀਡੀਆ ਕਵਰੇਜ ਨਾਲ ਵਿਸ਼ਵਵਿਆਪੀ ਚਰਚਾ ਬਣਾਏਗਾ ਅਤੇ ਸਿੱਖ ਧਰਮ ਨੂੰ ਪ੍ਰਮੋਟ ਕਰੇਗਾ। ਅੱਜ ਜਦੋਂ ਦੁਨੀਆਂ ਵਿੱਚ ਧਾਰਮਿਕ ਤਣਾਅ ਵਧ ਰਹੇ ਹਨ, ਤਾਂ ਇਹ ਨਾਂ ਬਦਲਾਅ ਇੱਕ ਰੌਸ਼ਨੀ ਵਾਂਗੂ ਹੈ ਜੋ ਸਾਰਿਆਂ ਨੂੰ ਰਾਹ ਵਿਖਾਏਗਾ।

***

## ਸੀ.ਬੀ.ਆਈ. ਦੇ ਸ਼ਿਕੰਜੇ 'ਚ ਕਿਵੇਂ ਆਇਆ ਨਸ਼ਾ ਵਿਰੋਧੀ...

ਬੁੜੈਲ ਜੇਲ੍ਹ ਵਿੱਚ ਭੁੱਲਰ ਨੂੰ ਬੈਰਕ ਵਿੱਚ ਰੱਖਿਆ ਗਿਆ ਸੀ। ਭੁੱਲਰ ਨਾਲ ਨਾਲ ਗੁੜੀਆ ਕਤਲ ਕੇਸ ਦੇ ਸਜ਼ਾਯਾਫ਼ਤਾ ਆਈ.ਪੀ.ਐੱਸ. ਜਹੂਰ ਜੈਦੀ ਅਤੇ ਜਵਾਈ ਕਤਲ ਵਾਲੇ ਆਈ.ਪੀ.ਐੱਸ. ਮਾਲਵਿੰਦਰ ਸਿੰਘ ਸਿੱਧੂ ਬੰਦ ਸਨ। ਉਹਨਾਂ ਦੇ ਸਾਥੀਆਂ ਨੇ ਜ਼ਮੀਨ 'ਤੇ ਗੱਦਾ ਅਤੇ ਸਿਰਹਾਣਾ ਦਿੱਤਾ, ਪਰ ਭੁੱਲਰ ਬੇਚੈਨ ਰਿਹਾ, ਨੀਂਦ ਨਾ ਆਈ। ਵਿਚੋਲੇ ਕਿਰਸ਼ਨੂੰ ਵੱਖਰੇ ਬੈਰਕ ਵਿੱਚ ਰਖਿਆ ਗਿਆ।

### ਪੰਜਾਬ ਪੁਲਿਸ ਵਿੱਚ ਭ੍ਰਿਸ਼ਟਾਚਾਰ: ਪੁਰਾਣੇ ਅਤੇ ਨਵੇਂ ਅੰਕੜੇ

ਪੰਜਾਬ ਪੁਲਿਸ ਵਿੱਚ ਰਿਸ਼ਵਤ ਆਮ ਹੈ। 2002 ਦੌਰਾਨ 12 ਅਫਸਰ (ਰਿਸ਼ਵਤ ਅਤੇ ਜਾਇਦਾਦ ਮਾਮਲੇ) ਫੜੇ ਗਏ।

2003 ਦੌਰਾਨ 15 ਅਫਸਰਾਂ ਉਪਰ ਚੋਰੀ ਅਤੇ ਨਸ਼ਾ ਕੇਸਾਂ ਵਿੱਚ ਰਿਸ਼ਵਤ ਲੈਕੇ ਸਮਝੌਤੇ ਕਰਵਾਉਣ ਦਾ ਦੋਸ਼ ਹੈ।

2004 ਦੌਰਾਨ 18 ਅਫਸਰ ਪ੍ਰਾਪਰਟੀ ਅਤੇ ਰਿਸ਼ਵਤ ਦੇ ਕੇਸ ਵਿੱਚ ਫੜੇ ਗਏ।

ਖਾੜਕੂਵਾਦ ਦੇ ਦਿਨਾਂ (1980-90) ਵਿੱਚ ਪੁਲਿਸ ਨੇ ਭਿਸ਼ਟਾਚਾਰ ਕੀਤਾ। ਖਾੜਕੂਵਾਦ ਦੇ ਨਾਮ ਉਪਰ ਨਿਰਦੋਸ਼ਾਂ ਨੂੰ ਫੜ ਕੇ ਰਿਸ਼ਵਤ ਵਸੂਲੀ। ਇਹਨਾਂ ਨੇ ਨਿਆਂਦਾ ਘਾਣ ਕੀਤਾ ਅਤੇ ਲੋਕਾਂ ਦਾ ਭਰੋਸਾ ਖਤਮ ਕੀਤਾ।

### ਵਿਰੋਧੀ ਧਿਰਾਂ ਨੇ ਆਪ ਸਰਕਾਰ ਨੂੰ ਕਿਉਂ ਘੇਰਿਆ ?

ਆਪ ਨੇ 2022 ਚੋਣਾਂ ਵਿੱਚ 'ਇਮਾਨਦਾਰੀ' ਦਾ ਨਾਅਰਾ ਦਿੱਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਭ੍ਰਿਸ਼ਟਾਚਾਰ ਖਤਮ ਕੀਤਾ ਜਾਵੇਗਾ। ਆਪ ਸਰਕਾਰ ਨੇ ਐਂਟੀ-ਕਰਪਸ਼ਨ ਹੈਲਪਲਾਈਨ ਚਲਾਈ ਸੀ, 1000+ ਸ਼ਿਕਾਇਤਾਂ ਮਿਲੀਆਂ ਪਰ ਨਤੀਜੇ ਨਾ ਨਿਕਲੇ। ਵਿਜਲੈਂਸ ਨੇ 129 ਮਾਮਲਿਆਂ ਵਿੱਚ 172 ਫੜੇ, ਪਰ ਵੱਡੇ ਅਫਸਰ ਘੱਟ ਫੜੇ। ਭੁੱਲਰ ਕੇਸ ਨੇ ਆਪ ਨੂੰ ਬੇਪਰਦ ਕਰ ਦਿੱਤਾ ਹੈ। ਅਕਾਲੀਆਂ, ਕਾਂਗਰਸ ਨੇ ਕਿਹਾ ਕਿ ਭ੍ਰਿਸ਼ਟਾਚਾਰ ਲਈ ਹਾਈਕੋਰਟ ਜੱਜਾਂ ਦੀ ਕਮੇਟੀ ਬਣਾਓ ਪਰ ਮੁੱਖ ਮੰਤਰੀ ਮਾਨ ਅਤੇ ਗ੍ਰਹਿ ਮੰਤਰੀ ਚੁੱਪ ਹਨ।

***

## ਡੀ.ਆਈ.ਜੀ. ਭੁੱਲਰ ਦੀ ਗ੍ਰਿਫ਼ਤਾਰੀ ਨੂੰ ਲੈ...

ਉਨ੍ਹਾਂ ਨੇ ਵਿਜੀਲੈਂਸ ਬਿਊਰੋ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਹ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਬਜਾਏ 'ਆਪ' ਦੇ ਵਿਰੋਧੀਆਂ ਨੂੰ ਪਰੇਸ਼ਾਨ ਕਰਨ ਦਾ ਸਾਧਨ ਬਣ ਗਿਆ ਹੈ। ਖਹਿਰਾ ਨੇ ਮੰਗ ਕੀਤੀ ਕਿ 'ਆਪ' ਸਰਕਾਰ ਪੰਜਾਬ ਦੇ ਲੋਕਾਂ ਸਾਹਮਣੇ ਸਪੱਸ਼ਟੀਕਰਨ ਦੇਵੇ ਅਤੇ ਇਸ ਘੁਟਾਲੇ ਦੀ ਸੁਤੰਤਰ ਨਿਆਂਇਕ ਜਾਂਚ ਸ਼ੁਰੂ ਕਰੇ, ਤਾਂ ਜੋ ਭ੍ਰਿਸ਼ਟਾਚਾਰ ਦੇ ਪੈਮਾਨੇ ਅਤੇ ਇਸ ਦੇ ਫੈਲਾਅ ਦਾ ਪਤਾ ਲਗਾਇਆ ਜਾ ਸਕੇ।

ਉਨ੍ਹਾਂ ਨੇ 'ਆਪ' ਦੇ ਸ਼ਾਸਨ ਨੂੰ ਧੋਖੇ, ਪਖੰਡ ਅਤੇ ਖੋਖਲੇ ਵਾਅਦਿਆਂ 'ਤੇ ਆਧਾਰਿਤ ਦੱਸਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪਾਰਦਰਸ਼ਤਾ ਅਤੇ ਇਮਾਨਦਾਰੀ ਦੀ ਬਜਾਏ ਭ੍ਰਿਸ਼ਟ ਸਿਸਟਮ ਸੌਂਪਿਆ ਗਿਆ। ਖਹਿਰਾ ਨੇ ਕਿਹਾ ਕਿ ਇਸ ਘਟਨਾ ਨੇ 'ਆਪ' ਦੇ ਸ਼ਾਸਨ ਦੇ ਅਸਲੀ ਚਿਹਰੇ ਨੂੰ ਬੇਨਕਾਬ ਕਰ ਦਿੱਤਾ, ਜੋ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਿਹਾ ਹੈ।

***

## ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਲਖਵਿੰਦਰ ਸਿੰਘ...

ਇਹ ਅਪਰਾਧ 2022 ਤੋਂ ਪਹਿਲਾਂ ਵਾਪਰੇ ਸਨ, ਜਦੋਂ ਉਹ ਭਾਰਤ ਵਿੱਚ ਸੀ। ਅਮਰੀਕਾ ਜਾ ਕੇ ਵੀ ਉਹ ਫੋਨ ਅਤੇ ਆਨਲਾਈਨ ਰਾਹੀਂ ਇਹਨਾਂ ਗਤੀਵਿਧੀਆਂ ਨੂੰ ਕੰਟਰੋਲ ਕਰਦਾ ਰਿਹਾ।

ਹਰਿਆਣਾ ਪੁਲਿਸ ਨੇ ਇਸ ਨੂੰ ਸੰਗਠਿਤ ਅਪਰਾਧ ਖ਼ਿਲਾਫ਼ ਵੱਡੀ ਜਿੱਤ ਦੱਸਿਆ ਹੈ। ਇਹ ਗ੍ਰਿਫ਼ਤਾਰੀ ਬਿਸ਼ਨੋਈ ਗਿਰੋਹ ਲਈ ਵੱਡਾ ਝਟਕਾ ਮੰਨੀ ਜਾ ਰਹੀ ਹੈ, ਜੋ ਪੰਜਾਬ ਅਤੇ ਹਰਿਆਣਾ ਵਿੱਚ ਆਪਣੇ ਨੈੱਟਵਰਕ ਨੂੰ ਫੈਲਾ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਲੱਖੇ ਤੋਂ ਪੁੱਛਗਿੱਛ ਵਿੱਚ ਗਿਰੋਹ ਦੇ ਹੋਰ ਮੈਂਬਰਾਂ ਬਾਰੇ ਵੀ ਜਾਣਕਾਰੀ ਮਿਲੇਗੀ। ਇਸ ਨਾਲ ਪੰਜਾਬ-ਹਰਿਆਣਾ ਵਿੱਚ ਗੈਂਗ ਵਾਰ ਤੇ ਰੰਗਦਾਰੀ ਦੇ ਮਾਮਲਿਆਂ ਵਿੱਚ ਵਾਧੇ ਨੂੰ ਰੋਕਣ ਵਿੱਚ ਮਦਦ ਮਿਲੇਗੀ।

***

## ਕੈਲੀਫ਼ੋਰਨੀਆ ਹਾਦਸੇ ਤੇ ਜਸ਼ਨਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਬਾਅਦ...

ਇਸ ਸੰਬੰਧ ਵਿੱਚ ਪਦਮ ਭੂਸ਼ਣ ਪੁਰਸਕਾਰ ਜੇਤੂ, ਸਾਬਕਾ ਸੰਸਦ ਮੈਂਬਰ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਨੇ ਅਮਰੀਕਾ ਵਿੱਚ ਭਾਰਤੀ ਰਾਜਦੂਤ ਵਿਨੈ ਕੁਮਾਰ ਕਵਾਤਰਾ ਅਤੇ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੂੰ ਵੱਖ-ਵੱਖ ਪੱਤਰ ਲਿਖ ਕੇ ਸਿੱਖ ਡਰਾਈਵਰਾਂ ਦਾ ਸਮਰਥਨ ਕਰਨ ਦੀ ਬੇਨਤੀ ਕੀਤੀ ਹੈ। 24 ਅਕਤੂਬਰ, 2025 ਨੂੰ ਭਾਰਤੀ ਰਾਜਦੂਤ ਵਿਨੈ ਕੁਮਾਰ ਕਵਾਤਰਾ ਨੂੰ ਲਿਖੇ ਪੱਤਰ ਵਿੱਚ ਅਮਰੀਕਾ ਵਿੱਚ ਹੁੰਦੇ ਮੋਟਰ ਵਾਹਨ ਹਾਦਸਿਆਂ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਤੁਸੀਂ ਦੇਖਿਆ ਹੋਵੇਗਾ ਕਿ ਅਮਰੀਕਾ ਵਿੱਚ ਇੱਕ ਸਿੱਖ ਡਰਾਈਵਰ ਜਸ਼ਨਪ੍ਰੀਤ ਸਿੰਘ ਦੁਆਰਾ ਹਾਲ ਹੀ ਵਿਚ ਕੀਤੇ ਗਏ ਸੜਕ ਹਾਦਸੇ ਨੂੰ ਮੀਡੀਆ ਵਿੱਚ ਉਭਾਰਿਆ ਜਾ ਰਿਹਾ ਹੈ। ਇਹ ਬਹੁਤ ਦੁੱਖਦਾਈ ਹੈ ਕਿ ਉਸ ਦੀ ਗ਼ਲਤੀ ਨਾਲ 3 ਲੋਕਾਂ ਨੂੰ ਕੁਚਲ ਦਿੱਤਾ ਗਿਆ। ਇਸ ਤੋਂ ਪਹਿਲਾਂ ਅਗਸਤ ਵਿੱਚ ਇੱਕ ਹੋਰ ਸਿੱਖ ਡਰਾਈਵਰ ਹਰਜਿੰਦਰ ਸਿੰਘ ਨੂੰ ਪੁਲਿਸ ਨੇ ਗ਼ੈਰ-ਕਾਨੂੰਨੀ ਯੂ ਟਰਨ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ, ਜਿਸ ਕਾਰਨ 3 ਵਿਅਕਤੀਆਂ ਦੀ ਮੌਤ ਹੋ ਗਈ ਸੀ। ਅਸੀਂ ਸਾਰੇ ਜਾਣਦੇ ਹਾਂ ਕਿ ਸੜਕ ਹਾਦਸੇ ਦੁਨੀਆ ਭਰ ਵਿੱਚ ਆਮ ਹਨ। ਅਮਰੀਕਾ ਵਿੱਚ ਮੋਟਰ ਵਾਹਨ ਹਾਦਸਿਆਂ ਵਿੱਚ ਲਗਭਗ 40,000 ਲੋਕ ਮਾਰੇ ਜਾਂਦੇ ਹਨ, ਜਦੋਂਕਿ ਪੁਲਿਸ ਦੁਆਰਾ ਹਰ ਸਾਲ ਡਰਾਈਵਰਾਂ ਦੀ ਉਲੰਘਣਾ ਦੇ ਲਗਭਗ 60 ਲੱਖ ਮਾਮਲੇ ਦਰਜ ਕੀਤੇ ਜਾਂਦੇ ਹਨ। ਉਨ੍ਹਾਂ ਨੇ ਅਮਰੀਕਾ ਵਿੱਚ ਰਹਿੰਦੇ ਸਿੱਖ ਟਰੱਕ ਡਰਾਈਵਰਾਂ ਦਾ ਭਵਿੱਖ ਖ਼ਤਰੇ ਵਿੱਚ ਹੋਣ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਨਵੇਂ ਸਖ਼ਤ ਪਰਵਾਸੀ ਨਿਯਮਾਂ ਕਾਰਨ ਅਮਰੀਕਾ ਵਿੱਚ ਵੱਡੀ ਗਿਣਤੀ ਵਿਚ ਭਾਰਤੀ ਨੌਜਵਾਨਾਂ ਵਿੱਚ ਪਹਿਲਾਂ ਹੀ ਘਬਰਾਹਟ ਹੈ। ਇਹ ਡਰ ਹੈ ਕਿ ਇਨ੍ਹਾਂ ਦੋ ਸਿੱਖ ਡਰਾਈਵਰਾਂ ਦੀ ਗ਼ਲਤੀ ਕਾਰਨ ਅਮਰੀਕੀ ਸਰਕਾਰ ਹੋਰ ਸਾਰੇ ਸਿੱਖਾਂ ਨੂੰ ਤੰਗ ਨਾ ਕਰੇ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਉਨ੍ਹਾਂ ਵਿੱਚ ਵਿਸ਼ਵਾਸ ਬਹਾਲ ਕਰਨ ਲਈ ਉਨ੍ਹਾਂ ਦੀ ਮਦਦ ਕਰੋ। ਫਲੋਰੀਡਾ ਹਾਦਸੇ ਤੋਂ ਬਾਅਦ ਸਿੱਖ ਕੋਲੀਸ਼ਨ ਨੇ ਰਿਪੋਰਟ ਕੀਤੀ ਕਿ ਐਂਟੀ-ਸਿੱਖ ਹੇਟ ਕ੍ਰਾਈਮ ਵਿੱਚ ਵਾਧਾ ਹੋਇਆ ਹੈ। ਐੱਫ.ਬੀ.ਆਈ. ਦੇ ਅੰਕੜਿਆਂ ਅਨੁਸਾਰ, ਸਿੱਖ ਤੀਜੇ ਨੰਬਰ ਉੱਤੇ ਹਨ ਜਿਨ੍ਹਾਂ ਵਿਰੁੱਧ ਨਫ਼ਰਤ ਵਧੀ ਹੈ। ਕਿਹਾ ਜਾਂਦਾ ਹੈ ਕਿ ਅਮਰੀਕੀ ਟਰੱਕਿੰਗ ਵਿੱਚ ਡਰਾਈਵਰਾਂ ਦੀ ਕਮੀ 2026 ਤੱਕ 1 ਲੱਖ 74 ਹਜ਼ਾਰ ਹੋ ਜਾਵੇਗੀ ਅਤੇ ਪੰਜਾਬੀ ਡਰਾਈਵਰ ਇਸ ਨੂੰ ਭਰ ਰਹੇ ਹਨ। ਪਰ ਵੀਜ਼ਾ ਰੋਕ ਅਤੇ ਲਾਇਸੈਂਸ ਜਾਂਚਾਂ ਨੇ ਨਵੇਂ ਆਉਣ ਵਾਲਿਆਂ ਨੂੰ ਰੋਕ ਦਿੱਤਾ ਹੈ। ਡੀ.ਐੱਚ.ਐੱਸ. ਨੇ ਕਿਹਾ, 'ਆਈ.ਸੀ.ਈ. ਅਮਰੀਕੀ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਕੰਮ ਕਰ ਰਿਹਾ ਹੈ।' ਪਰ ਇਹ ਨੀਤੀਆਂ ਪੂਰੇ ਭਾਈਚਾਰੇ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਸਿੱਖ ਕੋਲੀਸ਼ਨ ਨੇ ਕਿਹਾ, 'ਹੇਟ ਨੂੰ ਨਾ ਵਧਾਓ, ਨਿਆਂ ਦਾ ਰਾਹ ਅਪਨਾਉ।' ਭਾਰਤੀ ਮੂਲ ਦੇ ਪਰਵਾਸੀ ਟਰੱਕ ਡਰਾਈਵਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਹੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਅਕਸਰ ਵਾਰ-ਵਾਰ ਰੋਕਿਆ ਜਾਂਦਾ ਹੈ, ਜਦਕਿ ਹੁਣ ਕਾਰਵਾਈ ਹੋਰ ਜ਼ਿਆਦਾ ਸਖ਼ਤ ਹੋ ਸਕਦੀ ਹੈ। ਪੰਜਾਬੀ ਟਰੱਕ ਡਰਾਈਵਰਾਂ ਨੂੰ ਆਪਣੇ ਆਪ ਨੂੰ ਸੁਧਾਰਨ ਦੀ ਲੋੜ ਹੈ। ਡਰਾਈਵਰ ਨਸ਼ੇ ਤੋਂ ਪ੍ਰਹੇਜ਼ ਕਰਨ। ਅਮਰੀਕਾ ਵਿੱਚ ਕਾਨੂੰਨੀ ਰਾਹਾਂ ਨੂੰ ਅਪਨਾਉਣ ਤੇ ਅੰਗਰੇਜ਼ੀ ਸਿਖਣ। ਵਧ ਰਹੇ ਨਸਲਵਾਦ ਵਿਰੁੱਧ ਭਾਰਤ ਸਰਕਾਰ ਨੂੰ ਵੀ ਦਖ਼ਲ ਦੇਣਾ ਚਾਹੀਦਾ ਹੈ।

*******

## ਫ਼ਰਾਂਸ ਉੱਪਰ ਭਾਰੀ ਕਰਜ਼ਾ:

ਇਸ ਸਾਲ ਜੂਨ ਵਿੱਚ ਬਰੋਅਿੰਗ 20.7 ਬਿਲੀਅਨ ਪਾਊਂਡ ਰਹੀ, ਜੋ ਪਿਛਲੇ ਸਾਲ ਤੋਂ ਵੱਧ ਹੈ। ਇਨਫ਼ਲੇਸ਼ਨ 3.8 ਫ਼ੀਸਦੀ 'ਤੇ ਰੁਕੀ ਹੋਈ ਹੈ ਅਤੇ ਵਿਕਾਸ ਧੀਮਾ ਹੈ। ਬ੍ਰੈਕਸਟ, ਕੋਵਿਡ ਅਤੇ ਊਰਜਾ ਸੰਕਟ ਨੇ ਯੂ.ਕੇ. ਨੂੰ ਪਿੱਛੇ 'ਤੇ ਰੱਖੀ ਹੈ, ਪਰ ਲੰਬੇ ਸਮੇਂ ਦੇ ਬੌਂਡਾਂ ਤੇ ਸੂਦ ਵਧ ਰਿਹਾ ਹੈ। ਆਫ਼ਿਸ ਫ਼ਾਰ ਬਜਟ ਰਿਸਪਾਂਸਿਬਿਲਟੀ (ਓ.ਬੀ.ਆਰ.) ਨੇ ਚਿਤਾਵਨੀ ਦਿੱਤੀ ਹੈ ਕਿ ਜਲਵਾਯੂ ਤਬਦੀਲੀ ਅਤੇ ਬਜ਼ੁਰਗ ਆਬਾਦੀ ਨਾਲ ਕਰਜ਼ਾ ਹੋਰ ਵਧੇਗਾ। ਯੂਕੇ ਨੂੰ ਵੀ ਟੈਕਸ ਵਧਾਉਣੇ ਪੈਣਗੇ ਜਾਂ ਖਰਚੇ ਕੱਟਣੇ ਪੈਣਗੇ, ਜੋ ਰਾਜਨੀਤਕ ਤੌਰ 'ਤੇ ਮੁਸ਼ਕਿਲ ਹੈ।

ਇਹ ਆਰਥਿਕ ਸੰਕਟ ਕਿਉਂ ਫ਼ੈਲਿਆ ?

ਮੁੱਖ ਕਾਰਨਾਂ ਵਿੱਚ ਕੋਵਿਡ-19 ਮਹਾਮਾਰੀ, ਰੂਸ-ਯੂਕਰੇਨ ਯੁੱਧ ਨਾਲ ਊਰਜਾ ਸੰਕਟ ਅਤੇ ਬ੍ਰੈਕਸਟ ਵਰਗੀਆਂ ਘਟਨਾਵਾਂ ਸ਼ਾਮਲ ਹਨ। ਇਨ੍ਹਾਂ ਨੇ ਸਰਕਾਰਾਂ ਨੂੰ ਵੱਡੇ ਖਰਚੇ ਕਰਨੇ ਪਏ ਹਨ, ਜਿਸ ਨਾਲ ਕਰਜ਼ਾ ਵਧ ਗਿਆ। ਫ਼ਿਰ ਇਨਫ਼ਲੇਸ਼ਨ ਵਧੀ ਅਤੇ ਬੈਂਕਾਂ ਨੇ ਸੂਦ ਦਰਾਂ ਵਧਾ ਦਿੱਤੀਆਂ। ਯੂਰਪ ਵਿੱਚ ਉਤਪਾਦਕਤਾ ਘੱਟ ਹੈ, ਬਜ਼ੁਰਗ ਆਬਾਦੀ ਵਧ ਰਹੀ ਹੈ, ਅਤੇ ਵਪਾਰਕ ਅਨਿਸ਼ਚਿਤਤਾ ਹੈ। ਅਮਰੀਕਾ ਵਿੱਚ ਟਰੰਪ ਦੀ ਵਾਪਸੀ ਨਾਲ ਟੈਰਿਫ਼ਾਂ ਦਾ ਡਰ ਵੀ ਵਧ ਰਿਹਾ ਹੈ, ਜੋ ਯੂਰਪੀਅਨ ਨਿਰਯਾਤ ਨੂੰ ਨੁਕਸਾਨ ਪਹੁੰਚਾਏਗਾ। ਇਹ ਸਾਰੇ ਕਾਰਨ ਇਕੱਠੇ ਹੋ ਕੇ ਸੰਕਟ ਨੂੰ ਫ਼ੈਲਾ ਰਹੇ ਹਨ।

ਕੀ ਕਹਿੰਦੀਆਂ ਯੂਰਪੀਅਨ ਅਖ਼ਬਾਰਾਂ ?

ਫ਼ਰਾਂਸੀਸੀ ਅਖ਼ਬਾਰ ਲੇ ਮਾਂਡੇ ਨੇ ਲਿਖਿਆ ਹੈ ਕਿ ਫ਼ਰਾਂਸ ਦਾ ਕਰਜ਼ਾ 4 ਟ੍ਰਿਲੀਅਨ ਡਾਲਰ ਨੂੰ ਛੂ ਰਿਹਾ ਹੈ, ਅਤੇ ਨਵੇਂ ਪ੍ਰਧਾਨ ਮੰਤਰੀ ਲੈਕੋਰਨੂ ਨੂੰ ਵੱਡਾ ਦਬਾਅ ਹੈ। ਉਹ ਕਹਿੰਦੇ ਹਨ ਕਿ ਬਜਟ ਵਿੱਚ ਕੱਟੌਤੀ ਤੋਂ ਬਿਨਾਂ ਕੋਈ ਰਾਹ ਨਹੀਂ, ਪਰ ਰਾਜਨੀਤਕ ਧੜੇ ਇਸ ਨੂੰ ਨਹੀਂ ਮੰਨ ਰਹੇ। ਜਰਮਨ ਅਖ਼ਬਾਰ ਡੇਅਰ ਸਪੀਗਲ ਨੇ ਚੇਤਾਵਨੀ ਦਿੱਤੀ ਹੈ ਕਿ ਫ਼ਰਾਂਸ ਦੀ ਰਾਜਨੀਤਕ ਅਸਥਿਰਤਾ ਯੂਰਪ ਨੂੰ ਨਵੇਂ ਕਰਜ਼ੇ ਸੰਕਟ ਵਿੱਚ ਧਕੇਲ ਸਕਦੀ ਹੈ। ਬ੍ਰਿਟਿਸ਼ ਅਖ਼ਬਾਰ 'ਦ ਗਾਰਡੀਅਨ' ਨੇ ਲਿਖਿਆ ਹੈ ਕਿ ਫ਼ਰਾਂਸ ਵਿੱਚ ਸੰਸਦੀ ਸੰਕਟ ਤੇ ਵਿਵਾਦ ਨਵੀਂ ਰਾਜਨੀਤਕ ਹਕੀਕਤ ਹੈ, ਅਤੇ ਇਹ ਪੰਜਵੇਂ ਗਣਤੰਤਰ ਲਈ ਖ਼ਤਰਨਾਕ ਹੈ।

ਫ਼ਰਾਂਸ ਵਿੱਚ ਧੁਰ ਦੱਖਣਪੰਥੀ ਧੜੇ ਦੇ ਨੇਤਾ ਮਾਰੀਨ ਲੇ ਪੈਨ ਅਤੇ ਜੋਸਫ਼ ਬਾਰਡੇਲਾ ਨੂੰ ਇਸ ਸੰਕਟ ਨਾਲ ਸਭ ਤੋਂ ਵੱਧ ਫ਼ਾਇਦਾ ਹੋ ਰਿਹਾ ਹੈ। ਉਹ ਲੋਕਾਂ ਨੂੰ ਕਹਿ ਰਹੇ ਹਨ ਕਿ ਮੈਕਰਾਂ ਦੀ ਨੀਤੀਆਂ ਨੇ ਫ਼ਰਾਂਸ ਨੂੰ ਬਰਬਾਦ ਕੀਤਾ ਹੈ, ਅਤੇ ਉਹਨਾਂ ਨੂੰ ਚੋਣਾਂ ਵਿੱਚ ਵੱਡੀ ਜਿੱਤ ਮਿਲੇਗੀ। ਇਹ ਧੜਾ ਯੂਰਪ ਵਿੱਚ ਵੀ ਮਜ਼ਬੂਤ ਹੋ ਰਿਹਾ ਹੈ, ਜੋ ਆਰਥਿਕ ਅਸਥਿਰਤਾ ਨੂੰ ਵਧਾਉਣ ਵਾਲਾ ਹੈ।

ਅੰਤ ਵਿੱਚ, ਫ਼ਰਾਂਸ ਅਤੇ ਯੂਰਪ ਨੂੰ ਇਸ ਸੰਕਟ ਤੋਂ ਨਿਕਲਣ ਲਈ ਵੱਡੇ ਬਦਲਾਅ ਚਾਹੀਦੇ ਹਨ। ਰਾਜਨੀਤਕ ਧੜਿਆਂ ਨੂੰ ਸਮਝੌਤਾ ਕਰਨਾ ਪਵੇਗਾ, ਅਤੇ ਯੂਰਪੀਅਨ ਯੂਨੀਅਨ ਨੂੰ ਵਧੇਰੇ ਮਜ਼ਬੂਤ ਨੀਤੀਆਂ ਬਣਾਉਣੀਆਂ ਪੈਣਗੀਆਂ। ਜੇ ਨਹੀਂ, ਤਾਂ ਇਹ ਸੰਕਟ ਹੋਰ ਗਹਿਰਾ ਹੋ ਜਾਵੇਗਾ, ਅਤੇ ਯੂਰੋ ਦੀ ਸਥਿਰਤਾ ਖ਼ਤਰੇ ਵਿੱਚ ਪੈ ਜਾਵੇਗੀ। ਫ਼ਰਾਂਸੀਸੀ ਲੋਕ ਥੱਕ ਗਏ ਹਨ, ਅਤੇ ਉਹ ਇੱਕ ਸਥਿਰ ਅਤੇ ਤੇਜ਼ ਵਿਕਾਸ ਵਾਲੀ ਅਰਥਵਿਵਸਥਾ ਚਾਹੁੰਦੇ ਹਨ। ਕੀ ਰਾਜਨੇਤਾ ਇਹ ਸਮਝਣਗੇ ? ਇਹ ਸਮਾਂ ਦੱਸੇਗਾ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home